ਅੰਗ ੭੯੫ = ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗੁ ਬਿਲਾਵਲ ਦਾ ਸੋਲ੍ਹਵਾਂ ਨੰਬਰ ਹੈ। ਰਾਗ ਮਾਲਾ ਅਨੁਸਾਰ ਇਹ ਭੈਰਉ ਦਾ ਪੁਤ੍ਰ ਹੈ = ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥ ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥ (੧੪੨੯)

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥ (੮੪੯)

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥ (੮੪੯)
ਬਿਲਾਵਲ ਕਰਿਹੁ ਤੁਮ੍ਹ ਪਿਆਰਿਹੋ ਏਕਸੁ ਸਿਉ ਲਿਵ ਲਾਇ ॥ (੮੪੯)

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ੴ = ਸਰਬ ਸ਼ਕਤੀਮਾਨ ਵੈਰਾਟ ਰੂਪ ਅਦੁਤੀ ਪ੍ਰਮਾਤਮਾ, ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ।
ਸਤਿ = ਸੱਚ ਰੂਪ ਪ੍ਰਮਾਤਮਾ, ਜੋ ਸਦੀਵੀ ਹੋਂਦ ਵਾਲਾ ਹੈ। ਨਾਮ = ਨਿਰੰਕਾਰ ਦੀ ਸਰਬ ਵਿਆਪਕ ਸ਼ਕਤੀ, ਜਿਸ ਰਾਹੀਂ ਉਸ ਨੇ ਸਮੁੱਚੀ ਰਚਨਾ ਨੂੰ ਅਪਣਾ ਆਸਰਾ ਦੇ ਕੇ ਟਿਕਾਇਆ ਹੋਇਆ ਹੈ। ਕਰਤਾ ਪੁਰਖੁ = ਸਾਰੀ ਸ੍ਰਿਸਟੀ ਦਾ ਰਚਨਹਾਰ ਸਰਬ ਵਿਆਪਕ ਪ੍ਰਮਾਤਮਾ। ਨਿਰਭਉ = ਡਰ ਰਹਿਤ। ਨਿਰਵੈਰੁ = ਵੈਰ ਰਹਿਤ। ਅਕਾਲ ਮੂਰਤਿ = ਕਾਲ ਤੋਂ ਰਹਿਤ ਹਸਤੀ। ਅਜੂਨੀ = ਜੋਨੀਆਂ ਵਿਚ ਨਾ ਆਉਣ ਵਾਲਾ। ਸੈਭੰ = ਅਪਣੇ ਆਪ ਤੋਂ ਪੈਦਾ ਹੋਣ ਵਾਲਾ (ਉਸ ਨੂੰ ਕਿਸੇ ਹੋਰ ਨੇ ਪੈਦਾ ਨਹੀਂ ਕੀਤਾ)। ਗੁਰ ਪ੍ਰਸਾਦਿ = ਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥ ਤੂ ਸੁਲਤਾਨੁ ਕਹਾ ਹਉ ਮੀਆ, ਤੇਰੀ ਕਵਨ ਵਡਾਈ ॥ ਜੋ ਤੂ ਦੇਹਿ ਸੁ ਕਹਾ ਸੁਆਮੀ, ਮੈ ਮੂਰਖ ਕਹਣੁ ਨ ਜਾਈ ॥੧॥ ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥੧॥ਰਹਾਉ॥ ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ, ਤੇਰੀ ਸਭ ਅਸਨਾਈ ॥ ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ, ਮੈ ਅੰਧੁਲੇ ਕਿਆ ਚਤੁਰਾਈ ॥੨॥ ਕਿਆ ਹਉ ਕਥੀ ਕਥੇ ਕਥਿ ਦੇਖਾ, ਮੈ ਅਕਥੁ ਨ ਕਥਨਾ ਜਾਈ ॥ ਜੋ ਤੁਧੁ ਭਾਵੈ ਸੋਈ ਆਖਾ, ਤਿਲੁ ਤੇਰੀ ਵਡਿਆਈ ॥੩॥ ਏਤੇ ਕੂਕਰ ਹਉ ਬੇਗਾਨਾ, ਭਉਕਾ ਇਸੁ ਤਨ ਤਾਈ ॥ ਭਗਤਿ ਹੀਣੁ ਨਾਨਕੁ ਜੇ ਹੋਇਗਾ, ਤਾ ਖਸਮੈ ਨਾਉ ਨ ਜਾਈ ॥੪॥੧॥ ਹੇ ਪ੍ਰਭੂ! ਤੂੰ ਤਾਂ (ਬਹੁਤ ਵੱਡਾ) ਸੁਲਤਾਨ ਹੈਂ, ਜੇ ਮੈਂ ਤੈਨੂੰ ਨਿਰਾ ਮੀਆਂ ਕਹਿ ਕੇ ਬੁਲਾਵਾਂ, ਤਾਂ ਇਸ ਵਿਚ ਤੇਰੀ ਕਿਹੜੀ ਵਡਿਆਈ ਹੈ? (ਜਿੰਨੀ ਮੈਂ ਤੇਰੀ ਵਡਿਆਈ ਕਰ ਸਕਦਾ ਹਾਂ, ਉਹ ਬਹੁਤ ਥੋੜੀ ਹੈ)। ਹੇ ਸੁਆਮੀ! ਤੂੰ ਜੋ (ਬੁੱਧੀ ਬੋਲਣ ਲਈ ਮੈਨੂੰ) ਦੇਂਦਾ ਹੈਂ, ਮੈਂ ਉਹ (ਬੋਲ ਹੀ) ਬੋਲਦਾ ਹਾਂ, ਮੈਂ ਮੂਰਖ ਤੋਂ (ਤੇਰੀ ਪੂਰਨ ਵਡਿਆਈ) ਬਿਆਨ ਨਹੀਂ ਕੀਤੀ ਜਾਂਦੀ।੧।(ਹੇ ਪ੍ਰਭੂ! ਤੂੰ ਮੈਨੂੰ ਅਜੇਹੀ) ਸਮਝ ਬਖਸ਼ ਦੇਹ, ਕਿ ਮੈਂ ਤੇਰੇ ਗੁਣ ਗਾਉਂਦਾ ਰਹਾਂ। ਅਤੇ ਹੇ ਹੁਕਮ ਕਰਨ ਵਾਲੇ ਪ੍ਰਭੂ! ਜਿਸ ਤਰ੍ਹਾਂ ਵੀ ਹੋਵੇ ਮੈਂ ਤੇਰੇ ਸੱਚ ਸਰੂਪ ਵਿਚ ਟਿਕਿਆ ਰਹਾਂ।੧।ਰਹਾਉ।(ਹੇ ਪ੍ਰਭੂ! ਇਹ ਸਾਰਾ ਪਸਾਰਾ) ਜੋ ਕੁਛ ਵੀ ਪੈਦਾ ਹੋਇਆ ਹੈ, ਸਭ ਕੁਛ ਤੇਰੇ ਤੋਂ ਹੀ ਪੈਦਾ ਹੋਇਆ ਹੈ, (ਇਸ ਕਰਕੇ) ਸਭ ਨਾਲ ਤੇਰੀ ਦੋਸਤੀ ਹੈ; ਸਭ ਤੇਰੀ ਵਾਕਫੀ ਹੈ (ਤੂੰ ਸਭ ਕੁਛ ਜਾਣਦਾ ਹੈਂ)। ਹੇ ਮੇਰੇ ਮਾਲਕ! ਮੈਂ ਤੇਰਾ ਅੰਤ ਨਹੀਂ ਜਾਣ ਸਕਦਾ, ਮੈਂ ਅੰਨ੍ਹੇ (ਅਗਿਆਨੀ) ਦੀ ਕੀ ਸਿਆਣਪ ਹੈ? (ਕਿ ਤੇਰੀ ਕੁਦਰਤ ਨੂੰ ਸਮਝ ਸਕਾਂ)।੨। ਮੈਂ ਤੇਰੀ ਵਡਿਆਈ ਕੀ ਆਖਾਂ? ਜਦ ਮੈਂ ਆਖ ਆਖ ਕੇ ਦੇਖਦਾ ਹਾਂ, ਕਿ ਤੂੰ ਅਕੱਥ ਹੈਂ, ਮੈਥੋਂ ਆਖਿਆ ਨਹੀਂ ਜਾਂਦਾ।(ਇਸ ਲਈ) ਜੋ ਤੈਨੂੰ ਭਾਉਂਦਾ ਹੈ, ਮੈਂ ਉਹ ਹੀ (ਤੇਰੀ ਵਡਿਆਈ) ਆਖਦਾ ਹਾਂ, (ਪਰ ਤੇਰੀ ਇਹ) ਵਡਿਆਈ ਤਿਲ ਭਰ ਹੀ ਹੈ।੩। ਏਨੇ ਕੁੱਤੇ (ਬਹੁਤ ਸਾਰੇ ਨਿਮਾਣੇ ਗੁਣਹੀਣ ਮਨੁੱਖ) ਹਨ, ਮੈਂ ਉਨ੍ਹਾਂ ਵਿਚੋਂ ਇਕ ਓਪਰਾ ਜਿਹਾ ਕੁੱਤਾ ਹਾਂ ਅਤੇ ਮੈਂ ਇਸ ਸਰੀਰ (ਦੀ ਕੁੱਤਿਆਂ ਤੋਂ ਰੱਖਿਆ) ਵਾਸਤੇ ਭੌਂਕਦਾ (ਤੇਰੇ ਅੱਗੇ ਪੁਕਾਰ ਕਰਦਾ) ਹਾਂ।(ਪਰ ਹੇ ਪ੍ਰਭੂ! ਮੈਨੂੰ ਇਹ ਹੌਸਲਾ ਹੈ ਕਿ ਤੇਰਾ ਦਾਸ) ਨਾਨਕ ਜੇ ਭਗਤੀ ਤੋਂ ਹੀਣਾ ਵੀ ਹੋਵੇਗਾ, ਤਾਂ ਤੈਂ ਮਾਲਕ ਦਾ ਨਾਮ (ਜੋ ਮੇਰੇ ਨਾਲ ਜੁੜਿਆ ਹੋਇਆ ਹੈ ਕਿ ਨਾਨਕ ਪ੍ਰਮੇਸਰ ਦਾ ਭਗਤ ਹੈ, ਉਹ ਨਾਮ) ਨਿਹਫਲ ਨਹੀਂ ਜਾ ਸਕਦਾ (ਤੂੰ ਬਖਸ਼ਣਹਾਰ ਦਾਤਾ ਹੈ ਅਤੇ ਮੈਂ ਤੇਰਾ ਕੁੱਤਾ ਹਾਂ)।੪।੧।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ। ਸੁਲਤਾਨ–ਸ਼ਹਿਨਸ਼ਾਹ। ਕਹਾ ਹਉ–ਜੇ ਮੈਂ ਆਖਾਂ। ਮੀਆ–ਸਰਦਾਰ; ਚਉਧਰੀ। ਕਵਨ–ਕਿਹੜੀ। ਵਡਾਈ–ਵਡਿਆਈ। ਦੇਹਿ–ਦੇਂਦਾ ਹੈਂ। ਸੁ–ਉਹ। ਕਹਾ–ਕਹਿੰਦਾ ਹਾਂ। ਸੁਆਮੀ–ਹੇ ਮਾਲਕ ਪ੍ਰਭੂ!।੧। ਗਾਵਾ–ਮੈਂ ਗਾਵਾਂ। ਦੇਹਿ ਬੁਝਾਈ–ਸਮਝ ਬਖਸ਼ ਦੇਹ। ਸਚ ਮਹਿ–ਸੱਚੇ ਪ੍ਰਭੂ ਵਿਚ। ਰਜਾਈ–ਰੱਜਿਆ ਹੋਇਆ; ਅਨੰਦ; ਸੰਤੁਸ਼ਟ (ਮ.ਕੋ); ਹੇ

ਹੁਕਮ ਕਰਨ ਵਾਲੇ ਪ੍ਰਭੂ!।੧।ਰਹਾਉ।ਹੋਆ-ਪੈਦਾ ਹੋਇਆ ਹੈ।ਤੁਝ ਤੇ-ਤੇਰੇ ਤੋਂ।ਅਸਨਾਈ (ਫਾ.)-ਮਿਤ੍ਰਤਾ; ਵਾਕਫੀ।ਸਾਹਿਬਾ -ਹੇ ਮਾਲਕ!।ਅੰਧੁਲੇ-ਅੰਨ੍ਹੇ (ਅਗਿਆਨੀ) ਦੀ।ਚਤੁਰਾਈ-ਸਿਆਣਪ; ਅਕਲ।੨।ਕਥੀ-ਮੈਂ ਆਖਾਂ।ਕਥੇ ਕਥਿ-ਆਖ ਆਖ ਕੇ ।ਦੇਖਾ-ਮੈਂ ਦੇਖਦਾ ਹਾਂ।ਅਕਥੁ-ਜਿਸ ਪ੍ਰਭੂ ਦੇ ਪੂਰਨ ਗੁਣ ਨਹੀਂ ਆਖੇ ਜਾ ਸਕਦੇ।ਨ ਕਥਨਾ ਜਾਈ-ਆਖਿਆ ਨਹੀਂ ਜਾਂਦਾ।ਤੁਧੁ- ਤੈਨੂੰ।ਭਾਵੈ-ਚੰਗਾ ਲਗਦਾ ਹੈ।ਸੋਈ-ਉਹ ਹੀ।ਤਿਲੁ-ਤਿਲ ਦੇ ਦਾਣੇ ਜਿੰਨੀ (ਬਹੁਤ ਥੋੜੀ)।੩।ਏਤੇ-ਏਨੇ (ਅਨੇਕਾਂ)।ਕੂਕਰ- ਕੁੱਤੇ-(ਕਾਮਾਦਿਕ; ਨਿਮਾਣੇ ਤੇ ਗੁਣਹੀਣ ਮਨੁੱਖ)।ਬੇਗਾਨਾ-ਓਪਰਾ।ਭਉਕਾ-ਭੌਂਕਦਾ ਹਾਂ।ਤਨੁ-ਸਰੀਰ।ਤਾਈ-ਵਾਸਤੇ।ਹੀਣੁ- ਖਾਲੀ; ਬਿਨਾ।ਤਾ-ਤਾਂ।ਖਸਮੈ-ਮਾਲਕ ਪ੍ਰਭੂ ਦਾ।ਨ ਜਾਈ-ਨਹੀਂ ਜਾ ਸਕਦਾ।੪।੧।

ਬਿਲਾਵਲੁ ਮਹਲਾ ੧ ॥ ਮਨੁ ਮੰਦਰੁ ਤਨੁ ਵੇਸ ਕਲੰਦਰੁ ,ਘਟ ਹੀ ਤੀਰਥਿ ਨਾਵਾ ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ, ਬਾਹੁੜਿ ਜਨਮਿ ਨ ਆਵਾ ॥੧॥ ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਹੀ ਚਿੰਤ ਪਰਾਈ ॥੧॥ਰਹਾਉ॥ ਅਗਮ ਅਗੋਚਰ ਅਲਖ ਅਪਾਰਾ, ਚਿੰਤਾ ਕਰਹੁ ਹਮਾਰੀ ॥ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ, ਘਟਿ ਘਟਿ ਜੋਤਿ ਤੁਮ੍ਾਰੀ ॥੨॥ ਸਿਖ ਮਤਿ ਸਭ ਬੁਧਿ ਤੁਮ੍ਾਰੀ, ਮੰਦਿਰ ਛਾਵਾ ਤੇਰੇ ॥ ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ, ਗੁਣ ਗਾਵਾ ਨਿਤ ਤੇਰੇ ॥੩॥ ਜੀਅ ਜੰਤ ਸਭਿ ਸਰਣਿ ਤੁਮ੍ਾਰੀ, ਸਰਬ ਚਿੰਤ ਤੁਧੁ ਪਾਸੇ ॥ ਜੋ ਤੁਧੁ ਭਾਵੈ ਸੋਈ ਚੰਗਾ, ਇਕ ਨਾਨਕ ਕੀ ਅਰਦਾਸੇ ॥੪॥੨॥ (ਮੈਂ ਅਪਣੇ) ਮਨ ਨੂੰ ਮੰਦਰ ਬਣਾਇਆ ਹੈ ਅਤੇ ਸਰੀਰ ਨੂੰ ਫਕੀਰੀ ਭੇਸ ਵਾਲਾ ਬਣਾਇਆ ਹੈ (ਦੁਨਿਆਵੀ ਐਸ਼ੋ ਇਸ਼ਰਤ ਤੇ ਜੀਭ ਦੇ ਚਸਕੇ ਛਡ ਦਿਤੇ ਹਨ), ਮੈਂ ਅਪਣੇ ਹਿਰਦੇ ਰੂਪ ਤੀਰਥ ਤੇ ਇਸ਼ਨਾਨ ਕਰਦਾ ਹਾਂ।ਇਕ ਪ੍ਰਭੂ ਦਾ ਨਾਮ ਮੇਰੇ ਪ੍ਰਾਣਾਂ ਵਿਚ ਵਸਦਾ ਹੈ, (ਇਸ ਲਈ ਨਾਮ ਦੀ ਬਰਕਤ ਕਰਕੇ) ਮੈਂ ਮੁੜ ਕੇ ਜਨਮ ਵਿਚ ਨਹੀਂ ਆਵਾਂਗਾ।੧।ਹੇ ਮੇਰੀ ਮਾਈ! ਮੇਰਾ ਮਨ ਦਇਆ ਦੇ ਘਰ ਪ੍ਰਭੂ ਨਾਲ ਵਿੰਨ੍ਹਿਆ ਹੋਇਆ (ਪ੍ਰੇਮ ਵਸ ਹੋ ਗਿਆ) ਹੈ।ਦੂਜਿਆਂ ਦੀ ਪੀੜ ਨੂੰ ਕੌਣ ਜਾਣਦਾ ਹੈ? (ਮੇਰੇ ਪ੍ਰੇਮ ਦੇ ਦਰਦ ਨੂੰ ਕੋਈ ਨਹੀਂ ਜਾਣਦਾ)।ਮੈਂ ਵੀ (ਪ੍ਰਭੂ ਤੋਂ ਬਿਨਾ) ਹੋਰ ਕਿਸੇ ਦੂਜੇ ਦੀ ਚਿੰਤਾ ਨਹੀਂ ਕਰਦਾ।੧।ਰਹਾਉ।ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ! ,ਹੇ ਇੰਦ੍ਰੀਆਂ ਦੀ ਪਹੁੰਚ ਤੋਂ ਬਾਹਰ! ਹੇ ਸਮਝ ਵਿਚ ਨਾ ਆਉਣ ਵਾਲੇ! ਹੇ ਬੇਅੰਤ ਹਰੀ! ਤੂੰ ਸਾਡੀ (ਸਭ ਦੀ) ਚਿੰਤਾ ਕਰਦਾ ਹੈਂ।ਤੂੰ ਪਾਣੀ ਵਿਚ, ਸੁੱਕੀ ਧਰਤੀ ਵਿਚ ਅਤੇ ਧਰਤੀ ਤੇ ਅਕਾਸ਼ ਵਿਚਕਾਰ ਸਭ ਥਾਂ ਨੱਕੋ ਨੱਕ ਸਮਾ ਰਿਹਾ ਹੈਂ ਅਤੇ ਹਰੇਕ ਜੀਵ ਦੇ ਹਿਰਦੇ ਵਿਚ ਤੇਰੀ ਜੋਤ ਹੈ।੨।(ਹੇ ਪ੍ਰਭੂ! ਜੀਵਾਂ ਦੇ ਅੰਦਰ ਜੋ ਉਤਮ) ਸਿੱਖਿਆ, ਅਕਲ ਤੇ ਬੁੱਧੀ ਹੈ, (ਉਹ) ਸਭ ਤੇਰੀ ਦਾਤ ਹੈ ਅਤੇ (ਸਾਰੇ ਜੀਵਾਂ ਦੇ) ਸਰੀਰ ਰੂਪ ਘਰ ਤੇਰੇ ਆਸਰੇ ਤੇ ਹੀ ਹਨ; ਤੇਰੇ ਰਚੇ ਹੋਏ ਹਨ।ਹੇ ਮੇਰੇ ਸਾਹਿਬ! ਮੈਂ ਤੇਰੇ ਬਿਨਾ ਕਿਸੇ ਹੋਰ ਨੂੰ ਨਹੀਂ ਜਾਣਦਾ ਅਤੇ ਮੈਂ ਨਿਤ ਤੇਰੇ ਗੁਣ ਗਾਉਂਦਾ ਹਾਂ।੩।(ਹੇ ਪ੍ਰਭੂ!) ਸਾਰੇ ਜੀਵ ਜੰਤ ਤੇਰੀ ਸ਼ਰਣ ਵਿਚ ਹਨ ਅਤੇ ਸਾਰਿਆਂ ਦੀ ਚਿੰਤਾ ਤੇਰੇ ਪਾਸ (ਤੈਨੂੰ ਸਭ ਦੇ ਪਾਲਣ ਪੋਸਣ ਦਾ ਫਿਕਰ) ਹੈ।ਨਾਨਕ ਦੀ ਇਕ ਅਰਦਾਸ ਹੈ ਕਿ ਜੋ ਤੈਨੂੰ ਭਾਉਂਦਾ ਹੈ, ਮੈਨੂੰ ਉਹ ਹੀ ਚੰਗਾ ਲੱਗੇ।੪।੨।

ਪਦਾਰਥ = ਮੰਦਰੁ-ਘਰ; ਧਰਮ ਅਸਥਾਨ।ਤਨੁ-ਸਰੀਰ।ਕਲੰਦਰੁ-ਮਸਤ ਤੇ ਬੇਪ੍ਰਵਾਹ ਫਕੀਰ।ਘਟ ਹੀ-ਹਿਰਦੇ ਵਿਚ ਹੀ। ਤੀਰਥਿ-ਤੀਰਥ ਉਤੇ।ਨਾਵਾ-ਮੈਂ ਨ੍ਹਾਉਂਦਾ ਹਾਂ।ਏਕੁ ਸਬਦੁ-ਇਕ ਪ੍ਰਭੂ ਦਾ ਨਾਮ।ਪ੍ਰਾਨਿ-ਸੁਆਸਾਂ ਵਿਚ।ਬਸਤੁ ਹੈ-ਵਸਦਾ ਹੈ। ਬਾਹੁੜਿ-ਮੁੜ ਕੇ।ਨ ਆਵਾ-ਨਹੀਂ ਆਵਾਂਗਾ।੧।ਬੇਧਿਆ-ਵਿਨ੍ਹਿਆ ਹੋਇਆ (ਪ੍ਰੇਮ ਵਸ ਹੋ ਗਿਆ)।ਸੇਤੀ-ਨਾਲ।ਮਾਈ-ਹੇ ਮਾਈ (ਭਾਈ)!।ਪੀਰ-ਪੀੜ।ਪਰਾਈ-ਦੂਜਿਆਂ ਦੀ।ਹਮ-ਮੈਂ।੧।ਰਹਾਉ।ਅਗਮ-ਮਨ ਬਾਣੀ ਦੀ ਪਹਹੁੰਚ ਤੋਂ ਪਰੇ।ਅਗੋਚਰ- ਇੰਦ੍ਰੀਆਂ ਦੀ ਪਹੁੰਚ ਤੋਂ ਬਾਹਰ।ਅਲਖ (ਅਲੱਖ ਬੋਲੋ)-ਮਨੁੱਖੀ ਸਮਝ ਵਿਚ ਨਾ ਆਉਣ ਵਾਲਾ।ਅਪਾਰਾ-ਬੇਅੰਤ।ਕਰਹੁ-ਕਰਦਾ ਹੈਂ।ਹਮਾਰੀ-ਸਾਡੀ।ਜਲਿ-ਪਾਣੀ ਵਿਚ।ਥਲਿ-ਸੁੱਕੀ ਧਰਤੀ ਵਿਚ।ਮਹੀਅਲਿ-ਧਰਤੀ ਤੇ ਅਕਾਸ਼ ਵਿਚਕਾਰ ਪੁਲਾੜ ਵਿਚ।ਲੀਣਾ- ਸਮਾ ਰਿਹਾ ਹੈਂ।ਭਰਿਪੁਰਿ-ਪੂਰੀ ਤਰ੍ਹਾਂ (ਨੱਕੋ ਨੱਕ)।ਘਟਿ ਘਟਿ-ਹਰੇਕ ਜੀਵ ਦੇ ਹਿਰਦੇ ਵਿਚ।ਤੁਮ੍ਾਰੀ-ਤੇਰੀ।੨।ਸਿਖ-ਸਿੱਖਿਆ ।ਮਤਿ-ਅਕਲ।ਮੰਦਿਰ-ਸਰੀਰ ਰੂਪ ਮੰਦਰ।ਛਾਵਾ-ਆਸਰਾ; ਰਚੇ ਹੋਏ ਹਨ।ਅਵਰੁ-ਹੋਰ ਨੂੰ।ਨ ਜਾਣਾ-ਨਹੀਂ ਜਾਣਦਾ।ਸਾਹਿਬਾ -ਹੇ ਮਾਲਕ ਪ੍ਰਭੂ!।ਗਾਵਾ-ਗਾਉਂਦਾ ਹਾਂ।ਨਿਤ-ਹਰ ਰੋਜ।੩।ਜੀਅ ਜੰਤ-ਛੋਟੇ ਵੱਡੇ ਜੀਵ ਜੰਤ।ਸਰਬ-ਸਭ ਦੀ।ਚਿੰਤ-ਚਿੰਤਾ। ਤੁਧੁ ਪਾਸੇ-ਤੇਰੇ ਪਾਸ।ਭਾਵੈ-ਭਾਉਂਦਾ ਹੈ।ਸੋਈ-ਉਹ ਹੀ।ਅਰਦਾਸੇ-ਅਰਦਾਸ (ਬੇਨਤੀ)।੪।੨।

ਬਿਲਾਵਲੁ ਮਹਲਾ ੧ ॥ ਆਪੇ ਸਬਦੁ ਆਪੇ ਨੀਸਾਨੁ ॥ ਆਪੇ ਸੁਰਤਾ ਆਪੇ ਜਾਨੁ ॥ ਆਪੇ ਕਰਿ ਕਰਿ ਵੇਖੈ ਤਾਣੁ ॥ ਤੂ ਦਾਤਾ ਨਾਮੁ ਪਰਵਾਣੁ ॥੧॥ (ਹੇ ਭਾਈ!) ਪ੍ਰਭੂ ਆਪ ਹੀ ਸ਼ਬਦ ਰੂਪ ਹੈ ਅਤੇ ਆਪ ਹੀ (ਸ਼ਬਦ ਨੂੰ) ਲਿਖਣ ਵਾਲਾ ਹੈ।ਆਪ ਹੀ (ਸ਼ਬਦ

ਨੂੰ) ਸੁਣਨ ਵਾਲਾ ਹੈ ਅਤੇ ਆਪ ਹੀ (ਸ਼ਬਦ ਦੇ ਭਾਵ ਨੂੰ) ਜਾਨਣ ਵਾਲਾ ਹੈ।ਆਪ ਹੀ ਸ਼ਕਤੀ ਰੂਪ ਹੈ, (ਜਿਸ ਨਾਲ ਉਹ) ਸ੍ਰਿਸਟੀ ਸਾਜ ਕੇ ਉਸ ਦੀ ਦੇਖ ਭਾਲ ਕਰਦਾ ਹੈ।ਹੇ ਪ੍ਰਭੂ ! ਤੂੰ (ਸਭ ਦਾ) ਦਾਤਾ ਹੈਂ ਅਤੇ ਤੇਰਾ ਨਾਮ ਹੀ ਪ੍ਰਮਾਣਿਕ ਦਾਤ ਹੈ।੧।

ਅੰਗ ੭੯੬ = ਐਸਾ ਨਾਮੁ ਨਿਰੰਜਨ ਦੇਉ ॥ ਹਉ ਜਾਚਕੁ ਤੂ ਅਲਖ ਅਭੇਉ ॥੧॥ਰਹਾਉ॥ ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥ ਰਾਜੁ ਰੂਪੁ ਝੂਠਾ ਦਿਨ ਚਾਰਿ ॥ ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥ ਚਖਿ ਛੋਡੀ ਸਹਸਾ ਨਹੀ ਕੋਇ ॥ ਬਾਪੁ ਦਿਸੈ ਵੇਜਾਤਿ ਨ ਹੋਇ ॥ ਏਕੇ ਕਉ ਨਾਹੀ ਭਉ ਕੋਇ ॥ ਕਰਤਾ ਕਰੇ ਕਰਾਵੈ ਸੋਇ ॥੩॥ ਸਬਦਿ ਮੁਏ ਮਨੁ ਮਨ 'ਤੇ ਮਾਰਿਆ ॥ ਠਾਕਿ ਰਹੇ ਮਨੁ ਸਾਚੈ ਧਾਰਿਆ ॥ ਅਵਰੁ ਨ ਸੂਝੈ ਗੁਰ ਕਉ ਵਾਰਿਆ ॥ ਨਾਨਕ ਨਾਮਿ ਰਤੇ ਨਿਸਤਾਰਿਆ ॥੪॥੩ ॥ ਹੇ ਮਾਇਆ ਤੋਂ ਰਹਿਤ ਪ੍ਰਕਾਸ਼ ਰੂਪ ਪ੍ਰਭੂ ! ਤੇਰਾ ਨਾਮ ਵੀ ਐਸਾ ਹੈ, ਜੈਸਾ ਤੂੰ ਆਪ ਹੈਂ (ਤੂੰ ਪ੍ਰਕਾਸ਼ ਦੇ ਕੇ ਮਾਇਆ ਦੇ ਅਸਰ ਤੋਂ ਬਚਾਉਂਦਾ ਹੈਂ)।ਮੈਂ ਤੇਰਾ ਮੰਗਤਾ ਹਾਂ (ਨਾਮ ਦੀ ਦਾਤ ਮੰਗਦਾ ਹਾਂ) ਤੇ ਤੂੰ ਮਨੁੱਖੀ ਸਮਝ ਤੋਂ ਪਰੇ ਹੈਂ, ਤੇਰਾ ਭੇਦ ਨਹੀਂ ਪਾਇਆ ਜਾ ਸਕਦਾ।੧।ਰਹਾਉ।(ਹੇ ਭਾਈ!) ਮਾਇਆ ਦਾ ਮੋਹ ਇਕ ਵਿਭਚਾਰਣ ਇਸਤ੍ਰੀ ਦੇ ਮੋਹ ਵਾਂਗ ਹੈ।(ਮਾਇਆ ਦਾ ਮੋਹ) ਇਕ ਭੈੜੀ ਬਦਸੂਰਤ ਤੇ ਟੂਣੇ ਕਰਨ ਵਾਲੀ ਇਸਤ੍ਰੀ ਦੇ ਮੋਹ ਵਾਂਗ ਹੈ (ਮਾਇਆ ਦਾ ਮੋਹ ਜਾਦੂ ਟੂਣੇ ਵਾਂਗ ਹੈ, ਜੋ ਸਭ ਨੂੰ ਅਪਣੇ ਵਸ ਵਿਚ ਕਰ ਲੈਂਦਾ ਹੈ)।ਰਾਜ ਤੇ ਰੂਪ ਝੂਠੇ (ਨਾਸ਼ਵੰਤ) ਹਨ ਅਤੇ ਥੋੜਾ ਚਿਰ ਰਹਿਣ ਵਾਲੇ ਹਨ।(ਪਰ ਜੇ) ਪ੍ਰਭੂ ਦਾ ਨਾਮ ਮਿਲ ਜਾਵੇ, ਤਾਂ ਮਾਇਆ ਦੇ ਹਨ੍ਹੇਰੇ ਵਿਚ ਵੀ ਗਿਆਨ ਦਾ ਚਾਨਣ ਹੋ ਜਾਂਦਾ ਹੈ।੨।(ਜਿਸ ਮਨੁੱਖ ਨੇ ਮਾਇਆ ਦੇ ਸੁਆਦ) ਚਖ ਕੇ ਛਡ ਦਿਤੇ ਹਨ, (ਉਸ ਨੂੰ ਇਸ ਦੀ ਅਸਲੀਅਤ ਬਾਰੇ ਹੁਣ) ਕੋਈ ਸ਼ੱਕ ਨਹੀਂ ਰਿਹਾ।(ਜਿਸ ਦਾ) ਪਿਤਾ ਪ੍ਰਤੱਖ ਦਿਸਦਾ ਹੋਵੇ, ਉਹ ਕਮਜਾਤ (ਹਰਾਮੀ) ਨਹੀਂ ਹੁੰਦਾ (ਜਿਸ ਮਨੁੱਖ ਨੇ ਮਾਇਆ ਨੂੰ ਛਡ ਕੇ ਪ੍ਰਭੂ ਨੂੰ ਅਪਣਾ ਪਿਤਾ ਸਮਝ ਲਿਆ ਹੈ, ਉਹ ਪ੍ਰਭੂ ਦੀ ਜਾਤ ਦਾ ਹੋ ਗਿਆ ਹਾਂ, ਉਸ ਦੀਆਂ ਵਡਿਆਈਆਂ ਦਾ ਵਾਰਸ ਬਣ ਗਿਆ ਹੈ)।ਇਕ ਹਰੀ ਦੇ ਹੋ ਜਾਣ ਵਾਲੇ ਮਨੁੱਖ ਨੂੰ ਕੋਈ ਡਰ ਨਹੀਂ ਰਹਿੰਦਾ।(ਕਿਉਂਕਿ ਉਹ ਜਾਣਦਾ ਹੈ ਕਿ) ਕਰਤਾਰ ਹੀ ਸਭ ਕੁਛ ਕਰਦਾ ਹੈ ਅਤੇ (ਜੀਵਾਂ ਪਾਸੋਂ) ਕਰਾਉਂਦਾ ਹੈ।੩।(ਜੋ ਮਨੁੱਖ) ਸ਼ਬਦ ਵਿਚ ਜੁੜ ਕੇ ਆਪਾ ਭਾਵ ਤੋਂ ਮਰ ਗਏ ਹਨ, (ਉਨ੍ਹਾਂ ਨੇ ਭੈੜੇ) ਮਨ ਨੂੰ ਮਨ ਤੋਂ ਹੀ ਮਾਰਿਆ ਹੈ (ਮਨ ਨੂੰ ਜਿੱਤਿਆ ਹੈ)।ਅਤੇ ਮਨ ਨੂੰ ਮਾਇਆ ਵੱਲੋਂ ਰੋਕ ਕੇ ਰੱਖਿਆ ਹੈ ਤੇ ਮਨ ਨੂੰ ਸੱਚੇ ਹਰੀ ਵਿਚ ਟਿਕਾਇਆ ਹੈ।(ਉਹ) ਗੁਰੂ ਤੋਂ ਸਦਕੇ ਜਾਂਦੇ ਹਨ, (ਉਨ੍ਹਾਂ ਨੂੰ ਗੁਰੂ ਤੋਂ ਬਿਨਾ) ਹੋਰ ਕੋਈ ਐਸਾ ਨਹੀਂ ਸੁੱਝਦਾ (ਜੋ ਮਨ ਦੇ ਜਿੱਤਣ ਵਿਚ ਸਹਾਈ ਹੋਵੇ)।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਨਾਮ ਵਿਚ ਰੰਗੇ ਹੋਏ ਮਨੁੱਖਾਂ ਨੂੰ ਗੁਰੂ ਭਵਜਲ ਤੋਂ ਤਾਰ ਦਿੰਦਾ ਹੈ।੪।੩।

ਪਦਾਰਥ = ਨੀਸਾਨੁ-ਲਿਖਤ; ਪ੍ਰਵਾਨਾ।ਸੁਰਤਾ-ਸੁਣਨ ਵਾਲਾ।ਜਾਨੁ-ਜਾਨਣ ਵਾਲਾ।ਕਰਿ ਕਰਿ-ਸ੍ਰਿਸਟੀ ਪੈਦਾ ਕਰਕੇ।ਵੇਖੈ-ਦੇਖ ਭਾਲ ਕਰਦਾ ਹੈ।ਤਾਣੁ-ਤਾਕਤ।ਪਰਵਾਣੁ-ਪ੍ਰਮਾਣਿਕ।੧।ਐਸਾ-ਇਹੋ ਜਿਹਾ।ਨਿਰੰਜਨ-ਮਾਇਆ ਤੋਂ ਰਹਿਤ।ਦੇਉ-ਪ੍ਰਕਾਸ਼ ਰੂਪ। ਹਉ-ਮੈਂ।ਜਾਚਕੁ-ਮੰਗਤਾ।ਅਲਖ (ਅਲੱਖ ਪੜ੍ਹੋ)-ਮਨੁੱਖੀ ਸਮਝ ਤੋਂ ਪਰੇ।ਅਭੇਉ-ਜਿਸ ਦਾ ਭੇਦ ਨਾ ਪਾਇਆ ਜਾਵੇ।੧।ਰਹਾਉ ।ਧਰਕਟੀ ਨਾਰਿ-ਵਿਭਚਾਰਣ ਇਸਤ੍ਰੀ।ਭੂੰਡੀ-ਭੈੜੀ।ਕਾਮਣਿ-ਇਸਤ੍ਰੀ।ਕਾਮਣਿਆਰਿ-ਟੂਣੇ ਕਰਨ ਵਾਲੀ।ਰਾਜੁ-ਹਕੂਮਤ।ਰੂਪ-ਸੁੰਦਰਤਾ।ਦਿਨ ਚਾਰਿ-ਥੋੜੇ ਦਿਨ ਰਹਿਣ ਵਾਲਾ।ਅੰਧਿਆਰਿ-ਹਨ੍ਹੇਰੇ ਵਿਚ।੨।ਚਖਿ-ਚਖ (ਪਰਖ) ਕੇ।ਸਹਸਾ-ਸ਼ੱਕ; ਭਰਮ। ਬਾਪੁ-ਪਿਤਾ।ਦਿਸੈ-(ਪ੍ਰਤੱਖ) ਦਿਸਦਾ ਹੈ।ਵੇਜਾਤਿ-ਜਾਤ ਰਹਿਤ (ਨੀਵੀਂ ਜਾਤ ਦਾ); ਹਰਾਮ ਦਾ।ਏਕੇ ਕਉ-ਇਕ ਪ੍ਰਭੂ ਦਾ ਬਣ ਜਾਣ ਵਾਲੇ ਨੂੰ।ਭਉ-ਡਰ।ਕਰਤਾ-ਕਰਤਾਰ।ਕਰੈ-ਕਰਦਾ ਹੈ।ਕਰਾਵੈ-(ਜੀਵਾਂ ਪਾਸੋਂ) ਕਰਾਉਂਦਾ ਹੈ।੩।ਸਬਦਿ-ਸ਼ਬਦ ਵਿਚ ਜੁੜ ਕੇ।ਮੁਏ-ਆਪਾ ਭਾਵ ਤੋਂ ਮਰੇ ਹਨ।ਮਨ ਤੇ-ਮਨ ਤੋਂ।ਠਾਕਿ ਰਹੇ-ਰੋਕ ਕੇ ਰਖਦੇ ਹਨ।ਸਾਚੈ ਧਾਰਿਆ-ਸੱਚੇ ਹਰੀ ਵਿਚ ਟਿਕਾਇਆ।ਅਵਰੁ-ਹੋਰ।ਵਾਰਿਆ-ਸਦਕੇ ਜਾਂਦੇ ਹਨ।ਰਤੇ-ਰੰਗੇ ਹੋਏ ਹਨ।ਨਿਸਤਾਰਿਆ-ਤਾਰ ਦਿਤਾ।੪।੩।

ਬਿਲਾਵਲੁ ਮਹਲਾ ੧ ॥ ਗੁਰ ਬਚਨੀ ਮਨੁ ਸਹਜ ਧਿਆਨੇ ॥ ਹਰਿ ਕੈ ਰੰਗਿ ਰਤਾ ਮਨੁ ਮਾਨੇ ॥ ਮਨਮੁਖ ਭਰਮਿ ਭੁਲੇ ਬਉਰਾਨੇ ॥ ਹਰਿ ਬਿਨੁ ਕਿਉ ਰਹੀਐ, ਗੁਰ ਸਬਦਿ ਪਛਾਨੇ ॥੧॥ ਬਿਨੁ ਦਰਸਨ, ਕੈਸੇ ਜੀਵਉ ਮੇਰੀ ਮਾਈ ॥ ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ ,ਸਤਿਗੁਰਿ ਬੂਝ ਬੁਝਾਈ ॥੧॥ਰਹਾਉ॥ ਮੇਰਾ ਪ੍ਰਭੁ ਬਿਸਰੈ, ਹਉ ਮਰਉ ਦੁਖਾਲੀ ॥ ਸਾਸਿ ਗਿਰਾਸਿ ਜਪਉ ,ਅਪੁਨੇ ਹਰਿ ਭਾਲੀ ॥ ਸਦ ਬੈਰਾਗਨਿ ਹਰਿ ਨਾਮੁ ਨਿਹਾਲੀ ॥ ਅਬ ਜਾਨੇ ਗੁਰਮੁਖਿ ਹਰਿ ਨਾਲੀ ॥੨॥ ਅਕਥ ਕਥਾ ਕਹੀਐ ਗੁਰ ਭਾਇ ॥ ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ ॥ ਬਿਨੁ ਗੁਰ ਕਰਣੀ ਕਿਆ ਕਾਰ ਕਮਾਇ ॥ ਹਉਮੈ ਮੇਟਿ ਚਲੈ, ਗੁਰ ਸਬਦਿ ਸਮਾਇ ॥੩॥ ਮਨਮੁਖੁ ਵਿਛੜੈ ਖੋਟੀ ਰਾਸਿ ॥ ਗੁਰਮੁਖਿ ਨਾਮਿ ਮਿਲੈ ਸਾਬਾਸਿ ॥ ਹਰਿ ਕਿਰਪਾ ਧਾਰੀ ਦਾਸਨਿ ਦਾਸ ॥ ਜਨ ਨਾਨਕ ਹਰਿ ਨਾਮ

ਧਨੁ ਰਾਸਿ ॥੪॥੪॥ (ਹੇ ਭਾਈ!) ਗੁਰੂ ਦੇ ਉਪਦੇਸ਼ ਨਾਲ ਮਨ ਸੁਭਾਵਕ ਹੀ ਹਰੀ ਦੇ ਧਿਆਨ ਵਿਚ ਜੁੜ ਗਿਆ ਹੈ। ਹਰੀ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਮਨ ਪਤੀਜ ਗਿਆ ਹੈ। (ਦੂਜੇ ਪਾਸੇ) ਮਨਮੁਖ ਪਾਗਲਾਂ ਵਾਂਗ ਭਰਮ ਵਿਚ ਪੈ ਕੇ ਭੁੱਲੇ ਫਿਰਦੇ ਹਨ। ਹਰੀ ਤੋਂ ਬਿਨਾ ਕਿਵੇਂ ਰਿਹਾ ਜਾ ਸਕਦਾ ਹੈ? ਗੁਰੂ ਦੇ ਸ਼ਬਦ ਦੁਆਰਾ ਹਰੀ ਦੀ ਪਛਾਣ ਹੁੰਦੀ ਹੈ।੧। ਹੇ ਮੇਰੀ ਮਾਂ! ਮੈਂ ਪ੍ਰਭੂ ਦੇ ਦਰਸ਼ਨ ਤੋਂ ਬਿਨਾ ਕਿਸ ਤਰ੍ਹਾਂ ਜਿਉਂਦਾ ਰਹਾਂ? (ਜਦ ਤੋਂ ਮੈਨੂੰ) ਸਤਿਗੁਰੂ ਨੇ ਸਮਝ ਸਮਝਾਈ ਹੈ, (ਉਦੋਂ ਤੋਂ) ਮੇਰਾ ਮਨ ਹਰੀ ਤੋਂ ਬਿਨਾ ਇਕ ਖਿਨ ਵੀ ਟਿਕਿਆ ਨਹੀਂ ਰਹਿ ਸਕਦਾ।੧। ਰਹਾਉ। ਜਦੋਂ ਮੈਨੂੰ ਮੇਰਾ ਹਰੀ ਭੁੱਲ ਜਾਂਦਾ ਹੈ, ਮੈਂ ਦੁਖੀ ਹੋ ਕੇ ਮਰਦੀ ਜਾਂਦੀ ਹਾਂ (ਮਰਨ ਵਾਲੀ ਹੋ ਜਾਂਦੀ ਹਾਂ)। ਮੈਂ ਸਾਹ ਲੈਂਦਿਆਂ ਗਿਰਾਹੀ ਖਾਂਦਿਆਂ (ਹਰ ਵੇਲੇ) ਹਰੀ ਨੂੰ ਯਾਦ ਕਰਦੀ ਹਾਂ ਅਤੇ ਅਪਣੇ ਹਰੀ ਨੂੰ ਭਾਲਦੀ ਹਾਂ। ਮੈਂ ਸਦਾ ਉਦਾਸੀ ਹੋ ਕੇ ਹਰੀ ਨੂੰ ਦੇਖਦੀ (ਲੱਭਦੀ) ਹਾਂ। (ਪਰ ਮੈਂ) ਹੁਣ ਗੁਰੂ ਰਾਹੀਂ ਜਾਣਿਆ ਹੈ ਕਿ ਹਰੀ ਤਾਂ ਨਾਲ ਹੀ (ਅੰਗ ਸੰਗ) ਵਸਦਾ ਹੈ।੨। ਜੇ ਗੁਰ ਦੇ ਆਸ਼ੇ (ਗੁਰਮਤਿ) ਰਾਹੀਂ ਅਕੱਥ ਪ੍ਰਭੂ ਦੀ ਕਥਾ ਬਿਆਨ ਕਰੀਏ। ਤਾਂ (ਗੁਰੂ) ਅਗਮ ਅਗੋਚਰ ਪ੍ਰਭੂ ਨੂੰ ਦਿਖਾ (ਦਰਸ਼ਨ ਕਰਾ) ਦੇਂਦਾ ਹੈ। ਗੁਰੂ ਦੀ ਦੱਸੀ ਸੇਵਾ ਭਗਤੀ ਤੋਂ ਬਿਨਾ ਹੋਰ ਕੀ ਕਰਮ ਕਰਨਾ ਹੈ? (ਸੇਵਾ ਭਗਤੀ ਤੋਂ ਬਿਨਾ ਹੋਰ ਕਰਮ ਨਿਸਫਲ ਹਨ। ਜੋ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਹਉਮੈ ਨੂੰ ਮੇਟ ਕੇ (ਗੁਰਮਤਿ ਮਾਰਗ ਤੇ) ਚਲਦਾ ਹੈ, (ਉਹ) ਹਰੀ ਵਿਚ ਸਮਾ ਜਾਂਦਾ ਹੈ।੩। ਮਨਮੁਖ ਕੋਲ ਮੰਦ ਕਰਮਾਂ ਦੀ ਖੋਟੀ ਰਾਸ਼ੀ ਹੋਣ ਕਰਕੇ (ਉਹ) ਪ੍ਰਭੂ ਤੋਂ ਵਿਛੜ ਜਾਂਦਾ ਹੈ। ਹਰੀ ਦੇ ਨਾਮ ਵਿਚ ਜੁੜੇ ਹੋਏ ਗੁਰਮੁਖ ਨੂੰ ਸ਼ਾਬਾਸ਼ ਮਿਲਦੀ ਹੈ। (ਜੋ ਮਨੁੱਖ ਪ੍ਰਭੂ ਦੇ) ਦਾਸਾਂ ਦਾ ਦਾਸ ਬਣ ਗਿਆ ਹੈ, (ਉਸ ਉਤੇ) ਹਰੀ ਨੇ ਕ੍ਰਿਪਾ ਕੀਤੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਦਾਸ ਕੋਲ ਪੂੰਜੀ ਹਰੀ ਦਾ ਨਾਮ ਰੂਪ ਧਨ ਹੈ।੪।੪।

ਪਦਾਰਥ = ਗੁਰ ਬਚਨੀ–ਗੁਰੂ ਦੇ ਉਪਦੇਸ਼ ਨਾਲ। ਸਹਜ–ਸੁਭਾਵਕ ਹੀ। ਧਿਆਨੇ–ਧਿਆਨ ਵਿਚ। ਕੈ–ਦੇ। ਰੰਗਿ–ਪ੍ਰੇਮ ਰੰਗ ਵਿਚ। ਰਤਾ–ਰੰਗਿਆ ਹੋਇਆ। ਮਨੁ ਮਾਨੇ–ਮਨ ਮੰਨ (ਪਤੀਜ) ਗਿਆ। ਭਰਮਿ–ਭਰਮ ਵਿਚ ਪੈ ਕੇ। ਬਉਰਾਨੇ–ਪਾਗਲਾਂ ਵਾਂਗ। ਸਬਦਿ–ਸ਼ਬਦ ਦੁਆਰਾ। ਪਛਾਨੇ–ਪਛਾਣ।੧। ਕੈਸੇ–ਕਿਸ ਤਰ੍ਹਾਂ। ਜੀਵਉ–ਜਿਉਂਦਾ ਰਹਾਂ। ਮਾਈ–ਹੇ ਮਾਂ!। ਜੀਅਰਾ–ਮਨ। ਖਿਨੁ–ਥੋੜਾ ਜਿਹਾ ਸਮਾਂ ਵੀ। ਸਤਿਗੁਰਿ–ਸਤਿਗੁਰੂ ਨੇ। ਬੂਝ–ਸਮਝ; ਅਕਲ। ਬੁਝਾਈ–ਸਮਝਾ ਦਿਤੀ ਹੈ।੧। ਰਹਾਉ। ਬਿਸਰੈ–ਭੁੱਲ ਜਾਂਦਾ ਹੈ। ਹਉ–ਮੈਂ। ਮਰਉ–ਮਰਦੀ ਜਾਂਦੀ ਹਾਂ। ਦੁਖਾਲੀ–ਦੁਖੀ ਹੋ ਕੇ। ਸਾਸਿ–ਸਾਹ ਲੈਂਦਿਆਂ। ਗਿਰਾਸਿ–ਖਾਣਾ ਖਾਂਦਿਆਂ। ਜਪਉ–ਜਪਦੀ ਹਾਂ। ਭਾਲੀ –ਲੱਭਦੀ ਹਾਂ। ਸਦ–ਸਦਾ। ਬੈਰਾਗਨਿ–(ਦੁਨੀਆਂ ਦੇ ਰਸਾਂ ਕਸਾਂ ਤੋਂ) ਉਦਾਸ ਹੋ ਕੇ। ਨਿਹਾਲੀ–ਦੇਖਦੀ ਹਾਂ। ਅਬ–ਹੁਣ। ਜਾਨੇ–ਪਤਾ ਲੱਗਾ (ਜਾਣਿਆ) ਹੈ। ਗੁਰਮੁਖਿ–ਗੁਰੂ ਰਾਹੀਂ। ਨਾਲੀ–ਨਾਲ (ਅੰਗ ਸੰਗ)।੨। ਅਕਥ (ਅਕੱਥ ਪੜ੍ਹੋ)–ਜਿਸ ਨੂੰ ਪੂਰੀ ਤਰ੍ਹਾਂ ਕਥਨ ਕਰਨਾ ਅਸੰਭਵ ਹੈ। ਗੁਰ ਭਾਇ–ਗੁਰੂ ਆਸ਼ੇ ਅਨੁਸਾਰ; ਗੁਰੂ ਦੇ ਪ੍ਰੇਮ ਵਿਚ ਜੁੜ ਕੇ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ –ਇੰਦ੍ਰੀਆਂ ਦੀ ਪਕੜ ਤੋਂ ਬਾਹਰ। ਦੇਇ ਦਿਖਾਇ–ਦਿਖਾ ਦਿੰਦਾ ਹੈ। ਕਰਣੀ–ਸੇਵਾ ਭਗਤੀ; ਜੀਵਨ ਜੁਗਤੀ। ਕਿਆ ਕਾਰ ਕਮਾਇ–ਕੀ ਕਰਮ ਕਰਨਾ ਹੈ?। ਸਮਾਇ–ਲੀਨ ਹੁੰਦਾ ਹੈ।੩। ਖੋਟੀ ਰਾਸਿ–ਮੰਦੇ ਕਰਮਾਂ ਦੀ ਖੋਟੀ ਪੂੰਜੀ (ਖੋਟੀ ਪੂੰਜੀ ਦਾ ਕੋਈ ਮੁੱਲ ਨਹੀਂ)। ਸਾਬਾਸਿ–ਵਡਿਆਈ। ਧਾਰੀ–ਕਰਦਾ ਹੈ। ਦਾਸਨਿ ਦਾਸ–(ਹਰੀ ਦੇ) ਦਾਸਾਂ ਦਾ ਦਾਸ।੪।੪।

ਬਿਲਾਵਲੁ ਮਹਲਾ ੩ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ, ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥ ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ,ਜਿਤੁ ਹੁਣਿ ਖਸਮੁ ਨ ਪਾਇਆ ॥ ਪਉੜੀ ਛੁੜਕੀ ਫਿਰਿ ਹਾਥਿ ਨ ਆਵੈ, ਅਹਿਲਾ ਜਨਮੁ ਗਵਾਇਆ ॥੧॥ ਦੂਜਾ ਭਾਉ ਨ ਦੇਈ ਲਿਵ ਲਾਗਣਿ, ਜਿਨਿ ਹਰਿ ਕੇ ਚਰਣ ਵਿਸਾਰੇ ॥ ਜਗਜੀਵਨ ਦਾਤਾ ਜਨ ਸੇਵਕ ਤੇਰੇ, ਤਿਨ ਕੇ ਤੈ ਦੂਖ ਨਿਵਾਰੇ ॥੧॥ਰਹਾਉ॥ ਤੂ ਦਇਆਲੁ ਦਇਆ ਪਤਿ ਦਾਤਾ, ਕਿਆ ਏਹਿ ਜੰਤ ਵਿਚਾਰੇ ॥ ਮੁਕਤ ਬੰਧ ਸਭਿ ਤੁਝ ਤੇ ਹੋਏ, ਐਸਾ ਆਖਿ ਵਖਾਣੇ ॥ ਗੁਰਮੁਖਿ ਹੋਵੈ ਸੋ ਮੁਕਤੁ ਕਹੀਐ, ਮਨਮੁਖ ਬੰਧ ਵਿਚਾਰੇ ॥੨॥ ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ, ਸਦਾ ਰਹੈ ਹਰਿ ਨਾਲੇ ॥ ਤਿਨ ਕੀ ਗਹਣ ਗਤਿ ਕਹੀ ਨ ਜਾਈ, ਸਚੈ ਆਪਿ ਸਵਾਰੇ ॥ (ਵਾਹਿਗੁਰੂ ਦੇ ਨਾਮ ਸਿਮਰਨ ਤੋਂ ਬਿਨਾ ਜੋ) ਭੋਜਨ ਖਾਧਾ, (ਉਸ ਨੂੰ ਮਨ ਬਾਣੀ ਕਰਕੇ) ਧ੍ਰਿਕਾਰ ਹੈ, (ਅਰਾਮ ਨਾਲ) ਸੁੱਤਾ ਪਿਆ ਰਿਹਾ, (ਉਹ ਵੀ) ਧ੍ਰਿਗ ਹੈ, ਜੋ ਕਪੜਾ ਸਰੀਰ ਉਤੇ ਪਹਿਨਿਆ, (ਉਸ ਨੂੰ ਵੀ) ਬਾਰ ਬਾਰ ਧ੍ਰਿਕਾਰ ਹੈ। ਧ੍ਰਿਕਾਰ ਹੈ ਅਜੇਹੇ ਮਨੁੱਖਾ ਸਰੀਰ ਨੂੰ ,ਸਮੇਤ ਪ੍ਰਵਾਰ ਦੇ ਅਤੇ ਸੰਗੇ ਹਿਤੂਆਂ ਦੇ, ਜਿਸ ਨਾਲ ਹੁਣ (ਇਸ ਜਨਮ ਵਿਚ) ਮਾਲਕ ਪ੍ਰਭੂ ਨੂੰ ਪ੍ਰਾਪਤ ਨਹੀਂ ਕੀਤਾ। (ਜਦੋਂ) ਪਉੜੀ ਹੱਥੋਂ ਛੁਟ ਗਈ, ਮੁੜ ਕੇ ਹੱਥ ਨਹੀਂ ਆਵੇਗੀ (ਮਨੁੱਖਾ ਜਨਮ ਬੀਤ ਜਾਣ ਤੇ ਮੁੜ ਕੇ ਨਹੀਂ ਮਿਲੇਗਾ, ਇਹ ਜਾਣ ਲੈ ਕਿ ਤੈਂ) ਜਨਮ ਨਿਸਫਲ ਗਵਾ ਲਿਆ ਹੈ।੧। (ਹੇ ਭਾਈ!) ਦੂਜਾ ਭਾਵ ਪ੍ਰਭੂ ਨਾਲ ਲਿਵ ਨਹੀਂ ਲਗਣ ਦਿੰਦਾ, ਜਿਸ (ਦੂਜੇ ਭਾਵ) ਨੇ

ਪ੍ਰਭੂ ਦੇ ਚਰਣ ਭੁਲਾ ਦਿਤੇ ਹਨ।ਹੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ! (ਜਿਹੜੇ) ਮਨੁੱਖ ਤੇਰੇ ਸੇਵਕ ਬਣ ਜਾਂਦੇ ਹਨ, ਉਨ੍ਹਾਂ ਦੇ ਤੈਂ ਸਾਰੇ ਦੁਖ ਦੂਰ ਕਰ ਦਿਤੇ ਹਨ।੧।ਰਹਾਉ।ਹੇ ਪ੍ਰਭੂ! ਤੂੰ ਦਇਆ ਦਾ ਘਰ ਹੈਂ, ਦਇਆ ਦਾ ਮਾਲਕ ਤੇ (ਸਭ ਦਾ) ਦਾਤਾ ਹੈਂ, ਇਹ ਜੀਵ ਵਿਚਾਰੇ ਕੀ ਹਨ? (ਇਨ੍ਹਾਂ ਦੇ ਵਸ ਵਿਚ ਕੁਛ ਨਹੀਂ)।ਬੰਧਨ ਰਹਿਤ ਜੀਵ ਅਤੇ ਬੰਧਨ ਵਿਚ ਪਏ ਜੀਵ ਸਭ ਤੇਰੇ ਤੋਂ ਪੈਦਾ ਹੋਏ ਹਨ; ਬੰਧਨਾਂ ਵਿਚ ਪਏ ਹੋਏ ਜੀਵ ਸਭ ਤੇਰੇ ਤੋਂ ਹੀ ਮੁਕਤ ਹੁੰਦੇ ਹਨ, (ਧਰਮ ਗ੍ਰੰਥ) ਐਸਾ ਆਖ ਕੇ ਬਿਆਨ ਕਰਦੇ ਹਨ।(ਜਿਹੜਾ) ਗੁਰਮੁਖ ਹੁੰਦਾ ਹੈ, ਉਹ ਮੁਕਤ ਕਿਹਾ ਜਾਂਦਾ ਹੈ, ਵਿਚਾਰੇ ਮਨਮੁਖ (ਦੁਨਿਆਵੀ) ਬੰਧਨਾਂ ਵਿਚ ਪਏ ਰਹਿੰਦੇ ਹਨ।੨ ।ਉਹ ਮਨੁੱਖ (ਦੁਨਿਆਵੀ ਬੰਧਨਾਂ ਤੋਂ) ਮੁਕਤ ਹੈ, ਜਿਸ ਦੀ ਇਕ ਪਭੂ ਨਾਲ ਲਿਵ ਲਗ ਰਹਿੰਦੀ ਹੈ ਅਤੇ ਉਹ ਸਦਾ ਹਰੀ ਨਾਲ ਜੁੜਿਆ ਰਹਿੰਦਾ ਹੈ।ਉਨ੍ਹਾਂ ਦੀ ਉਚੀ ਆਤਮਕ ਅਵਸਥਾ ਦੀ ਜਿੱਥੇ ਤਕ ਪਹੁੰਚ ਹੈ, ਕਹੀ ਨਹੀਂ ਜਾ ਸਕਦੀ, (ਕਿਉਂਕਿ ਉਨ੍ਹਾਂ ਦੇ ਮਨ) ਸੱਚੇ ਪ੍ਰਭੂ ਨੇ ਆਪ ਸਵਾਰ (ਸੋਹਣੇ ਬਣਾ) ਦਿਤੇ ਹਨ।

ਅੰਗ ੭੯੭ = ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ, ਨਾ ਉਰਵਾਰਿ ਨ ਪਾਰੇ ॥੩॥ ਜਿਸ ਨੋ ਨਦਰਿ ਕਰੇ ਸੋਈ ਜਨੁ ਪਾਏ, ਗੁਰ ਕਾ ਸਬਦੁ ਸਮ੍ਹਾਲੇ ॥ ਹਰਿ ਜਨ ਮਾਇਆ ਮਾਹਿ ਨਿਸਤਾਰੇ ॥ ਨਾਨਕ ਭਾਗੁ ਹੋਵੈ ਜਿਸੁ ਮਸਤਕਿ, ਕਾਲਹਿ ਮਾਰਿ ਬਿਦਾਰੇ ॥੪॥੧॥ ਜੋ ਭਰਮ ਵਿਚ ਭੁੱਲੇ ਹੋਏ ਹਨ, ਉਹ ਮਨਮੁਖ ਕਹੇ ਜਾਂਦੇ ਹਨ, ਉਹ ਨਾ (ਸੰਸਾਰ ਸਮੁੰਦਰ ਦੇ) ਇਸ ਪਾਰ ਤੇ ਨਾ ਹੀ ਉਸ ਪਾਰ ਹੁੰਦੇ ਹਨ (ਲੋਕ ਪ੍ਰਲੋਕ ਦੋਵੇਂ ਗਵਾ ਬੈਠਦੇ ਹਨ)।੩।ਜਿਸ ਉਤੇ ਪ੍ਰਭੂ ਮੇਹਰ ਦੀ ਨਜਰ ਕਰਦਾ ਹੈ, ਉਹ ਮਨੁੱਖ ਗੁਰੂ ਦਾ ਸ਼ਬਦ ਸੰਭਾਲ ਕੇ ਪ੍ਰਭੂ ਨੂੰ ਪਾ ਲੈਂਦਾ ਹੈ।ਮਾਇਆ ਵਿਚ ਰਹਿਣ ਵਾਲੇ ਸੇਵਕਾਂ ਨੂੰ ਵੀ ਹਰੀ (ਭਵਜਲ ਤੋਂ) ਤਾਰ ਦੇਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਮੱਥੇ ਤੇ ਚੱਗਾ ਭਾਗ ਹੁੰਦਾ ਹੈ, ਉਹ ਕਾਲ ਨੂੰ ਮਾਰ ਕੇ ਨਸ਼ਟ ਕਰ ਦੇਂਦਾ ਹੈ।੪।੧।

ਪਦਾਰਥ = ਧ੍ਰਿਗੁ–ਫਿਟਕਾਰ; ਲਾਹਣਤ।ਸੋਇਆ–ਸੁੱਤਾ ਪਿਆ ਰਿਹਾ।ਕਾਪੜੁ–ਕੱਪੜਾ।ਚੜਾਇਆ–ਪਹਿਨਿਆ।ਅੰਗਿ–ਸਰੀਰ ਉਤੇ।ਕੁਟੰਬ–ਪ੍ਰਵਾਰ।ਸਹਿਤ–ਚੰਗੇ ਹਿਤੂ (ਮਿਤ੍ਰ)।ਸਿਉ–ਸਮੇਤ।ਹੁਣਿ–ਹੁਣ (ਇਸ ਜਨਮ ਵਿਚ)।ਖਸਮੁ–ਮਾਲਕ ਪ੍ਰਭੂ।ਪਉੜੀ ਛੁੜਕੀ–ਪਉੜੀ ਛੁਟ ਗਈ (ਮਨੁੱਖਾ ਜਨਮ ਦਾ ਮੌਕਾ ਜੇ ਖੁਸ ਗਿਆ)।ਫਿਰਿ–ਮੁੜ ਕੇ।ਹਾਥਿ–ਹੱਥ ਵਿਚ।ਅਹਿਲਾ–ਨਿਸਫਲ; ਦੁਰਲੱਭ; (ਆਹਲਾ–ਸੁੰਦਰ)।੧।ਦੂਜਾ ਭਾਉ–ਪ੍ਰਭੂ ਤੋਂ ਬਿਨਾ ਕਿਸੇ ਹੋਰ ਦਾ ਪ੍ਰੇਮ।ਨ ਦੇਈ ਲਾਗਣਿ–ਲੱਗਣ ਨਹੀਂ ਦੇਂਦਾ।ਲਿਵ–ਸੁਰਤ; ਧਿਆਨ।ਜਿਨਿ–ਜਿਸ ਨੇ।ਵਿਸਾਰੇ–ਭੁਲਾ ਦਿਤੇ।ਜਗਜੀਵਨ ਦਾਤਾ–ਜਗਤ ਨੂੰ ਜੀਵਨ ਦੇਣ ਵਾਲਾ।ਜਨ–ਮਨੁੱਖ।ਤਿਨ ਕੇ–ਉਨ੍ਹਾਂ ਦੇ।ਤੈ–ਤੈਂ।ਨਿਵਾਰੇ–ਦੂਰ ਕਰ ਦਿਤੇ।੧।ਰਹਾਉ।ਦਇਆ ਪਤਿ–ਦਇਆ ਦਾ ਮਾਲਕ।ਜੰਤ–ਜੀਵ।ਵਿਚਾਰੇ–ਸਹਾਇਤਾ ਰਹਿਤ; ਲਾਚਾਰ।ਮੁਕਤ–ਅਜਾਦ।ਬੰਧ–ਬੰਧਨ; ਕੈਦ।ਤੁਝ ਤੇ–ਤੇਰੇ ਤੋਂ (ਤੈਥੋਂ)।ਹੋਏ–ਪੈਦਾ ਹੋਏ।ਵਖਾਣੇ–ਬਿਆਨ ਕਰਦੇ ਹਨ। ਗੁਰਮੁਖਿ–ਗੁਰੂ ਦੀ ਆਗਿਆ ਵਿਚ ਚੱਲਣ ਵਾਲਾ ਮਨੁੱਖ।ਸੋ–ਉਹ।ਮਨਮੁਖ–ਮਨ ਦੀ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ।੨। ਏਕ–ਇਕ ਪ੍ਰਭੂ।ਨਾਲੇ–ਨਾਲ।ਤਿਨ ਕੀ–ਉਨ੍ਹਾਂ ਦੀ।ਗਹਣ ਗਤਿ–ਗੰਭੀਰ ਤੇ ਉਚੀ ਆਤਮਕ ਅਵਸਥਾ।ਸਚੈ–ਸਚੇ ਪ੍ਰਭੂ ਨੇ।ਸਵਾਰੇ –(ਮਨ) ਸਵਾਰ ਦਿਤੇ ਹਨ।ਭਰਮਿ ਭੁਲਾਣੇ–ਭਰਮ ਵਿਚ ਭੁੱਲੇ ਹੋਏ।ਸਿ–ਉਹ।ਕਹੀਅਹਿ–ਕਹੇ ਜਾਂਦੇ ਹਨ।ਉਰਵਾਰਿ–ਸਮੁੰਦਰ ਦੇ ਇਸ ਪਾਸੇ।ਪਾਰੇ–ਪਾਰਲੇ ਪਾਸੇ।੩।ਜਿਸ ਨੋ–ਜਿਸ ਉਤੇ।ਨਦਰਿ–ਮੇਹਰ ਦੀ ਨਜਰ।ਸੋਈ–ਉਹ ਹੀ।ਸਮ੍ਹਾਲੇ–ਸੰਭਾਲ ਕੇ।ਮਾਹਿ–ਵਿਚ।ਨਿਸਤਾਰੇ–ਤਾਰ ਦਿੰਦਾ ਹੈ।ਮਸਤਕਿ–ਮੱਥੇ ਉਤੇ।ਕਾਲਹਿ–ਮੌਤ ਨੂੰ।ਬਿਦਾਰੇ–ਨਾਸ਼ ਕਰ ਦੇਂਦਾ ਹੈ।੪।੧।

ਬਿਲਾਵਲੁ ਮਹਲਾ ੩ ॥ ਅਤੁਲੁ ਕਿਉ ਤੋਲਿਆ ਜਾਇ ॥ ਦੂਜਾ ਹੋਇ ਤ ਸੋਝੀ ਪਾਇ ॥ ਤਿਸ ਤੇ ਦੂਜਾ ਨਹੀ ਕੋਇ ॥ ਤਿਸ ਕੀ ਕੀਮਤਿ ਕਿਕੂ ਹੋਇ ॥੧॥ ਗੁਰ ਪਰਸਾਦਿ ਵਸੈ ਮਨਿ ਆਇ ॥ ਤਾ ਕੋ ਜਾਣੈ ਦੁਬਿਧਾ ਜਾਇ ॥੧॥ਰਹਾਉ॥ ਆਪਿ ਸਰਾਫੁ ਕਸਵਟੀ ਲਾਏ ॥ ਆਪੇ ਪਰਖੇ ਆਪਿ ਚਲਾਏ ॥ ਆਪੇ ਤੋਲੇ ਪੂਰਾ ਹੋਇ ॥ ਆਪੇ ਜਾਣੈ ਏਕੋ ਸੋਇ ॥੨॥ ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ ॥ ਜਿਸ ਨੋ ਮੇਲੇ ਸੁ ਨਿਰਮਲੁ ਹੋਇ ॥ ਜਿਸ ਨੋ ਲਾਇ ਲਗੈ ਤਿਸੁ ਆਇ ॥ ਸਭੁ ਸਚੁ ਦਿਖਾਲੇ ਤ ਸਚਿ ਸਮਾਏ ॥੩॥ ਆਪੇ ਲਿਵ ਧਾਤੁ ਹੈ ਆਪੇ ॥ ਆਪਿ ਬੁਝਾਏ ਆਪੇ ਜਾਪੇ ॥ ਆਪੇ ਸਤਿਗੁਰੁ ਸਬਦੁ ਹੈ ਆਪੇ ॥ ਨਾਨਕ ਆਖਿ ਸੁਣਾਏ ਆਪੇ ॥੪॥੨॥ (ਹੇ ਭਾਈ! ਜੋ ਪ੍ਰਭੂ) ਮਾਪ ਅੰਦਾਜੇ ਤੋਂ ਬਾਹਰ ਹੈ, ਉਸ ਨੂੰ ਕਿਵੇਂ ਤੋਲਿਆ ਜਾ ਸਕਦਾ ਹੈ? (ਉਹ ਮਾਪਿਆ ਤੋਲਿਆ ਨਹੀਂ ਜਾ ਸਕਦਾ।ਉਸ ਦੇ ਬਰਾਬਰ ਦਾ ਕੋਈ) ਦੂਜਾ ਹੋਵੇ ਤਾਂ ਉਸ ਨੂੰ ਸਮਝ ਸਕਦਾ ਹੈ {ਏਵਡੁ ਊਚਾ ਹੋਵੈ ਕੋਇ।ਤਿਸੁ ਊਚੇ ਕਉ ਜਾਣੈ ਸੋਇ ੫}।ਉਸ ਪ੍ਰਭੂ ਤੋਂ (ਵੱਖਰਾ ਉਸ ਵਰਗਾ) ਦੂਜਾ ਹੋਰ ਕੋਈ ਨਹੀਂ ਹੈ।(ਫਿਰ) ਉਸ ਦੀ ਕੀਮਤ ਕਿਸ ਤਰ੍ਹਾਂ ਹੋ ਸਕਦੀ ਹੈ? (ਨਹੀਂ ਹੋ ਸਕਦੀ)।੧।(ਏਡਾ ਵੱਡਾ ਹਰੀ ਜਦੋਂ ਕਿਸੇ ਮਨੁੱਖ ਦੇ) ਮਨ ਵਿਚ ਗੁਰੂ ਦੀ ਕ੍ਰਿਪਾ ਨਾਲ ਆ ਕੇ ਵਸ ਜਾਵੇ।(ਇਹ ਗੱਲ)

ਤਦ ਕੋਈ (ਮਨੁੱਖ) ਜਾਣ ਸਕਦਾ ਹੈ, (ਜਦ ਉਸ ਦੇ ਅੰਦਰੋਂ) ਦੁਬਿਧਾ ਚਲੇ ਜਾਂਦੀ ਹੈ।੧।ਰਹਾਉ।ਹਰੀ ਆਪ ਹੀ (ਜੀਵਾਂ ਦੀ) ਪਰਖ ਕਰਨ ਵਾਲਾ ਸਰਾਫ ਹੈ ਅਤੇ ਆਪ ਹੀ ਕਸਉਟੀ ਉਤੇ ਲਾ ਕੇ ਸਭ (ਜੀਵਾਂ) ਦੀ ਪਰਖ ਕਰਦਾ ਹੈ।ਆਪ ਹੀ ਪਰਖ ਕੇ ਆਪ ਹੀ (ਜੀਵ ਰੂਪ ਸਿੱਕਿਆਂ ਨੂੰ) ਪ੍ਰਚਲਤ ਕਰਦਾ ਹੈ (ਉਚੇ ਜੀਵਨ ਵਾਲੇ ਜੀਵਾਂ ਨੂੰ ਪ੍ਰਵਾਨ ਕਰਦਾ ਹੈ)।ਪ੍ਰਭੂ ਆਪ ਹੀ ਤੋਲਦਾ ਹੈ (ਜੀਵਾਂ ਦੇ ਜੀਵਨ ਦੀ ਜਾਂਚ ਕਰਦਾ ਹੈ. ਉਸ ਦੀ ਮੇਹਰ ਨਾਲ ਪਰਖ ਵਿਚ ਕੋਈ ਜੀਵ) ਪੂਰਾ ਹੋ ਕੇ ਉਤਰਦਾ ਹੈ।ਉਹ ਇਕ ਪ੍ਰਭੂ ਆਪ ਹੀ (ਇਸ ਤਰ੍ਹਾਂ ਦੀ ਪਰਖ ਕਰਨ) ਜਾਣਦਾ ਹੈ।੨।ਮਾਇਆ ਦਾ (ਵੱਖ ਵੱਖ) ਰੂਪ ਸਭ ਉਸ ਪ੍ਰਭੂ ਤੋਂ ਪੈਦਾ ਹੋਇਆ ਹੈ।ਜਿਸ ਮਨੁੱਖ ਨੂੰ ਉਹ (ਅਪਣੇ ਨਾਲ) ਮਿਲਾ ਲੈਂਦਾ ਹੈ, ਉਹ ਪਵਿਤ੍ਰ (ਜੀਵਨ ਵਾਲਾ) ਹੋ ਜਾਂਦਾ ਹੈ।(ਉਹ ਮਨੁੱਖ) ਉਸ ਪ੍ਰਭੂ ਨਾਲ ਆ ਲਗਦਾ ਹੈ, ਜਿਸ ਨੂੰ (ਉਹ ਆਪ ਅਪਣੇ ਚਰਨਾਂ ਨਾਲ) ਲਾਉਂਦਾ ਹੈ।(ਜਿਸ ਮਨੁੱਖ ਨੂੰ ਪ੍ਰਭੂ ਗੁਰੂ ਰਾਹੀਂ) ਸਭ ਜਗ੍ਹਾ ਅਪਣਾ ਸੱਚ ਰੂਪ ਦਿਖਾਉਦਾ ਹੈ, (ਉਹ ਮਨੁੱਖ) ਸਚ ਰੂਪ ਪ੍ਰਭੂ ਵਿਚ ਸਮਾ (ਮਿਲ) ਜਾਂਦਾ ਹੈ।੩।ਪ੍ਰਭੂ ਆਪ ਹੀ ਪ੍ਰੇਮ ਰੂਪ ਹੈ ਅਤੇ ਆਪ ਹੀ ਮਾਇਆ ਰੂਪ ਹੈ।ਆਪ ਹੀ (ਗੁਰੂ ਰੂਪ ਹੋ ਕੇ) ਸਮਝਾਉਂਦਾ ਹੈ ਅਤੇ ਆਪ ਹੀ (ਸਿੱਖ ਦੇ ਅੰਦਰ ਵਸ ਕੇ ਨਾਮ) ਜਪਦਾ ਹੈ।ਆਪ ਹੀ ਸਤਿਗੁਰੂ ਰੂਪ ਹੈ ਅਤੇ ਆਪ ਹੀ (ਗੁਰੂ ਦਾ ਉਚਾਰਨ ਕੀਤਾ) ਸ਼ਬਦ ਰੂਪ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਆਪ ਹੀ (ਗੁਰੂ ਰੂਪ ਹੋ ਕੇ ਸ਼ਬਦ) ਉਚਾਰ ਕੇ (ਸੰਗਤ ਨੂੰ) ਸੁਣਾਉਂਦਾ ਹੈ।੪।੨।

ਪਦਾਰਥ = ਅਤੁਲੁ–ਜਿਸ ਨੂੰ ਮਾਪਿਆ ਤੇ ਤੋਲਿਆ ਨਾ ਜਾ ਸਕੇ (ਜਿਸ ਦੇ ਬਰਾਬਰ ਦੀ ਹੋਰ ਕੋਈ ਹਸਤੀ ਨਹੀਂ)।ਦੂਜਾ ਹੋਇ–ਉਸ ਦੇ ਬਰਾਬਰ ਦਾ ਕੋਈ ਦੂਜਾ ਹੋਵੇ।ਤ–ਤਾਂ; ਤਦ।ਸੋਝੀ–ਸਮਝ।ਤਿਸ ਤੇ–ਉਸ ਤੋਂ (ਵੱਖਰਾ)।ਕਿਕੁ–ਕਿਵੇਂ।੧।ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਮਨਿ–ਮਨ ਵਿਚ।ਤਾ–ਤਦ।ਕੋ–ਕੋਈ (ਮਨੁੱਖ)।ਜਾਣੈ–ਜਾਣ ਸਕਦਾ ਹੈ।ਦੁਬਿਧਾ–ਦੁਚਿੱਤਾਪਣ।ਜਾਇ–ਚਲੇ ਜਾਂਦੀ ਹੈ।੧।ਰਹਾਉ।ਸਰਾਫੁ–(ਰੁਪੈ ਪੈਸੇ ਤੇ ਸੋਨੇ ਆਦਿ ਦੀ) ਪਰਖ ਕਰਨ ਵਾਲਾ।ਕਸਵਟੀ–ਉਹ ਵੱਟੀ, ਜਿਸ ਉਤੇ ਸੋਨੇ ਨੂੰ ਘਸਾ ਕੇ ਪਰਖੀਦਾ ਹੈ ਕਿ ਖਰਾ ਹੈ ਜਾਂ ਖੋਟਾ।ਆਪੇ–ਆਪ ਹੀ।ਪਰਖੇ–ਪਰਖਦਾ ਹੈ।ਚਲਾਏ–ਪ੍ਰਚੱਲਤ ਕਰਦਾ ਹੈ।ਤੋਲੇ–ਤੋਲਦਾ ਹੈ।ਪੂਰਾ ਹੋਇ–(ਪਰਖ ਵਿਚ) ਪੂਰਾ ਹੁੰਦਾ ਹੈ।ਏਕੋ ਸੋਇ–ਉਹ ਇਕ ਪ੍ਰਭੂ ਹੀ।੨।ਤਿਸ ਤੇ–ਉਸ ਪ੍ਰਭੂ ਤੋਂ।ਜਿਸ ਨੋ–ਜਿਸ ਨੂੰ।ਸੁ–ਉਹ।ਨਿਰਮਲੁ–ਪਵਿਤ੍ਰ।ਲਾਏ–ਲਾਉਂਦਾ (ਜੋੜਦਾ) ਹੈ।ਸਚਿ–ਸੱਚੇ ਪ੍ਰਭੂ ਵਿਚ।ਸਮਾਇ–ਮਿਲ ਜਾਂਦਾ ਹੈ।੩।ਲਿਵ–ਪ੍ਰੇਮ।ਧਾਤੁ–ਮਾਇਆ (ਲਈ ਦੌੜ ਭੱਜ)।ਬੁਝਾਏ–ਸਮਝ ਬਖਸ਼ਦਾ ਹੈ।ਜਾਪੇ–ਜਪਦਾ ਹੈ।ਆਖਿ–ਬੋਲ ਕੇ।੪।੨।

ਬਿਲਾਵਲੁ ਮਹਲਾ ੩ ॥ ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ, ਕਿਆ ਕੋ ਕਹੈ ਬਹਾਨਾ ॥ ਐਸਾ ਇਕੁ ਤੇਰਾ ਖੇਲੁ ਬਨਿਆ ਹੈ, ਸਭ ਮਹਿ ਏਕੁ ਸਮਾਨਾ ॥੧॥ ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ ॥ ਜਿਸੁ ਕਰਮੁ ਹੋਵੈ ਸੋ ਸਤਿਗੁਰੁ ਪਾਏ, ਅਨਦਿਨੁ ਲਾਗੈ ਸਹਜ ਧਿਆਨਾ ॥੧॥ਰਹਾਉ॥ ਕਿਆ ਕੋਈ ਤੇਰੀ ਸੇਵਾ ਕਰੇ, ਕਿਆ ਕੋ ਕਰੇ ਅਭਿਮਾਨਾ ॥ ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ, ਤਬ ਕੋਈ ਕਰਉ ਦਿਖਾ ਵਖਿਆਨਾ ॥੨॥ ਆਪੇ ਗੁਰੁ ਚੇਲਾ ਹੈ ਆਪੇ, ਆਪੇ ਗੁਣੀ ਨਿਧਾਨਾ ॥ ਜਿਉ ਆਪਿ ਚਲਾਏ ਤਿਵੈ ਕੋਈ ਚਾਲੈ, ਜਿਉ ਹਰਿ ਭਾਵੈ ਭਗਵਾਨਾ ॥੩॥ ਕਹਤ ਨਾਨਕੁ ਤੂ ਸਾਚਾ ਸਾਹਿਬੁ ,ਕਉਣੁ ਜਾਣੈ ਤੇਰੇ ਕਾਮਾ ॥ ਇਕਨਾ ਘਰ ਮਹਿ ਦੇ ਵਡਿਆਈ, ਇਕਿ ਭਰਮਿ ਭਵਹਿ ਅਭਿਮਾਨਾ ॥੪॥੩॥ ਮਾਲਕ ਪ੍ਰਭੂ (ਦੀ ਸੇਵਾ ਕਰਨ) ਤੋਂ (ਮਨੁੱਖ ਉਸ ਦਾ) ਸੇਵਕ ਕਹੀਦਾ ਹੈ ਅਤੇ ਸੇਵਾ ਭਗਤੀ ਵੀ ਸਾਹਿਬ ਦੀ ਬਖਸ਼ਿਸ਼ ਨਾਲ (ਮਨੁੱਖ ਨੂੰ) ਮਿਲਦੀ ਹੈ; ਸਾਹਿਬ ਕਰਕੇ ਸੇਵਕ ਅਤੇ ਸੇਵਕ ਕਰਕੇ ਸਾਹਿਬ ਜਾਣਿਆ ਜਾਂਦਾ ਹੈ (ਸੰ.ਸ.), ਹੋਰ ਕੋਈ ਬਹਾਨਾ ਜਾਂ ਦਲੀਲ (ਮਨੁੱਖ) ਕੀ ਕਰ ਸਕਦਾ ਹੈ? (ਹੇ ਪ੍ਰਭੂ!) ਇਹ ਸੰਸਾਰ ਤੇਰਾ ਇਕ ਅਜੇਹਾ ਅਸਚਰਜ ਖੇਲ ਬਣਿਆ ਹੋਇਆ ਹੈ, ਤੂੰ ਆਪ ਹੀ ਸਭ ਵਿਚ ਸਮਾ ਰਿਹਾ ਹੈਂ (ਸਰਬ ਰੂਪ ਹੋ ਕੇ ਆਪ ਹੀ ਵਰਤ ਰਿਹਾ ਹੈਂ)।੧।ਸਤਿਗੁਰੂ ਦੁਆਰਾ (ਜਿਸ ਮਨੁੱਖ ਦੇ ਮਨ ਦੀ) ਤਸੱਲੀ ਹੋ ਜਾਂਦੀ ਹੈ, (ਉਹ) ਹਰੀ ਦੇ ਨਾਮ ਵਿਚ ਲੀਨ ਰਹਿੰਦਾ ਹੈ।ਜਿਸ ਉਤੇ (ਪ੍ਰਭੂ ਦੀ) ਬਖਸ਼ਿਸ਼ ਹੁੰਦੀ ਹੈ, ਉਹ ਸਤਿਗੁਰੂ ਦੀ ਸਰਣ ਪ੍ਰਾਪਤ ਕਰਦਾ ਹੈ, ਸੁਭਾਵਕ ਹੀ ਹਰ ਰੋਜ (ਉਸ ਦਾ) ਧਿਆਨ (ਪ੍ਰਭੂ ਦੇ ਸਰੂਪ ਵਿਚ) ਲੱਗਾ ਰਹਿੰਦਾ ਹੈ।੧।ਰਹਾਉ।(ਹੇ ਪ੍ਰਭੂ! ਅਪਣੇ ਜੋਰ ਨਾਲ) ਕੋਈ ਮਨੁੱਖ ਤੇਰੀ ਕੀ ਸੇਵਾ ਕਰੇ ਅਤੇ ਕੀ ਕੋਈ (ਕੀਤੀ ਸੇਵਾ ਦਾ) ਹੰਕਾਰ ਕਰੇ? (ਪ੍ਰਭੂ ਦੀ ਮੇਹਰ ਤੋਂ ਬਿਨਾ ਅਪਣੇ ਆਪ ਕੋਈ ਮਨੁੱਖ ਸੇਵਾ ਕਰਨ ਦੇ ਸਮਰੱਥ ਨਹੀਂ)।ਹੇ ਪ੍ਰਭੂ! ਜਦੋਂ ਤੂੰ ਅਪਣੀ ਤਾਕਤ ਮਨੁੱਖ ਵਿਚੋਂ ਖਿੱਚ ਲੈਂਦਾ ਹੈਂ, ਤਦ ਮੈਂ ਦੇਖਾਂ ਕਿ ਕੋਈ ਕਿਵੇਂ ਗੱਲਾਂ ਕਰ ਸਕਦਾ ਹੈ? (ਕੋਈ ਵੀ ਜੀਵ ਰੱਬ ਦੀ ਬਖਸ਼ੀ ਤਾਕਤ ਤੋਂ ਬਿਨਾ ਅਪਣੇ ਆਪ ਕੁਛ ਨਹੀਂ ਕਰ ਸਕਦਾ)।੨।ਪ੍ਰਭੂ ਆਪ ਹੀ ਗੁਰੂ ਰੂਪ ਹੈ ਅਤੇ ਉਹ ਆਪ ਹੀ ਚੇਲਾ ਰੂਪ ਹੈ ਅਤੇ ਆਪ ਹੀ ਗੁਣਾਂ ਦਾ ਖਜਾਨਾ ਹੈ।ਜਿਸ ਤਰ੍ਹਾਂ ਪ੍ਰਭੂ ਆਂਪ (ਜੀਵਾਂ ਨੂੰ ਅਪਣੀ ਤਾਕਤ ਨਾਲ) ਚਲਾਉਂਦਾ ਹੈ ਅਤੇ ਜਿਸ

ਤਰ੍ਹਾਂ ਹਰੀ ਭਗਵਾਨ ਨੂੰ ਚੰਗਾ ਲਗਦਾ ਹੈ, ਸਭ ਕੋਈ ਉਸੇ ਤਰ੍ਹਾਂ ਚਲਦਾ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ!) ਤੂੰ ਸੱਚਾ ਸਹਿਬ ਹੈਂ, ਤੇਰਾ ਕੰਮਾਂ ਨੂੰ ਕੌਣ ਜਾਣ ਸਕਦਾ ਹੈ? (ਕੋਈ ਨਹੀਂ ਜਾਣ ਸਕਦਾ)।ਕਈਆਂ ਨੂੰ ਮੇਹਰ ਕਰਕੇ ਤੂੰ ਘਰ ਵਿਚ ਬੈਠਿਆਂ ਨੂੰ ਵਡਿਆਈ ਦੇ ਦੇਂਦਾ ਹੈਂ ਅਤੇ ਕਈ ਹੰਕਾਰ ਵਿਚ (ਭੇਖੀ ਬਣ ਕੇ ਇਧਰ ਉਧਰ) ਭਟਕਦੇ ਫਿਰਦੇ ਹਨ।੪।੩।

ਪਦਾਰਥ = ਸਾਹਿਬ–ਮਾਲਕ ਪ੍ਰਭੂ।ਤੇ–ਤੋਂ; ਨਾਲ।ਕੋ–ਕੋਈ।ਸੇਵ–ਸੇਵਾ ਭਗਤੀ।ਬਹਾਨਾ–ਤਰਕ; ਗਲਤ ਦਲੀਲ।ਖੇਲੁ–ਜਗਤ ਤਮਾਸ਼ਾ।ਸਭ ਮਹਿ–ਸਾਰੇ ਜੀਵਾਂ ਵਿਚ।ਸਮਾਨਾ–ਸਮਾਇਆ ਹੋਇਆ ਹੈਂ।੧।ਸਤਿਗੁਰਿ–ਸਤਿਗੁਰੂ ਦੁਆਰਾ।ਪਰਚੈ–(ਮਨ ਦੀ) ਤਸੱਲੀ ਹੋਣ ਨਾਲ।ਨਾਮਿ–ਨਾਮ ਵਿਚ।ਸਮਾਨਾ–ਸਮਾ (ਲੀਨ ਹੋ) ਗਿਆ।ਕਰਮੁ–ਮੇਹਰ।ਸੋ–ਉਹ।ਪਾਏ–ਪ੍ਰਾਪਤ ਕਰਦਾ ਹੈ।ਅਨ ਦਿਨੁ–ਹਰ ਰੋਜ।ਸਹਜ–ਸੁਭਾਵਕ ਹੀ; ਸਹਿਜ ਪਦ ਵਿਚ।੧।ਰਹਾਉ।ਕੋ–ਕੋਈ (ਮਨੁੱਖ)।ਅਭਿਮਾਨਾ–ਹੰਕਾਰ।ਜਬ–ਜਦੋਂ।ਜੋਤਿ–ਚੇਤਨ ਸੱਤਾ।ਖਿੰਚਹਿ–ਖਿੱਚ ਲੈਂਦਾ ਹੈਂ।ਸੁਆਮੀ–ਹੇ ਪ੍ਰਭੂ!।ਤਬ–ਤਦ।ਕਰਉ–ਕਰਦਾ ਹੈ।ਦਿਖਾ–ਮੈਂ ਦੇਖਾਂ।ਵਖਿਆਨਾ–ਗੱਲਾਂ।੨।ਚੇਲਾ–ਸਿੱਖ।ਆਪੇ–ਆਪ ਹੀ।ਗੁਣੀ ਨਿਧਾਨਾ–ਗੁਣਾਂ ਦਾ ਖਜਾਨਾ।ਚਲਾਏ–ਚਲਾਉਂਦਾ ਹੈ।ਤਿਵੈ–ਉਸੇ ਤਰ੍ਹਾਂ।ਚਾਲੈ–ਚਲਦਾ ਹੈ।ਭਾਵੈ–ਚੰਗਾ ਲਗਦਾ ਹੈ।੩।ਕਾਮਾ–ਕੰਮ।ਇਕਨਾ–ਕਈ ਜੀਵਾਂ ਨੂੰ।ਘਰ ਮਹਿ–ਘਰ ਵਿਚ (ਗ੍ਰਿਹਸਤ ਵਿਚ ਰਹਿੰਦਿਆਂ)।ਦੇ–ਦੇਂਦਾ ਹੈਂ।ਇਕਿ–ਕਈ ਜੀਵ।ਭਰਮਿ–ਭਰਮ ਵਿਚ (ਭੁੱਲੇ ਹੋਏ)।ਭਵਹਿ–ਭਟਕਦੇ ਫਿਰਦੇ ਹਨ।੪।੩।

ਬਿਲਾਵਲੁ ਮਹਲਾ ੩ ॥ ਪੂਰਾ ਥਾਟੁ ਬਣਾਇਆ ਪੂਰੈ, ਵੇਖਹੁ ਏਕ ਸਮਾਨਾ ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ, ਮਤੁ ਕੋ ਧਰਹੁ ਗੁਮਾਨਾ ॥੧॥ ਸਤਿਗੁਰ ਕੀ ਜਿਸ ਨੋ ਮਤਿ ਆਵੈ, ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ, ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ਰਹਾਉ॥ ਚਹੁ ਜੁਗਾ ਕਾ ਹੁਣਿ ਨਿਬੇੜਾ, ਨਰ ਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ, ਕਲਿ ਮਹਿ ਕੀਰਤਿ ਹਰਿ ਨਾਮਾ ॥੨॥ ਜੁਗਿ ਜੁਗਿ ਆਪੋ ਆਪਣਾ ਧਰਮੁ ਹੈ, ਸੋਧਿ ਦੇਖਹੁ ਬੇਦ ਪੁਰਾਨਾ ॥ ਗੁਰਮੁਖਿ ਜਿਨੀ ਧਿਆਇਆ ਹਰਿ ਹਰਿ, ਜਗਿ ਤੇ ਪੂਰੇ ਪਰਵਾਨਾ ॥੩॥ (ਹੇ ਭਾਈ!) ਪੂਰੇ ਕਰਤਾਰ ਨੇ ਇਹ ਸ੍ਰਿਸਟੀ ਦੀ ਬਨਾਵਟ ਪੂਰੀ (ਉਤਮ) ਬਣਾਈ ਹੈ, ਦੇਖੋ, (ਪ੍ਰਭੂ ਸਭ ਵਿਚ) ਇਕੋ ਜਿਹਾ ਸਮਾ ਰਿਹਾ ਹੈ।ਇਸ ਜਗਤ ਰਚਨਾ ਵਿਚ ਅਸਲੀ ਵਡਿਆਈ ਸੱਚੇ ਨਾਮ (ਹਰੀ ਦੀ ਹੋਂਦ) ਦੀ ਹੈ, (ਇਸ ਲਈ ਜਪ, ਤਪ, ਤੀਰਥ ਇਸ਼ਨਾਨ ਦਾ) ਕੋਈ ਮਨੁੱਖ ਗੁਮਾਨ ਨਾ ਕਰੇ।੧।ਸਤਿਗੁਰੂ ਦੀ ਬਖਸ਼ੀ ਹੋਈ ਮੱਤ ਜਿਸ ਮਨੁੱਖ ਨੂੰ ਪ੍ਰਾਪਤ ਹੋ ਆਉਂਦੀ ਹੈ, ਉਹ ਸਤਿਗੁਰੂ ਵਿਚ ਸਮਾ ਜਾਂਦਾ ਹੈ (ਸਤਿਗੁਰੂ ਦਾ ਰੂਪ ਹੋ ਜਾਂਦਾ ਹੈ।ਸਤਿਗੁਰੂ ਦੀ) ਇਹ ਬਾਣੀ ਜੋ ਮਨੁੱਖ ਦਿਲੋਂ ਜਾਣ ਲੈਂਦਾ ਹੈ, ਉਸ ਦੇ ਹਿਰਦੇ ਅੰਦਰ ਹਰੀ ਦਾ ਨਾਮ ਵਸ ਜਾਂਦਾ ਹੈ।੧। ਰਹਾਉ।ਚਾਰੇ ਜੁਗਾਂ ਦੇ ਤਜਰਬੇ ਦਾ ਨਿਚੋੜ ਹੁਣ ਨਿਕਲਿਆ ਹੈ ਕਿ ਮਨੁੱਖਾਂ ਤੇ ਇਸਤ੍ਰੀਆਂ ਨੂੰ (ਭਵਜਲ ਤੋਂ ਤਾਰਨ ਲਈ ਗੁਰੂ ਨਾਨਕ ਦੇਵ ਜੀ ਨੇ) ਇਕ ਹਰੀ ਦੇ ਨਾਮ ਦਾ ਖਜਾਨਾ ਬਖਸ਼ਿਆ ਹੈ।ਜਤ ਰੱਖਣਾ, ਇੰਦ੍ਰੀਆਂ ਨੂੰ ਰੋਕਣਾ, ਤੀਰਥ ਕਰਨੇ ਆਦਿਕ ਉਨ੍ਹਾਂ ਪਿਛਲੇ ਜੁਗਾਂ ਦਾ ਧਰਮ ਹੈ, (ਪਰ ਹੁਣ) ਕਲਜੁਗ ਵਿਚ ਹਰੀ ਦਾ ਕੀਰਤਨ ਤੇ ਨਾਮ ਸਿਮਰਨ ਹੀ ਸ੍ਰੇਸਟ ਧਰਮ ਹੈ।੨।(ਹੇ ਭਾਈ! ਤੁਸੀਂ) ਬੇਦ ਪੁਰਾਣਾਂ ਦੀ ਪੜਤਾਲ ਕਰਕੇ ਦੇਖ ਲਵੋ, ਹਰੇਕ ਜੁਗ ਵਿਚ ਆਪੋ ਆਪਣਾ ਧਰਮ ਮੁਖ ਰਿਹਾ ਹੈ।(ਪਰ) ਜਗਤ ਵਿਚ ਆਏ ਉਹ ਮਨੁੱਖ ਪੂਰਨ ਹਨ ਤੇ ਪ੍ਰਵਾਨ ਹਨ, ਜਿਨ੍ਹਾਂ ਨੇ ਸਤਿਗੁਰੂ ਦੁਆਰਾ ਹਰਿ ਹਰਿ ਨਾਮ ਸਿਮਰਿਆ ਹੈ।੩।

ਸਤਜੁਗਿ ਸਤ ਤੇਤਾ ਜਗੀ ਦੁਆਪੁਰਿ ਪੂਜਾ ਚਾਰ।ਤੀਨੋ ਜੁਗ ਤੀਨੋ ਦਿੜੇ ਕਲਿ ਕੇਵਲ ਨਾਮ ਅਧਾਰ।(੩੪੯)

ਅੰਗ ੭੯੮ = ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ, ਚੂਕੈ ਮਨਿ ਅਭਿਮਾਨਾ ॥ ਕਹਤ ਸੁਣਤ ਸਭੇ ਸੁਖ ਪਾਵਹਿ, ਮਾਨਤ ਪਾਹਿ ਨਿਧਾਨਾ ॥੪॥੪॥ ਨਾਨਕ ਗੁਰੂ ਜੀ ਕਥਨ ਕਰਦੇ ਹਨ ਕਿ (ਜਿਹੜਾ ਮਨੁੱਖ) ਸੱਚੇ ਪ੍ਰਭੂ ਨਾਲ ਪ੍ਰੀਤ ਲਗਾਵੇ, (ਉਸ ਦੇ) ਮਨ ਵਿਚੋਂ ਗੁਮਾਨ ਮੁੱਕ ਜਾਂਦਾ ਹੈ।(ਹਰੀ ਦਾ) ਨਾਮ ਜਪਣ ਵਾਲੇ ਤੇ ਸੁਣਨ ਵਾਲੇ ਸਾਰੇ ਸੁਖ ਪਾਉਂਦੇ ਹਨ ਅਤੇ ਮੰਨਣ ਵਾਲੇ ਸਾਰੀਆਂ ਬਰਕਤਾਂ ਦਾ ਖਜਾਨਾ ਪ੍ਰਾਪਤ ਕਰ ਲੈਂਦੇ ਹਨ।੪।੪।

ਪਦਾਰਥ = ਪੂਰਾ ਥਾਟੁ–ਸ੍ਰਿਸਟੀ ਰਚਨਾ ਦੀ ਪੂਰੀ ਬਨਾਵਟ।ਪੂਰੈ–ਪੂਰੇ ਪ੍ਰਭੂ ਨੇ।ਏਕੁ ਸਮਾਨਾ–ਇਕੋ ਜਿਹਾ।ਪਰਪੰਚ ਮਹਿ–ਜਗਤ ਰਚਨਾ ਵਿਚ।ਮਤੁ ਕੋ ਧਰਹੁ–ਕੋਈ ਨਾ ਧਰੇ (ਕਰੇ)।ਗੁਮਾਨਾ–ਹੰਕਾਰ।੧।ਨੋ–ਨੂੰ।ਮਤਿ–ਸਿੱਖਿਆ; ਅਕਲ।ਸੋ–ਉਹ।ਮਾਹਿ–ਵਿਚ।ਸਮਾਨਾ–ਲੀਨ ਹੋ ਜਾਂਦਾ ਹੈ।ਜੀਅਹੁ–ਦਿਲੋਂ।ਤਿਸੁ ਅੰਤਰਿ–ਉਸ ਦੇ ਹਿਰਦੇ ਅੰਦਰ।ਰਵੈ–ਵਸ ਜਾਂਦਾ ਹੈ।੧।ਰਹਾਉ।ਚਹੁ ਜੁਗਾ ਕਾ–ਚਾਰੇ ਜੁਗਾਂ ਦਾ।ਨਿਬੇੜਾ–ਨਿਰਨਾ; ਫੈਸਲਾ; ਨਿਚੋੜ।ਨਰ ਮਨੁਖਾ ਨੋ–ਮਨੁੱਖਾਂ ਤੇ ਇਸਤ੍ਰੀਆਂ ਨੂੰ (ਸੰ.ਸ.; ਗੁ.ਗ੍ਰੰ. ਕੋਸ; ਬਾ.ਪ੍ਰ.; ਟਕਸਾਲ) ਸ੍ਰੇਸਟ ਮਨੁੱਖਾਂ ਨੂੰ।ਏਕੁ ਨਿਧਾਨਾ–ਇਕ ਪ੍ਰਭੂ ਦਾ ਖਜਾਨਾ।ਜਤੁ–ਕਾਮ ਵਾਸ਼ਨਾ ਨੂੰ ਰੋਕ ਰੱਖਣਾ।ਸੰਜਮ–

ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਣਾ। ਓਨਾ ਕਾ–ਉਨ੍ਹਾਂ ਦਾ। ਕਲਿ ਮਹਿ–ਕਲਜੁਗ ਵਿਚ। ਕੀਰਤਿ–ਕੀਰਤਨ। ਨਾਮਾ–ਨਾਮ।੨। ਜੁਗਿ ਜੁਗਿ–ਹਰੇਕ ਜੁਗ ਵਿਚ। ਸੋਧਿ–ਨਿਰਣਾ ਕਰਕੇ; ਪੜਤਾਲ ਕਰਕੇ। ਗੁਰਮੁਖਿ–ਗੁਰੂ ਦੀ ਸਰਨ ਵਿਚ ਪੈ ਕੇ। ਜਿਨੀ–ਜਿਨ੍ਹਾਂ ਨੇ। ਜਗਿ–ਜਗਤ ਵਿਚ। ਤੇ–ਉਹ। ਪੂਰੇ–ਪੂਰਨ ਮਨੁੱਖ। ਪਰਵਾਨਾ–ਪ੍ਰਵਾਨ।੩। ਕਹਤ–ਕਹਿੰਦੇ ਹਨ; ਕਹਿਣ (ਜਪਣ) ਵਾਲੇ। ਸਚੇ ਸਿਉ–ਸਚੇ ਪ੍ਰਭੂ ਨਾਲ। ਚੂਕੈ–ਮੁੱਕ ਜਾਂਦਾ ਹੈ। ਮਨਿ–ਮਨ ਵਿਚੋਂ। ਸੁਣਤ–ਸੁਣਨ ਵਾਲੇ। ਮਾਨਤ–ਮੰਨਣ ਵਾਲੇ। ਪਾਹਿ–ਪਾਉਂਦੇ ਹਨ।੪।੪।

ਬਿਲਾਵਲੁ ਮਹਲਾ ੩ ॥ ਗੁਰਮੁਖਿ ਪ੍ਰੀਤਿ ਜਿਸ ਨੋ ਆਪੇ ਲਾਏ ॥ ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ ॥ ਮੰਗਲੁ ਨਾਰੀ ਗਾਵਹਿ ਆਏ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਏ ॥੧॥ ਹਉ ਤਿਨ ਬਲਿਹਾਰੈ, ਜਿਨ੍ਹ ਹਰਿ ਮੰਨਿ ਵਸਾਏ ॥ ਹਰਿ ਜਨ ਕਉ ਮਿਲਿਆ ਸੁਖੁ ਪਾਈਐ, ਹਰਿ ਗੁਣ ਗਾਵੈ ਸਹਜਿ ਸੁਭਾਏ ॥੧॥ਰਹਾਉ॥ ਸਦਾ ਰੰਗਿ ਰਾਤੇ ਤੇਰੈ ਚਾਏ ॥ ਹਰਿ ਜੀਉ ਆਪਿ ਵਸੈ ਮਨਿ ਆਏ ॥ ਆਪੇ ਸੋਭਾ ਸਦ ਹੀ ਪਾਏ ॥ ਗੁਰਮੁਖਿ ਮੇਲੈ ਮੇਲਿ ਮਿਲਾਏ ॥੨॥ ਗੁਰਮੁਖਿ ਰਾਤੇ ਸਬਦਿ ਰੰਗਾਏ ॥ ਨਿਜ ਘਰਿ ਵਾਸਾ ਹਰਿ ਗੁਣ ਗਾਏ ॥ ਰੰਗਿ ਚਲੂਲੈ ਹਰਿ ਰਸਿ ਭਾਏ ॥ ਇਹੁ ਰੰਗੁ ਕਦੇ ਨ ਉਤਰੈ, ਸਾਚਿ ਸਮਾਏ ॥੩॥ ਅੰਤਰਿ ਸਬਦੁ ,ਮਿਟਿਆ ਅਗਿਆਨੁ ਅੰਧੇਰਾ ॥ ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥ ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥ ਪ੍ਰਭੂ ਆਪ ਹੀ ਜਿਸ ਮਨੁੱਖ ਨੂੰ ਗੁਰੂ ਦੁਆਰਾ ਪ੍ਰੀਤ ਲਾ ਦੇਂਦਾ ਹੈ। ਉਸ ਦੇ ਹਿਰਦੇ ਘਰ ਵਿਚ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ (ਉਸ ਦਾ ਜੀਵਨ) ਸੋਹਣਾ ਬਣ ਜਾਂਦਾ ਹੈ। ਗੁਰਸਿੱਖ ਇਸਤ੍ਰੀਆਂ (ਉਸ ਦੇ ਘਰ ਵਿਚ) ਆ ਕੇ ਖੁਸ਼ੀ ਦਾ ਗੀਤ ਗਾਉਂਦੀਆਂ ਹਨ। ਪਿਆਰੇ ਪ੍ਰਭੂ ਨੂੰ ਮਿਲ ਕੇ (ਪ੍ਰੇਮੀ ਗੁਰਸਿੱਖ) ਸਦਾ ਸੁਖ ਪਾਉਂਦੇ ਹਨ।੧। (ਹੇ ਭਾਈ!) ਮੈਂ ਉਨ੍ਹਾਂ ਮਨੁੱਖਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਨੂੰ ਮਨ ਵਿਚ ਵਸਾਇਆ ਹੈ। ਹਰੀ ਦੇ (ਅਜੇਹੇ) ਸੇਵਕ ਨੂੰ ਮਿਲਿਆਂ ਸੁਖ ਪਾਈਦਾ ਹੈ, ਜੋ ਸਹਿਜ ਸੁਭਾਵਕ ਹਰੀ ਦੇ ਗੁਣ ਗਾਉਂਦਾ ਹੈ।੧।ਰਹਾਉ। (ਹੇ ਪ੍ਰਭੂ! ਤੇਰੇ ਸੇਵਕ) ਤੇਰੇ ਪ੍ਰੇਮ ਕਰਕੇ ਸਦਾ ਅਨੰਦ ਵਿਚ ਰਚੇ ਰਹਿੰਦੇ ਹਨ। ਹੇ ਹਰਿ ਜੀ! ਤੂੰ ਆਪ (ਉਨ੍ਹਾਂ ਦੇ) ਮਨ ਵਿਚ ਆ ਵਸਦਾ ਹੈਂ। ਤੂੰ ਆਪ ਹੀ ਸਦਾ (ਉਨ੍ਹਾਂ ਦੇ ਪੱਲੇ) ਸੋਭਾ ਪਾਉਂਦਾ ਹੈਂ। (ਉਨ੍ਹਾਂ ਸੇਵਕਾਂ ਨੂੰ ਤੂੰ) ਗੁਰੂ ਨਾਲ ਮਿਲਾ ਕੇ ਅਪਣੇ ਮੇਲ ਵਿਚ ਮਿਲਾ ਲੈਂਦਾ ਹੈਂ।੨। (ਜਿਹੜੇ) ਗੁਰਮੁਖ ਸ਼ਬਦ ਦੁਆਰਾ ਰੰਗੇ ਹੋਏ ਹਨ, (ਉਨ੍ਹਾਂ ਨੇ ਹੋਰਨਾਂ ਨੂੰ ਵੀ ਨਾਮ ਰੰਗ ਵਿਚ) ਰੰਗ ਦਿਤਾ ਹੈ। ਹਰੀ ਦੇ ਗੁਣ ਗਾ ਕੇ (ਉਨ੍ਹਾਂ ਦਾ) ਅਪਣੇ ਸ੍ਵੈ ਸਰੂਪ ਵਿਚ ਵਾਸਾ ਹੋ ਗਿਆ ਹੈ। ਉਹ ਪ੍ਰਭੂ ਦੇ ਨਾਮ ਰਸ ਅਤੇ ਪ੍ਰੇਮ ਦੇ ਕਾਰਣ ਗੂੜ੍ਹੇ ਰੰਗ ਵਿਚ ਰੰਗੇ ਰਹਿੰਦੇ ਹਨ। ਸੱਚੇ ਹਰੀ ਵਿਚ ਸਮਾਏ ਹੋਣ ਕਰਕੇ (ਉਨ੍ਹਾਂ ਉਤੇ ਚੜ੍ਹਿਆ) ਰੰਗ ਕਦੇ ਨਹੀਂ ਉਤਰਦਾ।੩। (ਹੇ ਭਾਈ! ਜਿਨ੍ਹਾਂ ਪੁਰਖਾਂ ਦੇ) ਹਿਰਦੇ ਅੰਦਰ ਗੁਰੂ ਦਾ ਸ਼ਬਦ ਵਸਿਆ ਹੈ, (ਉਨ੍ਹਾਂ ਦੇ ਹਿਰਦੇ ਵਿਚੋਂ) ਅਗਿਆਨ ਰੂਪ ਹਨ੍ਹੇਰਾ ਮਿਟ ਗਿਆ ਹੈ। (ਜਿਨ੍ਹਾਂ ਮਨੁੱਖਾਂ ਨੂੰ) ਸਤਿਗੁਰੂ ਦਾ ਗਿਆਨ ਪ੍ਰਾਪਤ ਹੋਇਆ ਹੈ, (ਉਨ੍ਹਾਂ ਨੂੰ) ਮੇਰਾ ਪਿਆਰਾ ਪ੍ਰਭੂ ਮਿਲਿ ਪਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਸੱਚੇ ਪ੍ਰਭੂ ਦੇ ਨਾਮ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਦਾ ਮੁੜ ਕੇ ਜਨਮ ਮਰਨ ਵਿਚ ਫੇਰਾ ਨਹੀਂ ਹੁੰਦਾ (ਮੁਕਤ ਹੋ ਜਾਂਦੇ ਹਨ। ਕਿਉਂਕਿ ਉਨ੍ਹਾਂ ਨੂੰ) ਮੇਰਾ ਪੂਰਾ ਗੁਰੂ ਪ੍ਰਭੂ ਦਾ ਨਾਮ ਦ੍ਰਿੜ ਕਰਾ ਦੇਂਦਾ ਹੈ।੪।੫।

ਪਦਾਰਥ = ਗੁਰਮੁਖਿ–ਗੁਰੂ ਰਾਹੀਂ। ਜਿਸ ਨੋ–ਜਿਸ ਨੂੰ। ਆਪੇ–ਪ੍ਰਭੂ ਆਪ ਹੀ। ਲਾਏ–ਲਾ ਦੇਂਦਾ ਹੈ। ਤਿਤੁ ਘਰਿ–ਉਸ ਦੇ ਹਿਰਦੇ ਘਰ ਵਿਚ। ਬਿਲਾਵਲੁ–ਰਾਗ ਬਿਲਾਵਲ; ਅਨੰਦ। ਸਬਦਿ–ਸ਼ਬਦ ਰਾਹੀਂ। ਸੁਹਾਏ–ਸੋਹਣਾ ਬਣ ਜਾਂਦਾ ਹੈ। ਮੰਗਲੁ–ਖੁਸ਼ੀ ਦਾ ਗੀਤ। ਨਾਰੀ–ਇਸਤ੍ਰੀਆਂ (ਗੁਰਸਿੱਖ)। ਮਿਲਿ–ਮਿਲ ਕੇ।੧। ਹਉ–ਮੈਂ। ਤਿਨ–ਉਨ੍ਹਾਂ ਦੇ। ਬਲਿਹਾਰੈ–ਸਦਕੇ ਜਾਂਦਾ ਹਾਂ। ਜਿਨ੍ਹ–ਜਿਨ੍ਹਾਂ ਨੇ। ਮੰਨਿ–ਮਨ ਵਿਚ। ਜਨ ਕਉ–ਸੇਵਕ ਨੂੰ। ਸਹਜਿ ਸੁਭਾਏ–ਸਹਿਜ ਸੁਭਾਵਕ ਹੀ।੧।ਰਹਾਉ। ਰੰਗਿ–ਪ੍ਰੇਮ ਕਰਕੇ। ਰਾਤੇ–ਰਚੇ ਰਹਿੰਦੇ ਹਨ। ਚਾਏ–ਅਨੰਦ ਵਿਚ। ਮਨਿ–ਮਨ ਵਿਚ। ਸਦ–ਸਦਾ। ਮੇਲਿ ਮਿਲਾਏ–ਮੇਲ (ਸੰਗ) ਵਿਚ ਮਿਲਾ ਲੈਂਦਾ ਹੈ।੨। ਰਾਤੇ–ਰੰਗੇ ਹੋਏ ਹਨ। ਰੰਗਾਏ–(ਹੋਰਨਾਂ ਨੂੰ) ਰੰਗ ਦਿਤਾ। ਨਿਜ ਘਰਿ–ਅਪਣੇ ਹਿਰਦੇ ਘਰ (ਸ੍ਵੈ ਸਰੂਪ) ਵਿਚ। ਗਾਏ–ਗਾ ਕੇ। ਰੰਗਿ ਚਲੂਲੈ–ਗੂੜ੍ਹੇ ਰੰਗ ਵਿਚ। ਰਸਿ–ਨਾਮ ਰਸ ਵਿਚ। ਭਾਏ–ਪ੍ਰੇਮ ਕਰਕੇ। ਸਾਚਿ ਸਮਾਏ–ਸੱਚੇ ਪ੍ਰਭੂ ਵਿਚ ਸਮਾਏ ਹੋਣ ਕਰਕੇ।੩। ਅੰਤਰਿ–ਹਿਰਦੇ ਅੰਦਰ। ਸਚਿ ਰਾਤੇ–ਸੱਚੇ ਪ੍ਰਭੂ ਵਿਚ ਰੰਗੇ ਹੋਏ ਹਨ। ਤਿਨ–ਉਨ੍ਹਾਂ ਦਾ। ਬਹੁੜਿ–ਮੁੜ ਕੇ। ਫੇਰਾ–ਗੇੜਾ। ਦ੍ਰਿੜਾਏ–ਪੱਕਾ ਕਰ ਦਿੰਦਾ ਹੈ।੪।੫।

ਬਿਲਾਵਲੁ ਮਹਲਾ ੩ ॥ ਪੂਰੇ ਗੁਰ ਤੇ ਵਡਿਆਈ ਪਾਈ ॥ ਅਚਿੰਤ ਨਾਮੁ ਵਸਿਆ ਮਨਿ ਆਈ ॥ ਹਉਮੈ ਮਾਇਆ ਸਬਦਿ ਜਲਾਈ ॥ ਦਰਿ ਸਾਚੈ ਗੁਰ ਤੇ ਸੋਭਾ ਪਾਈ ॥੧॥ ਜਗਦੀਸ ਸੇਵਉ ਮੈ ਅਵਰੁ ਨ ਕਾਜਾ ॥ ਅਨਦਿਨੁ ਅਨਦੁ ਹੋਵੈ ਮਨਿ ਮੇਰੈ, ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ ॥੧॥ਰਹਾਉ॥ ਮਨ ਕੀ ਪਰਤੀਤਿ ਮਨ ਤੇ ਪਾਈ ॥ ਪੂਰੇ ਗੁਰ ਤੇ ਸਬਦਿ ਬੁਝਾਈ ॥ ਜੀਵਣ ਮਰਣੁ

ਕੋ ਸਮਸਰਿ ਵੇਖੈ ॥ ਬਹੁੜਿ ਨ ਮਰੈ ਨਾ ਜਮੁ ਪੇਖੈ ॥੨॥ ਘਰ ਹੀ ਮਹਿ ਸਭਿ ਕੋਟ ਨਿਧਾਨ ॥ ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥ ਸਦ ਹੀ ਲਾਗਾ ਸਹਜਿ ਧਿਆਨ ॥ ਅਨਦਿਨੁ ਗਾਵੈ ਏਕੋ ਨਾਮ ॥੩॥ ਇਸੁ ਜੁਗ ਮਹਿ ਵਡਿਆਈ ਪਾਈ ॥ ਪੂਰੇ ਗੁਰ ਤੇ ਨਾਮੁ ਧਿਆਈ ॥ ਜਹ ਦੇਖਾ ਤਹ ਰਹਿਆ ਸਮਾਈ ॥ ਸਦਾ ਸੁਖ ਦਾਤਾ ਕੀਮਤਿ ਨਹੀਂ ਪਾਈ ॥੪॥ ਪੂਰੈ ਭਾਗਿ ਗੁਰੁ ਪੂਰਾ ਪਾਇਆ ॥ ਅੰਤਰਿ ਨਾਮੁ ਨਿਧਾਨੁ ਦਿਖਾਇਆ ॥ ਗੁਰ ਕਾ ਸਬਦੁ ਅਤਿ ਮੀਠਾ ਲਾਇਆ ॥ ਨਾਨਕ ਤ੍ਰਿਸਨ ਬੁਝੀ, ਮਨਿ ਤਨਿ ਸੁਖੁ ਪਾਇਆ ॥੫॥੬॥ (ਹੇ ਭਾਈ! ਅਸੀਂ) ਪੂਰੇ ਗੁਰੂ ਤੋਂ (ਨਾਮ ਦੀ) ਵਡਿਆਈ ਪ੍ਰਾਪਤ ਕੀਤੀ ਹੈ। (ਗੁਰੂ ਦੀ ਕ੍ਰਿਪਾ ਨਾਲ) ਅਚਾਨਕ ਹੀ ਮਨ ਵਿਚ ਪ੍ਰਭੂ ਦਾ ਨਾਮ ਆ ਵਸਿਆ ਹੈ। (ਅਸੀਂ) ਗੁਰੂ ਦੇ ਸ਼ਬਦ ਦੁਆਰਾ ਮਾਇਆ ਦੀ ਹਉਮੈ ਜਲਾ ਦਿਤੀ ਹੈ। ਅਤੇ ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਦੇ ਸੱਚੇ ਦਰ ਉਤੇ ਸੋਭਾ ਪਾ ਲਈ ਹੈ।੧। ਹੇ ਜਗਤ ਦੇ ਮਾਲਕ ਪ੍ਰਭੂ! (ਮੇਰੇ ਉਤੇ ਕਿਰਪਾ ਕਰ) ਮੈਂ ਤੇਰੀ ਸੇਵਾ ਭਗਤੀ ਕਰਦਾ ਰਹਾਂ, (ਇਸ ਤੋਂ ਚੰਗਾ) ਮੈਨੂੰ ਹੋਰ ਕੋਈ ਕੰਮ ਨਹੀਂ ਲੱਗਦਾ। (ਜਿਸ ਕਰਕੇ) ਮੇਰੇ ਮਨ ਵਿਚ ਹਰ ਰੋਜ ਅਨੰਦ ਪ੍ਰਾਪਤ ਹੁੰਦਾ ਰਹੇ, ਗੁਰੂ ਰਾਹੀ ਮੈਂ ਤੇਰਾ ਨਾਮ ਮੰਗਦਾ ਹਾਂ, ਜੋ ਵਡਿਆਈ ਦੇਣ ਵਾਲਾ ਹੈ।੧। ਰਹਾਉ। (ਹੇ ਭਾਈ!) ਪੂਰੇ ਗੁਰੂ ਤੋਂ ਸ਼ਬਦ ਦੁਆਰਾ ਸਮਝ ਆਈ ਹੈ ਕਿ ਮਨ ਤੋਂ ਹੀ ਮਨ ਦੀ ਪ੍ਰਤੀਤ ਪ੍ਰਾਪਤ ਹੁੰਦੀ ਹੈ। (ਜਿਹੜਾ) ਕੋਈ ਮਨੁੱਖ ਜੀਵਨ ਤੇ ਮੌਤ ਨੂੰ ਇਕੋ ਜਿਹਾ ਦੇਖਦਾ ਹੈ। ਉਹ ਮੁੜ ਕੇ ਮਰਦਾ ਨਹੀਂ ਅਤੇ ਨਾ (ਉਹ) ਜਮ ਨੂੰ ਦੇਖਦਾ ਹੈ; ਨਾ ਜਮਰਾਜ (ਉਸ ਵੱਲ) ਦੇਖਦਾ ਹੈ।੨। (ਹੇ ਭਾਈ!) ਹਿਰਦੇ ਘਰ ਵਿਚ ਹੀ ਸਭ ਖਜਾਨਿਆਂ ਦੇ ਕਿਲ੍ਹੇ ਹਨ; ਜੋ ਕ੍ਰੋੜਾਂ ਖਜਾਨੇ ਹਨ, ਉਹ ਸਾਰੇ ਸਰੀਰ ਘਰ ਵਿਚ ਹੀ ਹਨ। (ਜਿਸ ਮਨੁੱਖ ਨੂੰ ਇਹ ਖਜਾਨੇ) ਸਤਿਗੁਰੂ ਨੇ ਦਿਖਾਏ ਹਨ, (ਉਸ ਦਾ) ਹੰਕਾਰ ਦੂਰ ਹੋ ਗਿਆ ਹੈ। (ਫਿਰ ਉਸ ਦਾ) ਸਦਾ ਹੀ ਆਤਮ ਸਰੂਪ ਵਿਚ ਧਿਆਨ ਲੱਗਾ ਰਹਿੰਦਾ ਹੈ। ਅਤੇ ਉਹ ਹਰ ਰੋਜ ਇਕ ਨਾਮ ਹੀ ਗਾਉਂਦਾ (ਸਿਮਰਦਾ) ਹੈ।੩। ਇਸ ਕਲਜੁਗ ਵਿਚ (ਮੈਂ ਨਾਮ ਰੂਪ) ਵਡਿਆਈ ਪਾਈ ਹੈ। ਪੂਰੇ ਗੁਰੂ ਤੋਂ ਨਾਮ ਪ੍ਰਾਪਤ ਕਰਕੇ ਸਿਮਰਦਾ ਹਾਂ। (ਹੁਣ) ਮੈਂ ਜਿੱਥੇ ਦੇਖਦਾ ਹਾਂ, ਉਥੇ (ਮੈਨੂੰ) ਪ੍ਰਭੂ ਸਮਾ ਰਿਹਾ ਦਿਸਦਾ ਹੈ। (ਉਹ ਪ੍ਰਭੂ) ਸਦਾ ਸੁਖਾਂ ਦਾ ਦਾਤਾ ਹੈ, (ਪਰ ਉਸ ਦੀ) ਕੀਮਤ ਨਹੀਂ ਪਾਈ ਜਾ ਸਕਦੀ (ਬੇਅੰਤ ਹੈ)।੪। ਪੂਰੇ ਭਾਗਾਂ ਨਾਲ (ਮੈਂ) ਪੂਰਾ ਗੁਰੂ ਪਾਇਆ ਹੈ। (ਗੁਰੂ ਨੇ) ਨਾਮ ਰੂਪ ਖਜਾਨਾ ਹਿਰਦੇ ਦੇ ਅੰਦਰ ਹੀ ਦਿਖਾ ਦਿਤਾ ਹੈ। (ਹੁਣ ਮੈਨੂੰ) ਗੁਰੂ ਦਾ ਸਬਦ ਬਹੁਤ ਮਿੱਠਾ ਲਗ ਆਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਸ਼ਬਦ ਦੀ ਬਰਕਤ ਨਾਲ ਹਰ ਪ੍ਰਕਾਰ ਦੀ) ਤ੍ਰਿਸ਼ਨਾ ਬੁਝ ਗਈ ਹੈ ਅਤੇ ਮਨ ਵਿਚ ਤੇ ਸਰੀਰ ਵਿਚ ਸੁਖ ਪਾ ਲਿਆ ਹੈ।੫।੬।੪।੬।੧੦।

ਪਦਾਰਥ = ਤੇ–ਤੋਂ; ਨਾਲ। ਅਚਿੰਤ–ਅਚਾਨਕ; ਨਿਰਯਤਨ; ਚਿੰਤਾ ਦੂਰ ਕਰਨ ਵਾਲਾ। ਮਨਿ–ਮਨ ਵਿਚ। ਜਲਾਈ–ਜਲਾ ਦਿਤੀ। ਦਰਿ ਸਾਚੈ–ਸੱਚੇ ਪ੍ਰਭੂ ਦੇ ਦਰ ਉਤੇ।੧। ਜਗਦੀਸ–ਜਗਤ ਦਾ ਮਾਲਕ ਪ੍ਰਭੂ। ਸੇਵਉ–ਸੇਵਾ ਭਗਤੀ ਕਰਦਾ ਰਹਾਂ। ਮੈ–ਮੈਨੂੰ। ਅਵਰੁ–ਹੋਰ। ਕਾਜਾ–ਕੰਮ। ਅਨਦਿਨੁ–ਹਰ ਰੋਜ। ਗੁਰਮੁਖਿ–ਗੁਰੂ ਰਾਹੀਂ। ਮਾਗਉ–ਮੰਗਦਾ ਹਾਂ। ਨਿਵਾਜਾ–ਵਡਿਆਈ ਦੇਣ ਵਾਲਾ।੧। ਰਹਾਉ। ਪਰਤੀਤਿ–ਨਿਸਚਾ; ਭਰੋਸਾ। ਮਨ ਤੇ–ਮਨ ਤੋਂ (ਮਨ ਦੇ ਅੰਦਰੋਂ ਹੀ)। ਬੁਝਾਈ–ਸਮਝ ਆਈ ਹੈ। ਜੀਵਣ ਮਰਣੁ–ਜੀਵਨ ਤੇ ਮੌਤ। ਕੋ–ਕੋਈ। ਸਮਸਰਿ–ਇਕੋ ਜਿਹਾ (ਬਰਾਬਰ)। ਬਹੁੜਿ–ਮੁੜ ਕੇ। ਪੇਖੈ–ਦੇਖਦਾ ਹੈ।੨। ਘਰ ਹੀ ਮਹਿ–ਹਿਰਦੇ ਘਰ ਵਿਚ ਹੀ। ਕੋਟ–ਕਿਲ੍ਹੇ; ਕ੍ਰੋੜਾਂ। ਨਿਧਾਨ–ਖਜਾਨੇ। ਸਤਿਗੁਰਿ–ਸਤਿਗੁਰੂ ਨੇ। ਸਦ ਹੀ–ਸਦਾ ਹੀ। ਸਹਜਿ ਧਿਆਨ–ਆਤਮ ਸਰੂਪ ਵਿਚ ਧਿਆਨ (ਮ. ਕੋ.)।੩। ਜੁਗ ਮਹਿ–ਕਲਜੁਗ ਵਿਚ। ਧਿਆਈ–ਧਿਆਉਂਦਾ ਹਾਂ। ਜਹ–ਜਿੱਥੇ। ਦੇਖਾ–ਦੇਖਦਾ ਹਾਂ। ਤਹ–ਉਥੇ। ਰਹਿਆ ਸਮਾਈ–ਵਿਆਪਕ ਹੋ ਰਿਹਾ ਹੈ। ਦਾਤਾ–ਦੇਣ ਵਾਲਾ।੪। ਭਾਗਿ–ਭਾਗਾਂ ਨਾਲ। ਅੰਤਰਿ–ਹਿਰਦੇ ਅੰਦਰ। ਨਿਧਾਨੁ–ਖਜਾਨਾ। ਅਤਿ–ਬਹੁਤ। ਮੀਠਾ–ਮਿੱਠਾ; ਪਿਆਰਾ। ਬੁਝੀ–ਬੁਝ ਗਈ। ਮਨਿ–ਮਨ ਵਿਚ। ਤਨਿ–ਸਰੀਰ ਵਿਚ।੫।੬।੪।੬।੧੦।

ਸਾਰੰਸ਼ = ਗੁਰੂ ਕਿਵੇਂ ਹਰੀ ਦਾ ਨਾਮ ਬਖਸ਼ਦਾ ਹੈ? ਗੁਰੂ ਪਹਿਲਾਂ ਅਪਣੇ ਸ਼ਬਦ ਦੁਆਰਾ ਸਾਡੇ ਮਨ ਵਿਚੋਂ ਹਉਮੈ ਕਢਦਾ ਹੈ, ਜਿਸ ਤੇ ਅਸੀਂ ਕੇਵਲ ਹਰੀ ਦੀ ਸੇਵਾ ਵਿਚ ਲਗ ਜਾਂਦੇ ਹਾਂ। ਫਿਰ ਅਸੀਂ ਮਰਨ ਜੀਵਨ ਨੂੰ ਇਕੋ ਜਿਹਾ ਦੇਖਣ ਲਗ ਜਾਂਦੇ ਹਾਂ, ਜਿਸ ਕਰਕੇ ਸਾਡੇ ਮਨ ਵਿਚੋਂ ਮੌਤ ਦਾ ਡਰ ਦੂਰ ਹੋ ਜਾਂਦਾ ਹੈ। ਫਿਰ ਗੁਰੂ ਹਰੀ ਦੇ ਗੁਣ ਗਾਉਣਾ ਸਿਖਾ ਕੇ ਆਤਮ ਸਰੂਪ ਵਿਚ ਧਿਆਨ ਜੋੜਨਾ ਸਿਖਾਉਂਦਾ ਹੈ। ਜਿਸ ਨਾਲ ਮਨ ਹਰ ਥਾਂ ਹਰੀ ਨੂੰ ਪਸਰਿਆ ਦੇਖਦਾ ਹੈ (ਸ਼ਬਦਾਰਥ)।

ਰਾਗੁ ਬਿਲਾਵਲੁ ਮਹਲਾ ੪ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਉਦਮ ਮਤਿ ਪ੍ਰਭ ਅੰਤਰਜਾਮੀ, ਜਿਉ ਪ੍ਰੇਰੇ ਤਿਉ ਕਰਨਾ ॥ ਜਿਉ ਨਟੂਆ ਤੰਤੁ ਵਜਾਏ ਤੰਤੀ, ਤਿਉ ਵਾਜਹਿ ਜੰਤ ਜਨਾ ॥੧॥ (ਹੇ ਭਾਈ!) ਉਦਮ ਕਰਨ ਵਾਲੀ ਮੱਤ ਅੰਤਰਜਾਮੀ ਪ੍ਰਭੂ ਦੇਂਦਾ ਹੈ, ਜਿਵੇਂ ਉਹ (ਸਾਨੂੰ ਜੀਵਾਂ ਨੂੰ) ਪ੍ਰੇਰਦਾ ਹੈ, ਤਿਵੇਂ (ਅਸੀਂ ਸਾਰੇ ਜੀਵ) ਕੰਮ ਕਰਦੇ ਹਾਂ। ਜਿਸ ਤਰ੍ਹਾਂ ਨਾਟਕ ਕਰਨ ਵਾਲਾ ਵੀਣਾ

ਦੀ ਤਾਰ ਨੂੰ ਵਜਾਉਂਦਾ ਹੈ, ਉਸ ਤਰ੍ਹਾਂ (ਹਰੀ ਦੀ ਤਾਕਤ) ਨਾਲ ਵਾਜਾ ਰੂਪ ਜੀਵ ਵਜਦੇ ਹਨ।੧।

ਅੰਗ ੭੯੯ = ਜਪਿ ਮਨ ਰਾਮ ਨਾਮੁ ਰਸਨਾ ॥ ਮਸਤਕਿ ਲਿਖਤ ਲਿਖੇ ਗੁਰੁ ਪਾਇਆ, ਹਰਿ ਹਿਰਦੈ ਹਰਿ ਬਸਨਾ ॥੧॥ਰਹਾਉ॥ ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ, ਰਖਿ ਲੇਵਹੁ ਜਨੁ ਅਪਨਾ ॥ ਜਿਉ ਪ੍ਰਹਿਲਾਦੁ ਹਰਨਾਖਸਿ ਗ੍ਰਸਿਓ, ਹਰਿ ਰਾਖਿਓ ਹਰਿ ਸਰਨਾ ॥੨॥ ਕਵਨ ਕਵਨ ਕੀ ਗਤਿ ਮਿਤਿ ਕਹੀਐ, ਹਰਿ ਕੀਏ ਪਤਿਤ ਪਵੰਨਾ ॥ ਓਹੁ ਢੋਵੈ ਢੋਰ ਹਾਥਿ ਚਮੁ ਚਮਰੇ, ਹਰਿ ਉਧਰਿਓ ਪਰਿਓ ਸਰਨਾ ॥੩॥ ਪ੍ਰਭ ਦੀਨ ਦਇਆਲ ਭਗਤ ਭਵ ਤਾਰਨ, ਹਮ ਪਾਪੀ ਰਾਖੁ ਪਪਨਾ ॥ ਹਰਿ ਦਾਸਨ ਦਾਸ ਦਾਸ ਹਮ ਕਰੀਅਹੁ ,ਜਨ ਨਾਨਕ ਦਾਸ ਦਾਸੰਨਾ ॥੪॥੧॥ ਹੇ ਮੇਰੇ ਮਨ! ਜੀਭ ਨਾਲ ਪ੍ਰਭੂ ਦਾ ਨਾਮ ਜਪਿਆ ਕਰ।ਮੱਥੇ ਉਤੇ ਲਿਖੇ ਲੇਖ ਅਨੁਸਾਰ (ਜਿਸ ਮਨੁੱਖ ਨੂੰ) ਗੁਰੂ ਪ੍ਰਾਪਤ ਹੋਇਆ ਹੈ, (ਗੁਰੂ ਦੀ ਕ੍ਰਿਪਾ ਨਾਲ ਉਸ ਦੇ) ਹਿਰਦੇ ਵਿਚ ਹਰੀ ਦਾ ਨਾਮ ਵਸ ਗਿਆ ਹੈ।੧।ਰਹਾਉ। (ਹੇ ਪ੍ਰਭੂ! ਇਹ) ਜੀਵ ਮਾਇਆ ਦੇ ਮੋਹ ਵਿਚ ਗ੍ਰਸਿਆ ਹੋਇਆ ਭਟਕਦਾ ਫਿਰਦਾ ਹੈ, (ਕ੍ਰਿਪਾ ਕਰਕੇ ਮੈਨੂੰ) ਅਪਣੇ ਦਾਸ ਨੂੰ (ਮਾਇਆ ਤੋਂ) ਰੱਖ ਲਵੋ।ਜਿਵੇਂ ਪ੍ਰਹਿਲਾਦ ਨੂੰ ਹਰਨਾਖਸ਼ ਨੇ ਗ੍ਰਸਿਆ ਸੀ, (ਉਸ ਵੇਲੇ ਉਹ) ਹਰੀ ਦੀ ਸ਼ਰਨ ਪਿਆ ਤੇ ਹਰੀ ਨੇ (ਨਰ ਸਿੰਘ ਰੂਪ ਧਾਰ ਕੇ ਉਸ ਦੀ) ਰੱਖਿਆ ਕੀਤੀ (ਤਿਵੇਂ ਮੇਰੀ ਵੀ ਰੱਖਿਆ ਕਰੋ)।੨।ਕਿਸ ਕਿਸ (ਭਗਤ) ਦੀ ਮੁਕਤੀ ਦੀ ਹਾਲਤ ਦੱਸੀਏ, ਹਰੀ ਨੇ ਵੱਡੇ ਵੱਡੇ ਪਾਪੀ ਪਵਿਤ੍ਰ ਕਰ ਦਿਤੇ।ਉਹ (ਚਮਾਰ ਲੋਕ ਜੋ) ਮਰੇ ਹੋਏ ਪਸ਼ੂਆਂ ਨੂੰ ਢੋਂਦੇ ਸੀ, (ਉਨ੍ਹਾਂ ਦੀ ਕੁਲ ਦੇ ਰਵਿਦਾਸ) ਚਮਾਰ ਦੇ ਹੱਥ ਵਿਚ ਚਮੜਾ ਰਹਿੰਦਾ ਸੀ, (ਜਦ ਉਹ) ਹਰੀ ਦੀ ਸਰਨ ਵਿਚ ਪਿਆ, ਤਾਂ ਤਰ ਗਿਆ ਸੀ।੩।ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! ਹੇ ਭਗਤਾਂ ਨੂੰ ਭਵਜਲ ਤੋਂ ਤਾਰਨ ਵਾਲੇ! ਸਾਨੂੰ ਪਾਪੀਆਂ ਨੂੰ ਪਾਪਾ ਤੋਂ ਬਚਾ ਕੇ ਰੱਖ ਲਵੋ ।ਹੇ ਹਰੀ! ਮੈਨੂੰ ਅਪਣੇ ਦਾਸਾਂ ਦੇ ਦਾਸਾਂ ਦਾ ਦਾਸ ਬਣਾ ਲਵੋ, ਦਾਸ ਨਾਨਕ ਤੇਰੇ ਦਾਸਾਂ ਦਾ ਦਾਸ ਹੈ।੪।੧।

ਪਦਾਰਥ = ਮਤਿ–ਅਕਲ।ਅੰਤਰਜਾਮੀ–ਸਭ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ।ਪ੍ਰੇਰੇ–ਪ੍ਰੇਰਦਾ ਹੈ।ਕਰਨਾ–ਕੰਮ ਕਰਦਾ ਹੈ। ਨਟੂਆ–ਨਟ (ਤਮਾਸ਼ਾ ਕਰਨ ਵਾਲਾ)।ਤੰਤੁ–ਤਾਰ।ਤੰਤੀ–ਵੀਣਾ।ਵਾਜਹਿ–ਵਜਦੇ ਹਨ।ਜੰਤ ਜਨਾ–ਜੀਵ ਰੂਪ ਵਾਜੇ।੧।ਮਨ–ਹੇ ਮਨ!।ਰਸਨਾ–ਜੀਭ ਨਾਲ।ਮਸਤਕਿ–ਮੱਥੇ ਉਤੇ।ਲਿਖਤ–ਲੇਖ।ਹਿਰਦੈ–ਹਿਰਦੇ ਵਿਚ।ਬਸਨਾ–ਵਸ ਗਿਆ।੧।ਰਹਾਉ।ਗਿਰਸਤਿ –ਗ੍ਰਸਿਆ ਹੋਇਆ।ਭ੍ਰਮਤੁ–ਭਟਕਦਾ ਫਿਰਦਾ ਹੈ।ਪ੍ਰਾਨੀ–ਜੀਵ।ਜਨੁ ਅਪਨਾ–ਅਪਣੇ ਦਾਸ ਨੂੰ।ਹਰਨਾਖਸਿ–ਹਰਨਾਖਸ ਨੇ। ਗ੍ਰਸਿਓ–ਗ੍ਰਸਿਆ (ਫੜ ਲਿਆ) ਸੀ।੨।ਕਵਨ ਕਵਨ–ਕਿਸ ਕਿਸ ਦੀ।ਗਤਿ ਮਿਤਿ–ਮੁਕਤੀ ਦੀ ਹਾਲਤ; ਆਤਮ ਗਿਆਨ ਦੀ ਹਾਲਤ।ਕੀਏ–ਕਰ ਦਿਤੇ।ਪਤਿਤ–ਪਾਪੀ।ਪਵੰਨਾ–ਪਵਿਤ੍ਰ।ਢੋਵੈ ਢੋਰ–ਮਰੇ ਪਸ਼ੂ ਢੋਂਦੇ ਸੀ।ਹਾਥਿ ਚਮਰੇ–ਚਮਾਰ ਦੇ ਹੱਥ ਵਿਚ। ਉਧਰਿਓ–ਤਰ ਗਿਆ।ਪਰਿਓ ਸਰਨਾ–ਸ਼ਰਨ ਵਿਚ ਪਿਆ।੩।ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ।ਭਵ ਤਾਰਨ –ਸੰਸਾਰ ਸਮੁੰਦਰ ਤੋਂ ਤਾਰਨ ਵਾਲਾ।ਹਮ–ਸਾਨੂੰ; ਮੈਂ।ਪਪਨਾ–ਪਾਪਾਂ ਤੋਂ।ਕਰੀਅਹੁ–ਬਣਾ ਲਵੋ।ਦਾਸੰਨਾ–ਦਾਸਾਂ ਦਾ।੪।੧।

ਬਿਲਾਵਲੁ ਮਹਲਾ ੪ ॥ ਹਮ ਮੂਰਖ ਮੁਗਧ ਅਗਿਆਨ ਮਤੀ, ਸਰਣਾਗਤਿ ਪੁਰਖ ਅਜਨਮਾ ॥ ਕਰਿ ਕਿਰਪਾ ਰਖਿ ਲੇਵਹੁ ਮੇਰੇ ਠਾਕੁਰ, ਹਮ ਪਾਥਰ ਹੀਨ ਅਕਰਮਾ ॥੧॥ ਮੇਰੇ ਮਨ, ਭਜੁ ਰਾਮ ਨਾਮੈ ਰਾਮਾ ॥ ਗੁਰਮਤਿ ਹਰਿ ਰਸੁ ਪਾਈਐ, ਹੋਰਿ ਤਿਆਗਹੁ ਨਿਹਫਲ ਕਾਮਾ ॥੧॥ਰਹਾਉ॥ ਹਰਿ ਜਨ ਸੇਵਕ ਸੇ ਹਰਿ ਤਾਰੇ, ਹਮ ਨਿਰਗੁਨ ਰਾਖੁ ਉਪਮਾ ॥ ਤੁਝ ਬਿਨੁ ਅਵਰੁ ਨ ਕੋਈ ਮੇਰੇ ਠਾਕੁਰ, ਹਰਿ ਜਪੀਐ ਵਡੇ ਕਰੰਮਾ ॥੨॥ ਨਾਮ ਹੀਨ ਧ੍ਰਿਗੁ ਜੀਵਤੇ, ਤਿਨ ਵਡ ਦੂਖ ਸਹੰਮਾ ॥ ਓਇ ਫਿਰਿ ਫਿਰਿ ਜੋਨਿ ਭਵਾਈਅਹਿ, ਮੰਦ ਭਾਗੀ ਮੂੜ ਅਕਰਮਾ ॥੩॥ ਹਰਿ ਜਨ ਨਾਮੁ ਅਧਾਰੁ ਹੈ, ਧੁਰਿ ਪੂਰਬਿ ਲਿਖੇ ਵਡ ਕਰਮਾ ॥ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ, ਜਨ ਨਾਨਕ ਸਫਲ ਜਨੰਮਾ ॥੪॥੨॥ ਹੇ ਜਨਮ ਤੋਂ ਰਹਿਤ ਵਿਆਪਕ ਪ੍ਰਭੂ! ਅਸੀਂ ਜੀਵ ਮੂਰਖ, ਅਗਿਆਨ ਦੀ ਮੱਤ ਵਾਲੇ ਬੇਸਮਝ ਜੀਵ ਤੇਰੀ ਸ਼ਰਣ ਵਿਚ ਆਏ ਹਾਂ।ਹੇ ਮੇਰੇ ਮਾਲਕ ਪ੍ਰਭੂ! ਅਸੀਂ ਪੱਥਰ ਵਰਗੇ ਕਠੋਰ ਦਿਲ ਵਾਲੇ, ਸ਼ੁੱਭ ਗੁਣਾਂ ਤੋਂ ਖਾਲੀ ਅਤੇ ਕਰਮ ਹੀਣ ਹਾਂ, ਕ੍ਰਿਪਾ ਕਰਕੇ ਸਾਨੂੰ ਰੱਖ (ਬਚਾ) ਲਵੋ।੧।ਹੇ ਮੇਰੇ ਮਨ! ਸਭ ਵਿਚ ਰਮਿਆ ਹੋਇਆ ਜੋ ਰਾਮ ਹੈ, (ਉਸ ਦਾ) ਭਜਨ ਕਰ।ਗੁਰੂ ਦੀ ਮੱਤ ਦੁਆਰਾ ਹਰੀ ਦੇ ਨਾਮ ਦਾ ਰਸ ਪਾਈਦਾ ਹੈ, (ਹੇ ਭਾਈ!) ਹੋਰ ਸਾਰੇ ਨਿਸਫਲ ਕੰਮ ਛਡ ਦਿਓ।੧।ਰਹਾਉ।ਹੇ ਹਰੀ! (ਜਿਹੜੇ) ਮਨੁੱਖ ਤੇਰੇ ਸੇਵਕ ਹਨ; (ਜਿਹੜੇ ਮਨੁੱਖ ਤੇਰੇ) ਸੇਵਕਾਂ ਦੇ ਸੇਵਕ ਹਨ, ਹੇ ਹਰੀ! ਉਹ ਤੈਂ (ਭਵਜਲ ਤੋਂ) ਤਾਰ ਦਿਤੇ ਹਨ, ਅਸੀਂ ਜੀਵ ਗੁਣ ਹੀਣ ਹਾਂ, (ਸਾਡੀ) ਰੱਖਿਆ ਕਰ, (ਇਸ ਵਿਚ ਤੇਰੀ ਹੀ) ਵਡਿਆਈ ਹੈ।ਹੇ ਮੇਰੇ ਠਾਕੁਰ! ਤੇਰੇ ਤੋਂ ਬਿਨਾ ਸਾਡਾ ਹੋਰ ਕੋਈ ਸਹਾਈ ਨਹੀਂ, ਹੇ ਹਰੀ! ਵੱਡੇ ਭਾਗਾਂ ਨਾਲ ਹੀ ਤੇਰਾ ਨਾਮ ਜਪਿਆ ਜਾਂਦਾ ਹੈ।੨।(ਹੇ ਭਾਈ! ਜਿਹੜੇ ਮਨੁੱਖ) ਨਾਮ ਜਪਣ ਤੋਂ ਬਿਨਾ ਜਿਉਂਦੇ ਹਨ, (ਉਹ) ਧਿਰਕਾਰ ਯੋਗ ਹਨ ਅਤੇ ਉਨ੍ਹਾਂ ਨੂੰ ਵੱਡੇ ਦੁਖ ਸਹਾਰਨੇ ਪੈਂਦੇ ਹਨ।ਉਹ ਮੰਦੇ

ਭਾਗਾਂ ਤੇ ਭੈੜੇ ਕਰਮਾਂ ਵਾਲੇ ਮੂਰਖ ਮੁੜ ਮੁੜ ਕੇ ਜੋਨੀਆਂ ਵਿਚ ਭਵਾਏ ਜਾਂਦੇ ਹਨ।੩।(ਹੇ ਭਾਈ!) ਪ੍ਰਭੂ ਦਾ ਨਾਮ ਹੀ ਹਰੀ ਦੇ ਸੇਵਕਾਂ ਦਾ ਆਸਰਾ ਹੈ, (ਉਨ੍ਹਾਂ ਦੇ) ਮੱਥੇ ਉਤੇ ਧੁਰ ਤੋਂ ਪਹਿਲੇ ਜਨਮਾਂ ਦੇ ਵੱਡੇ ਭਾਗ ਲਿਖੇ ਹੋਏ ਹਨ।ਦਾਸ ਨਾਨਕ ਦਾ ਜਨਮ ਸਫਲ ਹੋ ਗਿਆ ਹੈ, (ਕਿਉਂਕਿ) ਪੂਜਨੀਕ ਸਤਿਗੁਰੂ ਨੇ (ਮੈਨੂੰ ਹਰੀ ਦਾ) ਨਾਮ ਦ੍ਰਿੜ ਕਰਾ ਦਿਤਾ ਹੈ।੪।੨।

ਪਦਾਰਥ = ਹਮ-ਅਸੀਂ।ਮੁਗਧ-ਬੇਸਮਝ।ਮਤੀ-ਅਕਲ।ਪੁਰਖ ਅਜਨਮਾ-ਜਨਮ ਤੋਂ ਰਹਿਤ ਵਿਆਪਕ ਪ੍ਰਭੂ।ਠਾਕੁਰ-ਹੇ ਮਾਲਕ ਪ੍ਰਭੂ!।ਹੀਨ-(ਗੁਣ) ਹੀਨ; ਨਿਮਾਣੇ; ਬਿਨਾ।ਅਕਰਮਾ-ਅਭਾਗਾ; ਮੰਦਕਰਮੀ; ਸ਼ੁੱਭ ਕਰਮਾਂ ਤੋਂ ਰਹਿਤ; (ਰੱਬ ਦੀ) ਬਖਸ਼ਿਸ਼ ਤੋਂ ਰਹਿਤ।੧।ਭਜੁ-ਭਜਨ ਕਰ।ਰਾਮ ਨਾਮੈ-ਪ੍ਰਮਾਤਮਾ ਦੇ ਨਾਮ ਨੂੰ।ਰਾਮਾ-ਵਿਆਪਕ ਪ੍ਰਭੂ।ਗੁਰਮਤਿ-ਗੁਰੂ ਦੇ ਉਪਦੇਸ਼ ਦੁਆਰਾ। ਰਸੁ-ਅਨੰਦ।ਤਿਆਗਹੁ-ਛਡ ਦਿਓ।ਨਿਹਫਲ ਕਾਮਾ-ਨਿਸਫਲ ਕੰਮ।੧।ਰਹਾਉ।ਜਨ-ਮਨੁੱਖ; ਸੇਵਕ।ਸੇ-ਉਹ।ਤਾਰੇ-ਤਾਰ ਦਿਤੇ।ਨਿਰਗੁਨ-ਗੁਣ ਹੀਣ।ਉਪਮਾ-ਵਡਿਆਈ।ਅਵਰੁ-ਹੋਰ।ਕਰੰਮਾ-ਭਾਗਾਂ ਨਾਲ।੨।ਧ੍ਰਿਗੁ-ਧ੍ਰਿਕਾਰ (ਫਿਟਕਾਰ) ਯੋਗ।ਤਿਨ -ਉਨ੍ਹਾਂ ਨੂੰ।ਸਹੰਮਾ-ਸਹਾਰਨਾ ਪੈਂਦਾ ਹੈ।ਓਇ-ਉਹ (ਬਹੁ ਵਚਨ)।ਫਿਰਿ ਫਿਰਿ-ਮੁੜ ਮੁੜ (ਬਾਰ ਬਾਰ)।ਭਵਾਈਅਹਿ-ਭਵਾਏ (ਫਿਰਾਏ) ਜਾਂਦੇ ਹਨ।ਮੰਦ ਭਾਗੀ-ਮੰਦੇ ਭਾਗਾਂ ਵਾਲੇ।ਮੂੜ-ਮੂਰਖ।੩।ਗੁਰਿ ਸਤਿਗੁਰਿ-ਪੂਜਨੀਕ ਸਤਿਗੁਰੂ ਨੇ।ਦ੍ਰਿੜਾਇਆ- (ਹਿਰਦੇ ਵਿਚ) ਪੱਕਾ ਕਰ ਦਿਤਾ।ਜਨ ਨਾਨਕ-ਦਾਸ ਨਾਨਕ ਦਾ।ਜਨੰਮਾ-ਜਨਮ।੪।੨।

ਬਿਲਾਵਲੁ ਮਹਲਾ ੪ ॥ ਹਮਰਾ ਚਿਤੁ ਲੁਭਤ ਮੋਹਿ ਬਿਖਿਆ, ਬਹੁ ਦੁਰਮਤਿ ਮੈਲੁ ਭਰਾ ॥ ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ, ਹਮ ਕਿਉ ਕਰਿ ਮੁਗਧ ਤਰਾ ॥੧॥ ਮੇਰੇ ਮਨ, ਜਪਿ ਨਰਹਰ ਨਾਮੁ ਨਰਹਰਾ ॥ ਜਨ ਊਪਰਿ ਕਿਰਪਾ ਪ੍ਰਭਿ ਧਾਰੀ, ਮਿਲਿ ਸਤਿਗੁਰ ਪਾਰਿ ਪਰਾ ॥੧॥ਰਹਾਉ॥ ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ, ਹਰਿ ਦੇਹੁ ਮਤੀ ਜਸੁ ਕਰਾ ॥ ਤੁਮ੍ਰੈ ਸੰਗਿ ਲਗੇ ਸੇ ਉਧਰੇ, ਜਿਉ ਸੰਗਿ ਕਾਸਟ ਲੋਹ ਤਰਾ ॥੨॥ ਸਾਕਤ ਨਰ ਹੋਛੀ ਮਤਿ ਮਧਿਮ, ਜਿਨ੍ ਹਰਿ ਹਰਿ ਸੇਵ ਨ ਕਰਾ ॥ ਤੇ ਨਰ ਭਾਗਹੀਨ ਦੁਹਚਾਰੀ, ਓਇ ਜਨਮਿ ਮੁਏ ਫਿਰਿ ਮਰਾ ॥੩॥ ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ, ਤੇ ਨ੍ਹਾਏ ਸੰਤੋਖ ਗੁਰ ਸਰਾ ॥ ਦੁਰਮਤਿ ਮੈਲੁ ਗਈ ਹਰਿ ਭਜਿਆ, ਜਨ ਨਾਨਕ ਪਾਰਿ ਪਰਾ ॥੪॥੩॥ ਹੇ ਪ੍ਰਭੂ! ਸਾਡਾ (ਕਲਜੁਗੀ ਜੀਵਾਂ ਦਾ) ਚਿਤ ਮਾਇਆ ਦੇ ਮੋਹ ਵਿਚ ਲੁਭਾਇਮਾਨ ਰਹਿੰਦਾ ਹੈ ਅਤੇ ਖੋਟੀ ਮੱਤ ਨਾਲ ਬਹੁਤ ਭਰਿਆ ਹੋਇਆ ਹੈ।(ਇਸ ਲਈ) ਹੇ ਪ੍ਰਭੂ! ਅਸੀਂ ਤੇਰੀ ਸੇਵਾ ਭਗਤੀ ਨਹੀਂ ਕਰ ਸਕਦੇ, ਅਸੀਂ ਮੂਰਖ ਲੋਕ (ਸੰਸਾਰ ਸਮੁੰਦਰ ਤੋਂ) ਕਿਵੇਂ ਤਰ ਸਕਾਂਗੇ?।੧।ਹੇ ਮੇਰੇ ਮਨ! ਜੋ ਸ਼ਕਤੀਸ਼ਾਲੀ ਪ੍ਰਭੂ ਹੈ, ਉਸ ਪ੍ਰਭੂ ਦਾ ਨਾਮ ਜਪਿਆ ਕਰ।ਜਿਸ ਮਨੁੱਖ ਉਪਰ ਪ੍ਰਭੂ ਨੇ ਕ੍ਰਿਪਾ ਕੀਤੀ ਹੈ, ਉਹ ਸਤਿਗੁਰੂ ਨਾਲ ਮਿਲ ਕੇ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਿਆ ਹੈ।੧।ਰਹਾਉ।ਹੇ ਸਾਡੇ ਪਿਤਾ! ਹੇ ਠਾਕਰ! ਹੇ ਸੁਆਮੀ! ਹੇ ਹਰੀ! ਸਾਨੂੰ ਅਜੇਹੀ ਮੱਤ ਦਿਓ, (ਜਿਸ ਨਾਲ ਅਸੀਂ ਤੇਰਾ) ਜਸ ਕਰਦੇ ਰਹੀਏ।(ਜਿਹੜੇ ਜੀਵ) ਤੇਰੇ ਨਾਲ ਲੱਗੇ ਹੋਏ ਹਨ, ਉਹ (ਭਵਜਲ ਤੋਂ) ਤਰ ਗਏ ਹਨ, ਜਿਵੇਂ ਲੱਕੜੀ ਨਾਲ ਲਗ ਕੇ ਲੋਹਾ (ਨਦੀ ਤੋਂ) ਤਰ ਜਾਂਦਾ ਹੈ।੨।ਉਹ ਸਾਕਤ ਮਨੁੱਖ ਹੋਛੀ ਅਤੇ ਨੀਚ ਮੱਤ ਵਾਲੇ ਹਨ, ਜਿਨ੍ਹਾਂ ਨੇ ਹਰੀ ਦੀ ਸੇਵਾ ਭਗਤੀ ਨਹੀਂ ਕੀਤੀ ।ਉਹ ਮਨੁੱਖ ਮੰਦੇ ਭਾਗਾਂ ਵਾਲੇ ਤੇ ਦੁਰਾਚਾਰੀ ਹਨ ਅਤੇ ਉਹ ਮੁੜ ਮੁੜ ਜੰਮਦੇ ਮਰਦੇ ਰਹਿੰਦੇ ਹਨ।੩।ਹੇ ਮਾਲਕ ਪ੍ਰਭੂ! ਜਿਨ੍ਹਾਂ ਨੂੰ ਤੂੰ ਅਪਣੇ ਨਾਲ ਮੇਲ ਲੈਂਦਾ ਹੈਂ, ਉਹ ਗੁਰੂ ਰੂਪ ਸੰਤੋਖ ਦੇ ਸਰੋਵਰ ਵਿਚ ਨ੍ਹਾਉਂਦੇ ਹਨ (ਗੁਰੂ ਦਾ ਉਪਦੇਸ਼ ਕਮਾ ਕੇ ਉਸ ਨਾਲ ਜੁੜੇ ਰਹਿੰਦੇ ਹਨ)।ਦਾਸ ਨਾਨਕ ਆਖਦਾ ਹੈ ਕਿ (ਜਿਸ ਮਨੁੱਖ ਨੇ) ਹਰੀ ਦਾ ਨਾਮ ਜਪਿਆ ਹੈ, ਉਸ ਦੀ ਖੋਟੀ ਮੱਤ ਦੀ ਮੈਲ ਦੂਰ ਹੋ ਗਈ ਹੈ ਅਤੇ (ਉਹ ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਿਆ ਹੈ।੪।੩।

ਪਦਾਰਥ = ਹਮਰਾ-ਸਾਡਾ।ਲੁਭਤ-ਲੁਭਾਇਮਾਨ; ਲੋਭ ਵਿਚ ਫਸਿਆ ਹੋਇਆ।ਮੋਹਿ ਬਿਖਿਆ-ਮਾਇਆ ਦੇ ਮੋਹ ਵਿਚ।ਬਹੁ- ਬਹੁਤ।ਦੁਰਮਤਿ-ਖੋਟੀ ਮੱਤ।ਭਰਾ-ਭਰਿਆ ਹੋਇਆ।ਕਰਿ ਨ ਸਕਹ-ਅਸੀਂ ਕਰ ਨਹੀਂ ਸਕਦੇ।ਹਮ-ਅਸੀਂ।ਕਿਉ ਕਰਿ-ਕਿਵੇਂ। ਮੁਗਧ-ਮੂਰਖ।ਤਰਾ-ਤਰ ਸਕਾਂਗੇ।੧।ਮਨ-ਹੇ ਮਨ!।ਨਰਹਰ-ਤਾਕਤਵਰ ਪ੍ਰਭੂ।ਜਨ-ਮਨੁੱਖ।ਕਿਰਪਾ ਪ੍ਰਭਿ ਧਾਰੀ-ਪ੍ਰਭੂ ਨੇ ਕ੍ਰਿਪਾ ਕੀਤੀ।ਪਾਰਿ ਪਰਾ-ਪਾਰ ਲੰਘ ਗਿਆ।੧।ਰਹਾਉ।ਠਾਕੁਰ-ਹੇ ਠਾਕੁਰ!।ਦੇਹੁ-ਬਖਸ਼ ਦੇਹ।ਮਤੀ-ਅਕਲ; ਸਮਝ।ਜਸ ਕਰਾ- ਸਿਫਤ ਸਲਾਹ ਕਰਦੇ ਰਹੀਏ।ਸੰਗਿ-ਨਾਲ।ਸੇ-ਉਹ।ਉਧਰੇ-ਤਰ ਗਏ।ਕਾਸਟ-ਲੱਕੜੀ।ਲੋਹ-ਲੋਹਾ।ਤਰਾ-ਤਰ ਜਾਂਦਾ ਹੈ।੨। ਸਾਕਤ ਨਰ-ਪ੍ਰਭੂ ਨਾਲੋਂ ਟੁੱਟਿਆ ਮਨੁੱਖ।ਹੋਛੀ-ਹੌਲੀ; ਘਟੀਆ।ਮਧਿਮ-ਨੀਚ।ਨ ਕਰਾ-ਨਹੀਂ ਕੀਤੀ।ਤੇ-ਉਹ।ਦੁਹਚਾਰੀ- ਦੁਰਾਚਾਰੀ (ਕੁਕਰਮੀ)।ਓਇ-ਉਹ।ਫਿਰਿ-ਮੁੜ ਕੇ।ਮਰਾ-ਮਰਦੇ ਹਨ।੩।ਜਿਨ ਕਉ-ਜਿਨ੍ਹਾਂ ਨੂੰ।ਸੁਆਮੀ-ਹੇ ਮਾਲਕ ਪ੍ਰਭੂ!। ਨ੍ਹਾਏ-ਇਸ਼ਨਾਨ ਕਰਦੇ ਹਨ।ਸੰਤੋਖ ਗੁਰ ਸਰਾ-ਗੁਰੂ ਜੋ ਸੰਤੋਖ ਆਦਿ ਗੁਣਾਂ ਦਾ ਸਰੋਵਰ ਹੈ।ਭਜਿਆ-ਜਪਿਆ ਹੈ।੪।੩।

ਬਿਲਾਵਲੁ ਮਹਲਾ ੪ ॥ ਆਵਹੁ ਸੰਤ ਮਿਲਹੁ ਮੇਰੇ ਭਾਈ, ਮਿਲਿ ਹਰਿ ਹਰਿ ਕਥਾ ਕਰਹੁ ॥ ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ, ਖੇਵਟੁ ਗੁਰ ਸਬਦਿ ਤਰਹੁ ॥੧॥ ਮੇਰੇ ਮਨ, ਹਰਿ ਗੁਣ ਹਰਿ ਉਚਰਹੁ ॥ ਹੇ ਸੰਤ ਜਨੋਂ! ਹੇ ਮੇਰੇ ਭਰਾਵੋ! ਆਓ, ਮਿਲੋ ਅਤੇ ਮਿਲ ਕੇ ਹਰੀ ਦੀ (ਸਿਫਤ ਸਲਾਹ ਦੀ) ਕਥਾ ਕਰੋ। ਕਲਜੁਗ ਵਿਚ ਹਰਿ ਦਾ ਨਾਮ ਜਹਾਜ ਹੈ ਅਤੇ ਗੁਰੂ (ਇਸ ਜਹਾਜ ਦਾ) ਮਲਾਹ ਹੈ, (ਗੁਰੂ ਦੇ) ਸ਼ਬਦ ਰਾਹੀਂ (ਭਵਜਲ ਤੋਂ) ਤਰ ਜਾਓ।੧।ਹੇ ਮੇਰੇ ਮਨ! ਹਰੀ ਦਾ ਨਾਮ ਅਤੇ ਹਰੀ ਦੇ ਗੁਣ ਉਚਾਰਦਾ ਰਹੁ।

ਅੰਗ ੮੦੦ = ਮਸਤਕਿ ਲਿਖਤ ਲਿਖੇ ਗੁਨ ਗਾਏ, ਮਿਲਿ ਸੰਗਤਿ ਪਾਰਿ ਪਰਹੁ ॥੧॥ਰਹਾਉ॥ ਕਾਇਆ ਨਗਰ ਮਹਿ ਰਾਮ ਰਸੁ ਊਤਮੁ ,ਕਿਉ ਪਾਈਐ ਉਪਦੇਸੁ ਜਨ ਕਰਹੁ ॥ ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ,ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥੨॥ ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ, ਹਰਿ ਸੰਤਹੁ ਚਾਖਿ ਦਿਖਹੁ ॥ ਗੁਰਮਤਿ ਹਰਿ ਰਸੁ ਮੀਠਾ ਲਾਗਾ, ਤਿਨ ਬਿਸਰੇ ਸਭਿ ਬਿਖ ਰਸਹੁ ॥੩॥ ਰਾਮ ਨਾਮੁ ਰਸੁ ਰਾਮ ਰਸਾਇਣੁ ,ਹਰਿ ਸੇਵਹੁ ਸੰਤ ਜਨਹੁ ॥ ਚਾਰਿ ਪਦਾਰਥ ਚਾਰੇ ਪਾਏ, ਗੁਰਮਤਿ ਨਾਨਕ ਹਰਿ ਭਜਹੁ ॥੪॥੪॥ (ਜਿਨ੍ਹਾਂ ਪੁਰਖਾਂ ਦੇ) ਮੱਥੇ ਉਤੇ ਚੰਗੇ ਲੇਖ ਲਿਖੇ ਹੋਏ ਹਨ, (ਉਨ੍ਹਾਂ ਨੇ) ਹਰੀ ਦੇ ਗੁਣ ਗਾਏ ਹਨ, (ਹੇ ਮਨ! ਉਨ੍ਹਾਂ ਦੀ) ਸੰਗਤ ਵਿਚ ਮਿਲ ਕੇ (ਭਵਜਲ ਤੋਂ) ਪਾਰ ਲੰਘ ਜਾ।੧।ਰਹਾਉ।ਸਰੀਰ ਰੂਪ ਨਗਰ ਵਿਚ ਪ੍ਰਭੂ ਦਾ ਉਤਮ ਨਾਮ ਰਸ ਮੌਜੂਦ ਹੈ, (ਉਹ ਰਸ) ਕਿਵੇਂ ਪ੍ਰਾਪਤ ਕਰੀਦਾ ਹੈ, ਹੇ ਹਰੀ ਦੇ ਸੰਤ ਜਨੋਂ! ਸਾਨੂੰ ਉਪਦੇਸ਼ ਦੇ ਕੇ ਦੱਸੋ।(ਉਤਰ =) ਸਤਿਗੁਰੂ ਦੀ ਸੇਵਾ ਕਰਕੇ ਹਰੀ ਦੇ ਸਫਲ ਦਰਸ਼ਨ ਪ੍ਰਾਪਤ ਕਰੋ ਅਤੇ (ਸਤਿਗੁਰੂ ਨੂੰ) ਮਿਲ ਕੇ ਹਰੀ ਦਾ ਅੰਮ੍ਰਿਤ ਰਸ ਪੀਵੋ।੨।ਹੇ ਹਰੀ ਦੇ ਸੰਤ ਜਨੋਂ! ਚਖ ਕੇ ਦੇਖ ਲਵੋ, ਹਰੀ ਨਾਮ ਅੰਮ੍ਰਿਤ ਵਰਗਾ ਮਿੱਠਾ ਹੈ।(ਜਿਨ੍ਹਾਂ ਮਨੁੱਖਾਂ ਨੂੰ) ਗੁਰੂ ਦੀ ਸਿੱਖਿਆ ਦੁਆਰਾ ਹਰੀ ਦਾ ਨਾਮ ਰਸ ਮਿੱਠਾ ਲੱਗਾ ਹੈ, ਉਨ੍ਹਾਂ ਨੂੰ (ਮਾਇਆ ਦੇ) ਸਾਰੇ ਜਹਿਰੀਲੇ ਸੁਆਦ ਭੁੱਲ ਗਏ ਹਨ।੩।ਪ੍ਰਭੂ ਦਾ ਨਾਮ ਰੂਪ ਰਸ ਰਸਾਇਣ ਹੈ, ਹੇ ਸੰਤ ਜਨੋਂ! (ਇਸ ਦਾ) ਸੇਵਨ ਕਰੋ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਸਿੱਖਿਆ ਦੁਆਰਾ ਹਰੀ ਦਾ ਭਜਨ ਕਰੋ, (ਜਗਤ ਵਿਚ ਕੁਲ) ਚਾਰ ਪਦਾਰਥ ਹਨ, (ਜਿਸ ਮਨੁੱਖ ਨੇ ਭਜਨ ਕੀਤਾ ਹੈ, ਉਸ ਨੇ) ਚਾਰੇ ਪਦਾਰਥ ਪ੍ਰਾਪਤ ਕਰ ਲਏ ਹਨ।੪।੪।

ਪਦਾਰਥ = ਆਵਹੁ–ਆਓ।ਸੰਤ–ਹੇ ਸੰਤ ਜਨੋਂ!।ਭਾਈ–ਹੇ ਭਰਾਵੋ!।ਮਿਲਿ–ਮਿਲ ਕੇ।ਕਥਾ–ਸਿਫਤ ਸਲਾਹ ਦੀ ਕਥਾ।ਬੋਹਿਥੁ–ਜਹਾਜ।ਕਲਜੁਗਿ–ਕਲਜੁਗ ਵਿਚ।ਖੇਵਟੁ–ਮਲਾਹ।ਸਬਦਿ ਤਰਹੁ–ਸ਼ਬਦ ਰਾਹੀਂ ਤਰ ਜਾਵੋ।੧।ਉਚਰਹੁ–ਉਚਾਰਦਾ ਰਹੁ।ਮਸਤਕਿ –ਮੱਥੇ ਉਤੇ।ਲਿਖਤ–ਲੇਖ।ਪਾਰਿ ਪਰਹੁ–ਪਾਰ ਲੰਘ ਜਾਹ।੧।ਰਹਾਉ।ਕਾਇਆ–ਸਰੀਰ।ਨਗਰ ਮਹਿ–ਸ਼ਹਿਰ ਵਿਚ।ਊਤਮੁ–ਸਭ ਤੋਂ ਚੰਗਾ।ਜਨ–ਹੇ ਸੰਤ ਜਨੋਂ!।ਸੇਵਿ–ਸੇਵਾ ਕਰਕੇ।ਸਫਲ–ਸਭ ਫਲ ਦੇਣ ਵਾਲਾ।ਪੀਅਹੁ–ਪੀਵੋ।੨।ਸੰਤਹੁ–ਹੇ ਸੰਤ ਜਨੋਂ!। ਚਾਖਿ–ਚਖ (ਧਾਰਨ ਕਰ) ਕੇ।ਦਿਖਹੁ–ਦੇਖ ਲਵੋ।ਗੁਰਮਤਿ–ਗੁਰੂ ਦੀ ਸਿੱਖਿਆ ਰਾਹੀਂ।ਤਿਨ–ਉਨ੍ਹਾਂ ਨੂੰ।ਬਿਸਰੇ–ਭੁੱਲ ਗਏ।ਬਿਖ ਰਸਹੁ–ਵਿਸ਼ਿਆਂ ਦੇ ਸੁਆਦ; (ਮਾਇਆ ਦੇ) ਜਹਿਰੀਲੇ ਸੁਆਦ।੩।ਰਸਾਇਣੁ–ਰਸਾਂ ਦਾ ਘਰ; ਬੁਢੇਪੇ ਨੂੰ ਦੂਰ ਕਰਨ ਵਾਲੀ ਦਵਾ, ਜੋ ਪਾਰੇ ਨੂੰ ਮਾਰ ਕੇ ਬਣਾਈਦੀ ਹੈ ਤੇ ਉਮਰ ਵਧਾਉਂਦੀ ਹੈ।ਸੇਵਹੁ–ਸੇਵਨ ਕਰੋ (ਵਰਤੋ)।ਚਾਰ ਪਦਾਰਥ–ਧਰਮ ਅਰਥ ਕਾਮ ਤੇ ਮੋਖ।ਪਾਏ–ਪ੍ਰਾਪਤ ਕਰ ਲਏ ਹਨ।ਭਜਹੁ–ਭਜਨ ਕਰੋ।੪।੪।

ਬਿਲਾਵਲੁ ਮਹਲਾ ੪ ॥ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ,ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥ ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ,ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥ ਹਰਿ ਜਨ ਦੇਖਹੁ ਸਤਿਗੁਰੁ ਨੈਨੀ ॥ ਜੋ ਇਛਹੁ ਸੋਈ ਫਲੁ ਪਾਵਹੁ ,ਹਰਿ ਬੋਲਹੁ ਗੁਰਮਤਿ ਬੈਨੀ ॥ ੧॥ਰਹਾਉ॥ ਅਨਿਕ ਉਪਾਵ ਚਿਤਵੀਅਹਿ ਬਹੁਤਰੇ, ਸਾ ਹੋਵੈ ਜਿ ਬਾਤ ਹੋਵੈਨੀ ॥ ਅਪਨਾ ਭਲਾ ਸਭੁ ਕੋਈ ਬਾਛੈ, ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥੨॥ ਮਨ ਕੀ ਮਤਿ ਤਿਆਗਹੁ ਹਰਿ ਜਨ, ਏਹਾ ਬਾਤ ਕਠੈਨੀ ॥ ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ,ਗੁਰ ਸਤਿਗੁਰ ਕੀ ਮਤਿ ਲੈਨੀ ॥੩॥ ਮਤਿ ਸੁਮਤਿ ਤੇਰੈ ਵਸਿ ਸੁਆਮੀ, ਹਮ ਜੰਤ ਤੂ ਪੁਰਖੁ ਜੰਤੈਨੀ ॥ ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ, ਜਿਉ ਭਾਵੈ ਤਿਵੈ ਬੁਲੈਨੀ ॥੪॥੫॥ (ਹੇ ਭਾਈ!) ਖਤ੍ਰੀ, ਬ੍ਰਾਹਮਣ, ਵੈਸ਼ ਤੇ ਸੂਦਰ (ਚਾਰ ਵਰਨ ਹਨ, ਇਨ੍ਹਾਂ ਵਿਚੋਂ) ਕੋਈ ਵੀ ਮਨੁੱਖ ਹਰੀ ਦਾ ਜਪਣ ਯੋਗ ਨਾਮ ਮੰਤ੍ਰ ਜਪ ਸਕਦਾ ਹੈ (ਇਹ ਸਭ ਲਈ ਸਾਂਝਾ ਹੈ।ਹੇ ਭਾਈ!) ਪੂਜਨੀਕ ਸਤਿਗੁਰੂ ਨੂੰ ਤੁਸੀਂ ਪਾਰਬ੍ਰਹਮ ਰੂਪ ਜਾਣ ਕਰਕੇ ਪੂਜੋ ਅਤੇ (ਉਸ ਦੀ) ਹਰ ਰੋਜ ਰਾਤ ਦਿਨ ਸਭ ਤਰ੍ਹਾਂ ਦੀ ਸੇਵਾ ਕਰੋ।੧।ਹੇ ਹਰੀ ਦੇ ਸੇਵਕ ਜਨੋਂ! ਵੈਰਾਗ ਤੇ ਗਿਆਨ ਰੂਪ ਅੱਖਾਂ ਨਾਲ ਸਤਿਗੁਰੂ ਨੂੰ (ਪਾਰਬ੍ਰਹਮ ਰੂਪ ਜਾਣ ਕੇ) ਦੇਖੋ।ਅਤੇ ਗੁਰੂ ਦੀ ਸਿੱਖਿਆ ਦੁਆਰਾ ਹਰੀ ਦੀ ਨਾਮ ਰੂਪ ਬਾਣੀ ਉਚਾਰੋ, (ਫਿਰ ਤੁਸੀਂ) ਜੋ ਇੱਛਾ ਕਰੋਗੇ, ਉਹ ਹੀ ਫਲ ਪਾ ਲਵੋਗੇ।੧।ਰਹਾਉ।(ਹੇ ਭਾਈ! ਨਾਮ ਸਿਮਰਨ ਛਡ ਕੇ ਮਨੁੱਖ ਵੱਲੋਂ) ਬਹੁਤ ਸਾਰੇ ਅਨੇਕਾਂ ਉਪਾਉ ਸੋਚੇ ਜਾਂਦੇ ਹਨ, (ਪਰ) ਜਿਹੜੀ ਗੱਲ ਹੋਣੀ ਹੈ, ਉਹ ਜਰੂਰ ਹੁੰਦੀ ਹੈ।ਸਭ

ਕੋਈ ਅਪਣਾ ਭਲਾ ਚਾਹੁੰਦਾ ਹੈ, (ਪਰ) ਪ੍ਰਭੂ ਉਹ ਕੰਮ ਕਰ ਦੇਂਦਾ ਹੈ, ਜਿਹੜਾ ਸਾਡੇ ਚਿਤ ਵਿਚ ਚੇਤੇ ਵੀ ਨਹੀਂ ਹੁੰਦਾ।੨।ਹੇ ਹਰੀ ਦੇ ਸੇਵਕ ਜਨੋਂ! ਮਨ ਦੀ ਮੱਤ ਛਡ ਦਿਓ, (ਪਰ) ਇਹ ਗੱਲ ਕਠਨ ਹੈ।ਪੂਜਨੀਕ ਸਤਿਗੁਰੂ ਦੀ ਮੱਤ ਲੈ ਕੇ ਹਰ ਰੋਜ ਹਰੀ ਦਾ ਨਾਮ ਸਿਮਰੋ।੩।ਹੇ ਸੁਆਮੀ! ਭੈੜੀ ਮੱਤ ਤੇ ਚੰਗੀ ਮੱਤ ਤੇਰੇ ਵਸ ਵਿਚ ਹੈ, ਅਸੀਂ (ਸਾਰੇ ਜੀਵ) ਵਾਜੇ ਹਾਂ ਅਤੇ ਤੂੰ ਵਾਜਾ ਵਜਾਉਣ ਵਾਲਾ ਪੁਰਖ ਹੈਂ।ਹੇ ਦਾਸ ਨਾਨਕ ਦੇ ਪ੍ਰਭੂ ਕਰਤਾਰ ਸੁਆਮੀ! ਜਿਵੇਂ ਤੈਨੂੰ ਭਾਉਂਦਾ ਹੈ, ਤਿਵੇਂ (ਤੂੰ ਸਾਨੂੰ) ਬੁਲਾਉਂਦਾ ਹੈਂ।੪।੫।

ਪਦਾਰਥ = ਸੂਦ-ਸ਼ੂਦਰ (ਚਾਰ ਵਰਨਾਂ ਵਿਚੋਂ ਨੀਵੀ ਜਾਤ)।ਵੈਸ-ਵੈਸ਼ (ਹਿੰਦੂ ਮੱਤ ਅਨੁਸਾਰ ਤੀਜਾ ਵਰਨ, ਖੇਤੀ ਤੇ ਵਪਾਰ ਕਰਨ ਵਾਲਾ ਮਨੁੱਖ)।ਕੋ-ਕੋਈ।ਜਾਪੈ-ਜਪਦਾ ਹੈ।ਜਪੈਨੀ-ਜਪਣ ਯੋਗ।ਪੂਜਹੁ-ਪੂਜਾ ਕਰੋ।ਨਿਤ-ਹਰ ਰੋਜ।ਰੈਨੀ-ਰਾਤ।੧।ਹਰਿ ਜਨ -ਹੇ ਹਰੀ ਦੇ ਸੇਵਕ ਜਨੋਂ!।ਨੈਨੀ-ਅੱਖਾਂ ਨਾਲ।ਇਛਹੁ-ਇੱਛਾ ਕਰੋਗੇ।ਸੋਈ-ਉਹ ਹੀ।ਪਾਵਹੁ-ਪਾ ਲਵੋਗੇ।ਬੈਨੀ-ਬਚਨ; ਬਾਣੀ।੧।ਰਹਾਉ।ਉਪਾਵ-ਜਤਨ; ਢੰਗ।ਚਿਤਵੀਅਹਿ-ਸੋਚੇ ਜਾਂਦੇ ਹਨ।ਬਹੁਤੇਰੇ-ਬਹੁਤੇ।ਸਾ-ਉਹ।ਜਿ-ਜਿਹੜਾ।ਬਾਛੈ-ਚਾਹੁੰਦਾ ਹੈ। ਸੋ-ਉਹ।ਚਿਤਿ ਨ ਚਿਤੈਨੀ-ਨਾ ਚਿਤ ਵਿਚ ਅਤੇ ਨਾ ਚੇਤੇ (ਖਿਆਲ) ਵਿਚ।੨।ਮਤਿ-ਅਕਲ; ਹੰਕਾਰ।ਤਿਆਗਹੁ-ਛਡ ਦਿਓ। ਏਹਾ ਬਾਤ-ਇਹ ਗੱਲ।ਕਠੈਨੀ-ਕਠਨ; ਔਖੀ।ਅਨਦਿਨੁ-ਹਰ ਰੋਜ।ਲੈਨੀ-ਲੈ ਕੇ।ਸੁਮਤਿ-ਚੰਗੀ ਅਕਲ।ਵਸਿ-ਵਸ ਵਿਚ। ਸੁਆਮੀ-ਹੇ ਮਾਲਕ ਪ੍ਰਭੂ!।ਹਮ-ਅਸੀਂ।ਜੰਤ-ਵਾਜੇ।ਜੰਤੈਨੀ-ਵਾਜੇ ਵਜਾਉਣ ਵਾਲਾ।ਕਰਤੇ-ਹੇ ਕਰਤਾਰ!।ਭਾਵੈ-ਚੰਗਾ ਲਗਦਾ ਹੈ।ਤਿਵੈ-ਤਿਵੇਂ।ਬੁਲੈਨੀ-ਬੁਲਾਉਂਦਾ ਹੈਂ; ਅਵਾਜ ਕਢਾਉਂਦਾ ਹੈ।੪।੫।

ਸਾਰੰਸ਼ = ਗੁਰੂ ਪ੍ਰਮਾਤਮਾ ਦਾ ਰੂਪ ਹੈ।ਉਸ ਦਾ ਦਿਤਾ ਨਾਮ ਹਰ ਕੋਈ, ਹਰੇਕ ਜਾਤ ਦਾ ਮਨੁੱਖ ਤੇ ਇਸਤ੍ਰੀ ਸਿਮਰ ਸਕਦਾ ਹੈ।ਇਸ ਲਈ ਅਪਣੇ ਮਨ ਦੀ ਮਰਜੀ ਛਡ ਕੇ ਗੁਰੂ ਦੀ ਮੱਤ ਧਾਰਨ ਕਰਨੀ ਚਾਹੀਦੀ ਹੈ।ਇਹ ਉਦਮ ਵੀ ਹਰੀ ਆਪ ਕਰਾਵੇ ਤਾਂ ਹੁੰਦਾ ਹੈ।

ਬਿਲਾਵਲੁ ਮਹਲਾ ੪ ॥ ਅਨਦ ਮੂਲੁ ਧਿਆਇਓ ਪੁਰਖੋਤਮੁ ,ਅਨਦਿਨੁ ਅਨਦ ਅਨੰਦੇ ॥ ਧਰਮਰਾਇ ਕੀ ਕਾਨਿ ਚੁਕਾਈ, ਸਭਿ ਚੂਕੇ ਜਮ ਕੇ ਛੰਦੇ ॥੧॥ ਜਪਿ ਮਨ, ਹਰਿ ਹਰਿ ਨਾਮੁ ਗੋੁਬਿੰਦੇ ॥ ਵਡਭਾਗੀ ਗੁਰੁ ਸਤਿਗੁਰੁ ਪਾਇਆ, ਗੁਣ ਗਾਏ ਪਰਮਾਨੰਦੇ ॥੧॥ ਰਹਾਉ॥ ਸਾਕਤ ਮੂੜ ਮਾਇਆ ਕੇ ਬਧਿਕ, ਵਿਚਿ ਮਾਇਆ ਫਿਰਹਿ ਫਿਰੰਦੇ ॥ ਤ੍ਰਿਸਨਾ ਜਲਤ ਕਿਰਤ ਕੇ ਬਾਧੇ, ਜਿਉ ਤੇਲੀ ਬਲਦ ਭਵੰਦੇ ॥੨॥ ਗੁਰਮੁਖਿ ਸੇਵ ਲਗੇ ਸੇ ਉਧਰੇ, ਵਡਭਾਗੀ ਸੇਵ ਕਰੰਦੇ ॥ ਜਿਨ ਹਰਿ ਜਪਿਆ ਤਿਨ ਫਲੁ ਪਾਇਆ, ਸਭਿ ਤੂਟੇ ਮਾਇਆ ਫੰਦੇ ॥੩॥ ਆਪੇ ਠਾਕੁਰੁ ਆਪੇ ਸੇਵਕੁ ,ਸਭੁ ਆਪੇ ਆਪਿ ਗੋਵਿੰਦੇ ॥ ਜਨ ਨਾਨਕ ਆਪੇ ਆਪਿ ਸਭੁ ਵਰਤੈ, ਜਿਉ ਰਾਖੈ ਤਿਵੈ ਰਹੰਦੇ ॥੪॥੬॥ (ਜਿਸ ਮਨੁੱਖ ਨੇ) ਅਨੰਦ ਦੇ ਸੋਮੇ ਉਤਮ ਪੁਰਖ ਪ੍ਰਭੂ ਦਾ ਨਾਮ ਸਿਮਰਿਆ ਹੈ, (ਉਹ) ਹਰ ਰੋਜ ਅਨੰਦ ਹੀ ਅਨੰਦ ਵਿਚ ਰਹਿੰਦਾ ਹੈ।(ਉਸ ਨੇ) ਧਰਮਰਾਜ ਦੀ ਮੁਥਾਜੀ ਦੂਰ ਕਰ ਦਿਤੀ ਹੈ (ਕਰਮਾਂ ਦੇ ਫਲ, ਦੁਖ ਸੁਖ ਦੀ ਚਿੰਤਾ ਅਤੇ ਉਸ ਦੇ) ਜਮ ਦੇ ਤਰਲੇ ਆਦਿ ਸਭ ਦੂਰ ਹੋ ਗਏ ਹਨ।੧।ਹੇ ਮਨ! ਗੋਬਿੰਦ ਦਾ ਹਰਿ ਹਰਿ ਨਾਮ ਜਪਿਆ ਕਰ।(ਜਿਨ੍ਹਾਂ ਪੁਰਖਾਂ ਨੇ) ਵੱਡੇ ਭਾਗਾਂ ਨਾਲ ਪੂਜਨੀਕ ਸਤਿਗੁਰੂ ਨੂੰ ਪਾਇਆ ਹੈ, (ਉਨ੍ਹਾਂ ਨੇ) ਪਰਮ ਅਨੰਦ ਸਰੂਪ ਪ੍ਰਭੂ ਦੇ ਗੁਣ ਗਾਏ ਹਨ।੧।ਰਹਾਉ।ਮੂਰਖ ਸਾਕਤ ਮਨੁੱਖ ਮਾਇਆ ਦੇ ਬੱਧੇ ਹੋਏ ਹਨ; ਮਾਇਆ ਦੇ ਲਈ ਹਿੰਸਕ ਹੋ ਕੇ ਲੋਕਾਂ ਨੂੰ ਮਾਰਨ ਦਾ ਪਾਪ ਕਰਮ ਕਰਦੇ ਹਨ, ਉਹ ਆਪ ਮਾਇਆ ਵਿਚ ਫਿਰਦੇ ਹਨ ਤੇ (ਹੋਰਨਾਂ ਨੂੰ ਵੀ) ਤੋਰੀ ਫਿਰਦੇ ਹਨ।ਉਹ ਪੂਰਬਲੇ ਕਰਮਾਂ ਦੇ ਬੱਧੇ ਹੋਏ ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਹਨ, ਜਿਵੇਂ ਤੇਲੀ ਦਾ ਬਲਦ ਕੋਹਲੂ ਦੁਆਲੇ ਘੁੰਮਦਾ ਰਹਿੰਦਾ ਹੈ (ਇਸੇ ਤਰ੍ਹਾਂ ਉਹ ਸਾਕਤ ਮਨੁੱਖ ਆਵਾਗਉਣ ਵਿਚ) ਭੌਂਦੇ ਰਹਿੰਦੇ ਹਨ।੨।(ਜਿਹੜੇ ਮਨੁੱਖ) ਗੁਰੂ ਦੀ ਸੇਵਾ ਵਿਚ ਲੱਗੇ ਹਨ, ਉਹ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ, (ਪਰ ਗੁਰੂ) ਦੀ ਸੇਵਾ ਵੱਡੇ ਭਾਗਾਂ ਵਾਲੇ ਮਨੁੱਖ ਕਰਦੇ ਹਨ।ਜਿਨ੍ਹਾਂ ਪੁਰਖਾਂ ਨੇ ਹਰੀ ਦਾ ਨਾਮ ਜਪਿਆ ਹੈ, ਉਨ੍ਹਾਂ ਨੇ ਮੁਕਤੀ ਰੂਪ ਫਲ ਪਾਇਆ ਹੈ ਅਤੇ (ਉਨ੍ਹਾਂ ਦੇ) ਮਾਇਆ ਦੇ ਸਾਰੇ ਫੰਧੇ ਟੁੱਟ ਗਏ ਹਨ।੩।ਪ੍ਰਭੂ ਆਪੇ ਮਾਲਕ ਰੂਪ ਹੈ ਤੇ ਆਪੇ (ਸਾਰੇ ਜੀਵਾਂ ਵਿਚ ਵਿਆਪਕ ਹੋ ਕੇ) ਸੇਵਕ ਰੂਪ ਹੈ, ਸਾਰੇ (ਸੰਸਾਰ ਵਿਚ) ਗੋਬਿੰਦ ਆਪੇ ਆਪ ਹੈ।ਦਾਸ ਨਾਨਕ ਆਖਦਾ ਹੈ ਕਿ ਪ੍ਰਭੂ ਸਭ ਥਾਂ ਆਪੇ ਆਪ ਵਰਤ ਰਿਹਾ ਹੈ, ਜਿਵੇਂ ਉਹ ਜੀਵਾਂ ਨੂੰ ਰਖਦਾ ਹੈ, ਜੀਵ ਤਿਵੇਂ ਰਹਿੰਦੇ ਹਨ।੪।੬।

ਪਦਾਰਥ = ਅਨਦ ਮੂਲੁ-ਅਨੰਦ ਦਾ ਸੋਮਾ।ਪੁਰਖੋਤਮੁ-ਉਤਮ ਪੁਰਖ ਪ੍ਰਭੂ।ਅਨਦਿਨੁ-ਹਰ ਰੋਜ।ਅਨਦ ਅਨੰਦੇ-ਅਨੰਦ ਹੀ ਅਨੰਦ ਵਿਚ।ਕਾਨਿ-ਮੁਥਾਜੀ; ਧੌਂਸ।ਚੁਕਾਈ-ਦੂਰ ਕਰ ਦਿਤੀ।ਚੂਕੇ-ਦੂਰ ਹੋ ਗਏ।ਛੰਦੇ-ਬੰਧਨ; ਤਰਲੇ।੧।ਮਨ-ਹੇ ਮਨ!।ਗੋੁਬਿੰਦੇ-ਪ੍ਰਭੂ ਦਾ।ਵਡਭਾਗੀ-ਵੱਡੇ ਭਾਗਾਂ ਨਾਲ।ਗੁਰੁ-ਪੂਜਨੀਕ।ਪਰਮਾਨੰਦੇ-ਸਭ ਤੋਂ ਉਚੇ ਅਨੰਦ ਦਾ ਮਾਲਕ ਪ੍ਰਭੂ।੧।ਰਹਾਉ।ਸਾਕਤ-ਰੱਬ ਤੋਂ ਟੁੱਟਿਆ ਮਨੁੱਖ।ਮੂੜ-ਮੂਰਖ।ਕੇ-ਦੇ।ਬਧਿਕ-ਬੱਧੇ ਹੋਏ।ਫਿਰਹਿ-ਫਿਰਦੇ ਹਨ।ਫਿਰੰਦੇ-(ਹੋਰਨਾਂ ਨੂੰ ਵੀ) ਘੁਮਾਈ ਫਿਰਦੇ

ਹਨ।ਜਲਤ-ਸੜਦੇ ਹਨ।ਕਿਰਤ-ਪੂਰਬਲੇ ਕੀਤੇ ਕਰਮਾਂ ਦੇ ਸੰਸਕਾਰ।ਬਾਧੇ-ਬੰਨ੍ਹੇ ਹੋਏ।ਭਵੰਦੇ-ਭੌਂਦੇ ਫਿਰਦੇ ਹਨ।੨।ਗੁਰਮੁਖਿ-ਗੁਰੂ ਦੀ।ਸੇਵ-ਸੇਵਾ।ਸੇ-ਉਹ।ਉਧਰੇ-ਤਰ ਗਏ ਹਨ।ਵਡਭਾਗੀ-ਵੱਡੇ ਭਾਗਾਂ ਵਾਲੇ।ਕਰੰਦੇ-ਕਰਦੇ ਹਨ।ਜਿਨ-ਜਿਨ੍ਹਾਂ ਨੇ।ਤਿਨ-ਉਨ੍ਹਾਂ ਨੇ।ਫੰਦੇ-ਫੰਧੇ (ਫਾਹੇ)।੩।ਆਪੇ-ਆਪ ਹੀ।ਠਾਕੁਰੁ-ਮਾਲਕ।ਤਿਵੈ-ਤਿਵੇਂ।ਰਹੰਦੇ-ਰਹਿੰਦੇ ਹਨ।੪।੬।

ੴ ਸਤਿਗੁਰ ਪ੍ਰਸਾਦਿ ॥ ਰਾਗੁ ਬਿਲਾਵਲੁ ਮਹਲਾ ੪ ਪੜਤਾਲ ਘਰੁ ੧੩ ॥ ਬੋਲਹੁ ਭਈਆ, ਰਾਮ ਨਾਮੁ ਪਤਿਤ ਪਾਵਨੋ ॥ ਹੇ ਭਾਈ! ਪ੍ਰਮਾਤਮਾ ਦਾ ਨਾਮ ਉਚਾਰਨ ਕਰੋ, ਜੋ ਵਿਕਾਰੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ।

ਅੰਗ ੮੦੧ = ਹਰਿ ਸੰਤ ਭਗਤ ਤਾਰਨੋ ॥ ਹਰਿ ਭਰਿਪੁਰੇ ਰਹਿਆ ॥ ਜਲਿ ਥਲੇ ਰਾਮ ਨਾਮੁ ॥ ਨਿਤ ਗਾਈਐ ਹਰਿ ਦੂਖ ਬਿਸਾਰਨੋ ॥੧॥ਰਹਾਉ॥ ਹਰਿ ਕੀਆ ਹੈ ਸਫਲ ਜਨਮੁ ਹਮਾਰਾ ॥ ਹਰਿ ਜਪਿਆ ਹਰਿ ਦੂਖ ਬਿਸਾਰਨਹਾਰਾ ॥ ਗੁਰੁ ਭੇਟਿਆ ਹੈ ਮੁਕਤਿ ਦਾਤਾ ॥ ਹਰਿ ਕੀਈ ਹਮਾਰੀ ਸਫਲ ਜਾਤਾ ॥ ਮਿਲਿ ਸੰਗਤੀ ਗੁਨ ਗਾਵਨੋ ॥੧॥ ਮਨ ਰਾਮ ਨਾਮ ਕਰਿ ਆਸਾ ॥ ਭਾਉ ਦੂਜਾ ਬਿਨਸਿ ਬਿਨਾਸਾ ॥ ਵਿਚਿ ਆਸਾ ਹੋਇ ਨਿਰਾਸੀ ॥ ਸੋ ਜਨੁ ਮਿਲਿਆ ਹਰਿ ਪਾਸੀ ॥ ਕੋਈ ਰਾਮ ਨਾਮ ਗੁਨ ਗਾਵਨੋ ॥ ਜਨੁ ਨਾਨਕੁ ਤਿਸੁ ਪਗਿ ਲਾਵਨੋ ॥੨॥੧॥੭॥੪॥੬॥੭॥੧੭॥ ਹਰੀ ਸੰਤਾਂ ਭਗਤਾਂ ਨੂੰ (ਸੰਸਾਰ ਸਮੁੰਦਰ ਤੋਂ) ਤਾਰਨ ਵਾਲਾ ਹੈ।ਹਰੀ ਸਭ ਜਗ੍ਹਾ ਭਰਪੂਰ ਹੋ ਰਿਹਾ ਹੈ।ਪ੍ਰਭੂ ਦਾ ਨਾਮ ਜਲਿ ਵਿਚ ਸੁੱਖੀ ਧਰਤੀ ਵਿਚ ਵਿਆਪਕ ਹੈ।ਹਰੀ ਦੁਖ ਦੂਰ ਕਰ ਦੇਣ ਵਾਲਾ ਹੈ, (ਇਸ ਲਈ ਉਸ ਨੂੰ) ਹਰ ਰੋਜ ਗਾਉਣਾ ਚਾਹੀਦਾ ਹੈ।੧।ਰਹਾਉ।(ਹੇ ਭਾਈ!) ਹਰੀ ਨੇ (ਬਖਸ਼ਿਸ਼ ਕਰਕੇ) ਮੇਰਾ ਮਨੁੱਖਾ ਜਨਮ ਸਫਲ ਕਰ ਦਿਤਾ ਹੈ।(ਕਿਉਂਕਿ ਮੈਂ ਗੁਰੂ ਦੀ ਕ੍ਰਿਪਾ ਨਾਲ) ਦੁੱਖਾਂ ਦੇ ਦੂਰ ਕਰਨ ਵਾਲੇ ਹਰੀ ਦਾ ਨਾਮ ਜਪਿਆ ਹੈ।ਮੁਕਤੀ ਦੇਣ ਵਾਲਾ ਗੁਰੂ ਮੈਨੂੰ ਮਿਲ ਪਿਆ ਹੈ।(ਇਸ ਕਰਕੇ) ਹਰੀ ਨੇ ਮੇਰੀ ਜੀਵਨ ਯਾਤਰਾ ਸਫਲ ਕਰ ਦਿਤੀ ਹੈ।(ਹੁਣ) ਮੈਂ ਸੰਗਤ ਨਾਲ ਮਿਲ ਕੇ ਹਰੀ ਦੇ ਗੁਣ ਗਾਉਂਦਾ ਹਾਂ।੧।ਹੇ ਮਨ! ਤੂੰ ਪ੍ਰਭੂ ਦੇ ਨਾਮ ਦੀ ਆਸ ਕਰਿਆ ਕਰ।(ਪ੍ਰਭੂ ਦੀ ਆਸ) ਦ੍ਵੈਤ ਭਾਵ ਨੂੰ ਨਾਸ਼ ਕਰਕੇ ਦੂਰ ਦੇਂਦੀ ਹੈ।(ਜਿਹੜਾ ਮਨੁੱਖ ਰੱਬ ਦੀ) ਆਸਾ ਵਿਚ ਹੁੰਦਾ ਹੋਇਆ (ਪਦਾਰਥਾਂ ਦੀ ਆਸ ਤੋਂ) ਨਿਰਾਸ (ਤਿਆਗੀ) ਹੋ ਜਾਂਦਾ ਹੈ।ਉਹ ਮਨੁੱਖ ਹਰੀ ਦੇ ਪਾਸ (ਹਰੀ ਦੇ ਚਰਨਾਂ ਵਿਚ) ਮਿਲਿਆ ਰਹਿੰਦਾ ਹੈ।(ਹੇ ਭਾਈ! ਚਾਰੇ ਵਰਨਾਂ ਵਿਚੋਂ ਜਿਹੜਾ) ਕੋਈ ਮਨੁੱਖ ਪ੍ਰਭੂ ਦੇ ਗੁਣ ਗਾਉਣ ਵਾਲਾ ਹੈ।ਦਾਸ ਨਾਨਕ ਉਸ ਦੇ ਚਰਨੀਂ ਲਗਦਾ ਹੈ।੨।੧।੭।੪।੬।੭।੧੭।

ਪਦਾਰਥ = ਪੜਤਾਲ-ਪਟਤਾਲ (ਚਾਰ ਤਾਲ ਦਾ ਭੇਦ), ਤਾਲ ਨੂੰ ਬਦਲ ਬਦਲ ਕੇ ਗਾਉਣਾ।ਬੋਲਹੁ-ਉਚਾਰਨ ਕਰੋ।ਭਈਆ-ਹੇ ਭਾਈ!।ਪਤਿਤ-ਵਿਕਾਰੀਆਂ ਨੂੰ।ਪਾਵਨੋ-ਪਵਿਤ੍ਰ ਕਰਨ ਵਾਲਾ।ਤਾਰਨੋ-ਤਾਰਨ ਵਾਲਾ।ਭਰਿਪੁਰੇ-ਭਰਪੂਰ (ਵਿਆਪਕ)।ਜਲਿ-ਪਾਣੀ ਵਿਚ।ਥਲਿ-ਸੁੱਕੀ ਧਰਤੀ ਵਿਚ।ਨਿਤ-ਸਦਾ; ਹਰ ਰੋਜ।ਬਿਸਾਰਨੋ-ਦੂਰ ਕਰਨ ਵਾਲਾ।੧।ਰਹਾਉ।ਹਰਿ-ਹਰੀ ਨੇ।ਕੀਆ-ਕਰ ਦਿਤਾ।ਹਮਾਰਾ-ਮੇਰਾ।ਬਿਸਾਰਨਹਾਰਾ-ਦੂਰ ਕਰਨ ਵਾਲਾ।ਭੇਟਿਆ-ਮਿਲ ਪਿਆ।ਮੁਕਤਿ ਦਾਤਾ-ਮੁਕਤੀ ਦੇਣ ਵਾਲਾ।ਕੀਈ-ਕਰ ਦਿਤੀ।ਜਾਤਾ-(ਜੀਵਨ ਦੀ) ਯਾਤਰਾ।ਮਿਲਿ-ਮਿਲ ਕੇ।ਸੰਗਤੀ-ਸੰਗਤ ਵਿਚ।ਗਾਵਨੋ-ਗਾਉਂਦਾ ਹਾਂ; ਗਾਉਣ ਵਾਲਾ।੧।ਮਨ-ਹੇ ਮਨ!।ਭਾਉ ਦੂਜਾ-ਪ੍ਰਭੂ ਤੋਂ ਬਿਨਾ ਕਿਸੇ ਦੂਜੇ ਦਾ ਪਿਆਰ।ਬਿਨਸਿ ਬਿਨਾਸਾ-ਨਾਸ਼ ਹੋ ਕੇ ਦੂਰ ਹੋ ਜਾਂਦਾ ਹੈ।ਨਿਰਾਸੀ-ਤਿਆਗੀ; ਨਿਰਲੇਪ।ਸੋ ਜਨੁ-ਉਹ ਮਨੁੱਖ।ਪਾਸੀ-ਕੋਲ; ਨੇੜੇ।ਪਗਿ-ਪੈਰੀਂ।ਲਾਵਨੋ-ਲਗਦਾ ਹੈ।੨।੧।੭।੪।੬।੭।੧੭।

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਨਦਰੀ ਆਵੈ ਤਿਸੁ ਸਿਉ ਮੋਹੁ ॥ ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ ॥ ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥ ਸਾਧ ਸੰਗਤਿ ਕੈ ਅੰਚਲਿ ਲਾਵਹੁ ॥੧॥ ਕਿਉ ਤਰੀਐ ਬਿਖਿਆ ਸੰਸਾਰੁ ॥ ਸਤਿਗੁਰੁ ਬੋਹਿਥੁ ਪਾਵੈ ਪਾਰਿ ॥੧॥ਰਹਾਉ॥ ਪਵਨ ਝੁਲਾਰੇ ਮਾਇਆ ਦੇਇ ॥ ਹਰਿ ਕੇ ਭਗਤ ਸਦਾ ਥਿਰੁ ਸੇਇ ॥ ਹਰਖ ਸੋਗ ਤੇ ਰਹਹਿ ਨਿਰਾਰਾ ॥ ਸਿਰ ਊਪਰਿ ਆਪਿ ਗੁਰੂ ਰਖਵਾਰਾ ॥੨॥ ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥ ਹਉਮੈ ਪਚੇ ਦੀਪਕ ਦੇਖਿ ਪਤੰਗਾ ॥ ਸਗਲ ਸੀਗਾਰ ਕਰੇ ਨਹੀ ਪਾਵੈ ॥ ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥੩॥ ਹਉ ਫਿਰਉ ਉਦਾਸੀ, ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥ ਹਰਿ ਕਾ ਮੰਦਰੁ ਤਿਸ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥ ਜਿਨਿ ਚਾਖਿਆ ਤਿਸੁ ਆਇਆ ਸਾਦੁ ॥ ਜਿਉ ਗੂੰਗਾ ਮਨ ਮਹਿ ਬਿਸਮਾਦੁ ॥ ਆਨਦ ਰੂਪੁ ਸਭੁ ਨਦਰੀ ਆਇਆ ॥ ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥੧॥ (ਹੇ ਭਾਈ! ਜਿਹੜਾ ਸੰਸਾਰ ਅੱਖਾਂ ਨਾਲ) ਨਜਰ ਆਉਂਦਾ ਹੈ, ਉਸ ਨਾਲ ਸਾਡਾ ਮੋਹ ਹੈ।ਹੇ ਨਾਸ਼ ਰਹਿਤ ਪ੍ਰਭੂ! (ਤੂੰ ਜੋ ਦਿਸਦਾ ਨਹੀਂ, ਅਸੀਂ) ਤੈਨੂੰ ਕਿਵੇਂ ਮਿਲੀਏ? ਕਿਰਪਾ ਕਰਕੇ ਮੈਨੂੰ (ਗੁਰ ਮਤਿ ਦੇ) ਰਸਤੇ ਤੇ ਪਾਵੋ।ਅਤੇ ਸਾਧ ਸੰਗਤ ਦੇ ਲੜ ਲਾ ਦਿਓ।੧।(ਹੇ ਭਾਈ! ਇਸ) ਮਾਇਆ ਦੇ ਮੋਹ ਦੀਆਂ ਲਹਿਰਾਂ ਵਾਲੇ

ਸੰਸਾਰ ਸਮੁੰਦਰ ਤੋਂ ਕਿਸ ਤਰ੍ਹਾਂ ਤਰਿਆ ਜਾ ਸਕਦਾ ਹੈ? (ਉਤਰ) ਸਤਿਗੁਰੂ ਜਹਾਜ ਰੂਪ ਹੈ, (ਉਸ ਦੀ ਸ਼ਰਨ ਵਿਚ ਪਿਆਂ ਉਹ ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦੇਂਦਾ ਹੈ।੧।ਰਹਾਉ।(ਹੇ ਭਾਈ!) ਮਾਇਆ ਹਵਾ ਵਾਂਗ (ਜੀਵਾਂ ਨੂੰ ਵਾਸ਼ਨਾ ਰੂਪ) ਝੁਲਾਰੇ ਦੇਂਦੀ ਹੈ।(ਪਰ ਜੋ) ਹਰੀ ਦੇ ਭਗਤ ਹਨ, ਉਹ ਸਦਾ ਅਡੋਲ ਰਹਿੰਦੇ ਹਨ (ਮਾਇਆ ਉਨ੍ਹਾਂ ਨੂੰ ਡੁਲਾ ਨਹੀਂ ਸਕਦੀ।ਅਤੇ ਉਹ) ਖੁਸ਼ੀ ਗਮੀ ਤੋਂ ਨਿਰਲੇਪ ਰਹਿੰਦੇ ਹਨ।(ਕਿਉਂਕਿ ਉਨ੍ਹਾਂ ਦੇ) ਸਿਰ ਉਤੇ ਗੁਰੂ ਆਪ ਰਖਵਾਲਾ ਹੁੰਦਾ ਹੈ।੨।(ਹੇ ਭਾਈ!) ਮਾਇਆ ਨੇ ਸੱਪ ਵਾਂਗ ਸਾਰੇ ਜੀਵਾਂ ਨੂੰ ਵਲ੍ਹ ਪਾਇਆ ਹੋਇਆ ਹੈ।(ਜੀਵ) ਹਉਮੈ ਦੀ ਅੱਗ ਵਿਚ ਇਸ ਤਰ੍ਹਾਂ ਸੜ ਰਹੇ ਹਨ, ਜਿਵੇਂ ਦੀਵੇ ਦੀ ਲਾਟ ਦੇਖ ਕੇ ਪਤੰਗੇ (ਉਸ ਵਿਚ) ਸੜਦੇ ਹਨ।(ਗੁਰੂ ਦੀ ਸ਼ਰਣ ਵਿਚ ਜਾਣ ਤੋਂ ਬਿਨਾ ਭਾਵੇਂ ਮਨੁੱਖ) ਸਾਰੇ ਸਾਧਨਾ ਰੂਪ ਸ਼ਿੰਗਾਰ ਕਰ ਲਵੇ, (ਪਰ ਉਹ) ਪ੍ਰਭੂ ਨੂੰ ਨਹੀਂ ਪਾ ਸਕਦਾ।ਜਦੋਂ ਪ੍ਰਭੂ ਮੇਹਰਵਾਨ ਹੁੰਦਾ ਹੈ, ਤਾਂ (ਉਸ ਨੂੰ) ਗੁਰੂ ਮਿਲਾ ਦੇਂਦਾ ਹੈ।੩।ਮੈਂ (ਗੁਰੂ ਤੋਂ) ਇਕ ਨਾਮ ਰਤਨ ਪੁੱਛਿਆ, (ਜਿਸ ਵਾਸਤੇ) ਮੈਂ ਉਦਾਸ ਹੋਈ ਫਿਰਦੀ ਸਾਂ।ਨਾਮ ਰੂਪ ਨਿਰਮੋਲਕ ਹੀਰਾ (ਗੁਰੂ ਤੋਂ ਬਿਨਾ ਕਿਸੇ ਹੋਰ) ਜਤਨਾਂ ਨਾਲ ਨਹੀਂ ਮਿਲਦਾ।(ਇਹ) ਸਰੀਰ ਹਰੀ ਦਾ ਮੰਦਰ ਹੈ, ਉਸ ਵਿਚ ਪਿਆਰਾ ਪ੍ਰਭੂ ਵਸਦਾ ਹੈ।(ਜਦੋਂ) ਗੁਰੂ ਨੇ ਅਗਿਆਨ ਦਾ ਪੜਦਾ ਖੋਲ੍ਹ ਦਿਤਾ, ਤਾਂ ਮੈਂ (ਅਪਣੇ ਅੰਦਰ ਹੀ ਉਸ ਪ੍ਰਭੂ ਨੂੰ) ਦੇਖ ਕੇ ਨਿਹਾਲ ਹੋ ਗਈ ਹਾਂ।੪।ਜਿਸ ਮਨੁੱਖ ਨੇ (ਨਾਮ ਰਸ) ਚੱਖਿਆ ਹੈ, ਉਸ ਨੂੰ (ਨਾਮ ਰਸ ਦਾ) ਸੁਆਦ ਆਇਆ ਹੈ।ਜਿਵੇਂ ਗੂੰਗਾ ਮਨੁੱਖ (ਗੁੜ ਖਾ ਕੇ) ਮਨ ਵਿਚ ਹੈਰਾਨ ਹੁੰਦਾ ਹੈ (ਪਰ ਉਹ ਗੁੜ ਦਾ ਸੁਆਦ ਦਸ ਨਹੀਂ ਸਕਦਾ।ਉਸ ਰਸੀਏ ਨੂੰ) ਸਭ ਪਾਸੇ ਅਨੰਦ ਰੂਪ ਪ੍ਰਭੂ ਨਜਰ ਆਇਆ ਹੈ।ਦਾਸ ਨਾਨਕ ਆਖਦਾ ਹੈ (ਕਿ ਨਾਮ ਦਾ ਰਸੀਆ ਮਨੁੱਖ) ਹਰੀ ਦੇ ਗੁਣ ਉਚਾਰ ਕੇ (ਹਰੀ ਵਿਚ) ਸਮਾ ਗਿਆ ਹੈ।੫।੧।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ।ਨਦਰੀ ਆਵੈ–ਨਜਰ ਆਉਂਦਾ ਹੈ।ਤਿਸੁ ਸਿਉ–ਉਸ ਨਾਲ।ਪ੍ਰਭ ਅਬਿਨਾਸੀ–ਹੇ ਨਾਸ਼ ਰਹਿਤ ਪ੍ਰਭੂ!।ਤੋਹਿ–ਤੈਨੂੰ।ਕਰਿ–ਕਰਕੇ।ਮੋਹਿ–ਮੈਨੂੰ।ਮਾਰਗਿ ਪਾਵਹੁ–(ਗੁਰਮਤਿ ਦੇ) ਰਸਤੇ ਤੇ ਪਾਵੋ।ਕੈ–ਦੇ।ਅੰਚਲਿ ਲਾਵਹੁ–ਲੜ ਲਾਵੋ।੧।ਕਿਉ–ਕਿਸ ਤਰ੍ਹਾਂ।ਬਿਖਿਆ–ਜਹਿਰ; ਮਾਇਆ।ਬੋਹਿਥੁ–ਜਹਾਜ।ਪਾਵੈ ਪਾਰਿ–ਪਾਰ ਲੰਘਾ ਦੇਂਦਾ ਹੈ।੧।ਰਹਾਉ।ਪਵਨ–ਹਵਾ।ਝੁਲਾਰੇ–ਝੂਟੇ; ਹੁਲਾਰੇ।ਦੇਇ–ਦੇਂਦੀ ਹੈ।ਥਿਰੁ–ਅਡੋਲ।ਸੇਇ–ਉਹ ਹੀ।ਹਰਖ–ਖੁਸ਼ੀ।ਸੋਗ–ਗਮੀ।ਤੇ–ਤੋਂ।ਨਿਰਾਰੇ–ਨਿਰਲੇਪ।ਰਖਵਾਰਾ–ਰਖਵਾਲਾ।੨।ਵੇੜੁ–ਵਲ੍ਹੇਟ; ਘੇਰਾ।ਸਰਬ–ਸਾਰੇ ਜੀਵਾਂ ਨੂੰ।ਭੁਇਅੰਗਾ–ਸੱਪ।ਪਚੇ–ਸੜਦੇ ਹਨ।ਦੀਪਕ–ਦੀਵਾ।੩।ਸਗਲ–ਸਾਰੇ।ਜਾ–ਜਦੋਂ।ਤਾ–ਤਾਂ; ਤਦ।੩।ਹਉ ਫਿਰਉ–ਮੈਂ ਲੱਭਦੀ ਫਿਰਦੀ ਹਾਂ।ਰਤਨੁ–ਅਮੋਲਕ ਰਤਨ।ਦਸਾਇਆ–ਪੁੱਛਿਆ।ਨਿਰਮੋਲਕੁ–ਅਮੋਲਕ।ਉਪਾਇਆ–ਉਪਾਵਾਂ (ਜਤਨਾਂ) ਨਾਲ।ਮੰਦਰੁ–ਸਰੀਰ ਰੂਪ ਮੰਦਰ; ਸਾਧ ਸੰਗਤ ਰੂਪ ਮੰਦਰ।ਤਿਸੁ ਮਹਿ–ਉਸ ਵਿਚ।ਲਾਲੁ–ਪਿਆਰਾ ਪ੍ਰਭੂ।ਗੁਰਿ–ਗੁਰੂ ਨੇ।ਭਈ–ਹੋਈ।ਨਿਹਾਲੁ–ਪ੍ਰਸੰਨ।੪।ਜਿਨਿ–ਜਿਸ ਨੇ।ਚਾਖਿਆ–ਖਾਧਾ ਹੈ (ਅਨੰਦ ਮਾਣਿਆ)।ਸਾਦੁ–ਸੁਆਦ।ਬਿਸਮਾਦੁ–ਹੈਰਾਨ; ਸਹਿਜ ਅਨੰਦ ਵਾਲੀ ਹਾਲਤ।ਆਨਦ ਰੂਪੁ–ਅਨੰਦ ਸਰੂਪ ਪ੍ਰਭੂ।ਸਭੁ–ਸਭ ਪਾਸੇ।ਜਨ–ਦਾਸ।ਆਖਿ–ਉਚਾਰ ਕੇ; ਗਾ ਕੇ।ਸਮਾਇਆ–ਲੀਨ ਹੋ ਗਿਆ।੫।੧।

ਬਿਲਾਵਲੁ ਮਹਲਾ ੫ ॥ ਸਰਬ ਕਲਿਆਣ ਕੀਏ ਗੁਰਦੇਵ ॥ ਸੇਵਕੁ ਅਪਨੀ ਲਾਇਓ ਸੇਵ ॥ ਬਿਘਨੁ ਨ ਲਾਗੈ ਜਪਿ ਅਲਖ ਅਭੇਵ ॥੧॥ ਧਰਤਿ ਪੁਨੀਤ ਭਈ ਗੁਨ ਗਾਏ ॥ ਦੁਰਤੁ ਗਇਆ ਹਰਿ ਨਾਮੁ ਧਿਆਏ ॥੧॥ਰਹਾਉ॥ ਸਭਨੀ ਥਾਂਈ ਰਵਿਆ ਆਪਿ ॥ ਆਦਿ ਜੁਗਾਦਿ ਜਾ ਕਾ ਵਡ ਪਰਤਾਪੁ ॥ ਗੁਰ ਪਰਸਾਦਿ ਨ ਹੋਇ ਸੰਤਾਪੁ ॥੨॥ ਗੁਰ ਕੇ ਚਰਨ ਲਗੇ ਮਨਿ ਮੀਠੇ ॥ ਨਿਰਬਿਘਨ ਹੋਇ ਸਭ ਥਾਂਈ ਵੂਠੇ ॥ ਸਭਿ ਸੁਖ ਪਾਏ ਸਤਿਗੁਰ ਤੂਠੇ ॥੩॥ ਪਾਰਬ੍ਰਹਮ ਪ੍ਰਭ ਭਏ ਰਖਵਾਲੇ ॥ ਜਿਥੈ ਕਿਥੈ ਦੀਸਹਿ ਨਾਲੇ ॥ ਨਾਨਕ ਦਾਸ ਖਸਮਿ ਪ੍ਰਤਿਪਾਲੇ ॥੪॥੨॥ (ਹੇ ਭਾਈ! ਉਸ ਸੇਵਕ ਲਈ) ਗੁਰਦੇਵ ਪ੍ਰਭੂ ਨੇ ਸਾਰੇ ਸੁਖ ਅਨੰਦ ਪੈਦਾ ਕਰ ਦਿਤੇ ਹਨ।(ਜਿਸ) ਸੇਵਕ ਨੂੰ ਅਪਣੀ ਸੇਵਾ ਭਗਤੀ ਵਿਚ ਲਾਇਆ ਹੈ।ਅਲੱਖ ਅਤੇ ਭੇਦ ਤੋਂ ਰਹਿਤ ਪ੍ਰਭੂ ਨੂੰ ਜਪਣ ਨਾਲ (ਉਸ ਸੇਵਕ ਨੂੰ ਕੋਈ) ਬਿਘਨ ਨਹੀਂ ਲਗਦਾ।੧।(ਸੇਵਕ ਦੀ) ਹਿਰਦਾ ਰੂਪ ਧਰਤੀ ਹਰੀ ਦੇ ਗੁਣ ਗਾ ਕੇ ਪਵਿਤ੍ਰ ਹੋ ਗਈ ਹੈ।ਹਰੀ ਦਾ ਨਾਮ ਸਿਮਰ ਕੇ (ਉਸ ਸੇਵਕ ਦੇ ਹਿਰਦੇ ਵਿਚੋਂ) ਪਾਪ ਦੂਰ ਹੋ ਗਿਆ ਹੈ।੧।ਰਹਾਉ।(ਪ੍ਰਭੂ ਨਾਲ ਜੁੜੇ ਸੇਵਕ ਨੂੰ) ਸਭ ਜਗ੍ਹਾ ਪ੍ਰਭੂ ਆਪ ਵਿਆਪਕ ਹੋ ਰਿਹਾ ਦਿਸਦਾ ਹੈ।ਜਿਸ ਪ੍ਰਭੂ ਦਾ ਆਦਿ ਕਾਲ ਤੇ ਜੁਗਾਂ ਦੇ ਅਰੰਭ ਤੋਂ ਹੀ ਵੱਡਾ ਤੇਜ ਪ੍ਰਤਾਪ ਹੈ।ਗੁਰੂ ਦੀ ਕ੍ਰਿਪਾ ਨਾਲ (ਪ੍ਰਭੂ ਦੇ ਸੇਵਕਾਂ ਨੂੰ ਕੋਈ) ਦੁਖ ਕਲੇਸ਼ ਨਹੀਂ ਹੁੰਦਾ।੨।(ਹੇ ਭਾਈ! ਜਿਨ੍ਹਾਂ ਮਨੁੱਖਾਂ ਨੂੰ) ਗੁਰੂ ਦੇ ਚਰਨ ਮਿੱਠੇ ਲੱਗੇ ਹਨ।ਉਹ ਨਿਰਬਿਘਨ ਹੋ ਕੇ ਸਭ ਥਾਂਵਾਂ ਤੇ (ਸੁਖ ਸਾਂਦ ਨਾਲ) ਵਸਦੇ ਹਨ।ਸਤਿਗੁਰੂ ਦੇ ਪ੍ਰਸੰਨ ਹੋਣ ਨਾਲ (ਉਨ੍ਹਾਂ ਨੇ) ਸਾਰੇ ਸੁਖ ਪਾ ਲਏ ਹਨ।੩।ਪਾਰਬ੍ਰਹਮ (ਅਪਣੇ ਸੇਵਕਾਂ ਦੇ) ਰਖਵਾਲੇ ਹੋਏ ਹਨ।(ਸੇਵਕਾਂ ਨੂੰ) ਜਿੱਥੇ ਕਿੱਥੇ ਭਾਵ ਹਰ ਥਾਂ ਪ੍ਰਭੂ ਜੀ ਨਾਲ ਵਸਦੇ ਦਿਸਦੇ

ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਪ੍ਰਭੂ ਨੇ ਅਪਣੇ ਦਾਸਾਂ ਦੀ ਚੰਗੀ ਤਰ੍ਹਾਂ ਪਾਲਣਾ ਕੀਤੀ ਹੈ।੪।੨।

ਪਦਾਰਥ = ਸਰਬ ਕਲਿਆਣ–ਸਾਰੇ ਸੁਖ ਅਨੰਦ। ਕੀਏ–ਪੈਦਾ ਕਰ ਦਿਤੇ। ਸੇਵ–ਸੇਵਾ ਭਗਤੀ। ਜਪਿ–ਜਪਣ ਨਾਲ। ਅਲਖ–ਨਾ ਜਾਣਿਆ ਜਾਣ ਵਾਲਾ ਪ੍ਰਭੂ। ਅਭੇਵ–ਜਿਸ ਦਾ ਭੇਤ ਨਾ ਪਾਇਆ ਜਾ ਸਕੇ।੧। ਧਰਤਿ–ਹਿਰਦਾ ਰੂਪ ਧਰਤੀ। ਪੁਨੀਤ–ਪਵਿਤ੍ਰ। ਭਈ–ਹੋ ਗਈ। ਦੁਰਤੁ–ਪਾਪ।੧। ਰਹਾਉ। ਸਭਨੀ ਥਾਂਈ–ਸਭ ਜਗ੍ਹਾ। ਰਵਿਆ–ਵਿਆਪਕ ਹੈ। ਆਦਿ–ਸ਼ੁਰੂ ਤੋਂ। ਜੁਗਾਦਿ–ਜੁਗਾਂ ਦੇ ਸ਼ੁਰੂ ਤੋਂ। ਜਾ ਕਾ–ਜਿਸ ਦਾ। ਪਰਤਾਪੁ–ਤਪ ਤੇਜ। ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਸੰਤਾਪੁ–ਦੁਖ ਕਲੇਸ਼।੨। ਮਨਿ–ਮਨ ਵਿਚ। ਮੀਠੇ–ਪਿਆਰੇ। ਰੁਕਾਵਟ ਤੋਂ ਬਿਨਾ; ਦੁਖ ਕਲੇਸ਼ ਤੋਂ ਬਿਨਾ। ਵੂਠੇ–ਵਸਦੇ ਹਨ। ਤੂਠੇ–ਪ੍ਰਸੰਨ ਹੋਣ ਨਾਲ।੩। ਭਏ–ਹੋਏ। ਰਖਵਾਲੇ–ਰੱਖਿਆ ਕਰਨ ਵਾਲੇ। ਜਿਥੈ ਕਿਥੈ–ਹਰ ਥਾਂ। ਦੀਸਹਿ–ਦਿਸਦੇ ਹਨ। ਨਾਲੇ–ਨਾਲ; ਅੰਗ ਸੰਗ। ਖਸਮਿ–ਮਾਲਕ ਪ੍ਰਭੂ ਨੇ।੪।੨।

ਅੰਗ ੮੦੨ = ਬਿਲਾਵਲੁ ਮਹਲਾ ੫ ॥ ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥ ਮੋਹਿ ਅਨਾਥ ਤੁਮਰੀ ਸਰਣਾਈ ॥ ਕਰਿ ਕਿਰਪਾ ਹਰਿ ਚਰਨ ਧਿਆਈ ॥੧॥ ਦਇਆ ਕਰਹੁ ਬਸਹੁ ਮਨਿ ਆਇ ॥ ਮੋਹਿ ਨਿਰਗੁਨ ਲੀਜੈ ਲੜ ਲਾਇ ॥ਰਹਾਉ॥ ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ ॥ ਹਰਿ ਸੇਵਕ ਨਾਹੀ ਜਮ ਪੀੜ॥ ਸਰਬ ਦੂਖ ਹਰਿ ਸਿਮਰਤ ਨਸੇ ॥ ਜਾ ਕੈ ਸੰਗਿ ਸਦਾ ਪ੍ਰਭੁ ਬਸੈ ॥੨॥ ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ ॥ ਬਿਸਰਤ ਨਾਮੁ ਹੋਵਤ ਤਨੁ ਛਾਰੁ ॥ ਪ੍ਰਭ ਚਿਤਿ ਆਏ ਪੂਰਨ ਸਭ ਕਾਜ ॥ ਹਰਿ ਬਿਸਰਤ ਸਭ ਕਾ ਮੁਹਤਾਜ ॥੩॥ ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥ ਬਿਸਰਿ ਗਈ ਸਭ ਦੁਰਮਤਿ ਰੀਤਿ ॥ ਮਨ ਤਨ ਅੰਤਰਿ ਹਰਿ ਹਰਿ ਮੰਤ ॥ ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥੪॥੩॥ ਹੇ ਸੁੱਖਾਂ ਦੇ ਖਜਾਨੇ ਮੇਰੇ ਪਿਆਰੇ ਪ੍ਰਭੂ !। ਹੇ ਮਾਲਕ ਪ੍ਰਭੂ ! ਤੇਰੇ ਗੁਣ ਅਣਗਿਣਤ ਹਨ। ਮੈਂ ਅਨਾਥ ਤੇਰੀ ਸ਼ਰਣ ਵਿਚ ਆਇਆ ਹਾਂ। ਹੇ ਹਰੀ ! (ਮੇਰੇ ਉਤੇ ਇਹ) ਕ੍ਰਿਪਾ ਕਰ, ਮੈਂ ਤੇਰੇ ਚਰਨਾਂ ਦਾ ਧਿਆਨ ਧਰਾਂ।੧। (ਹੇ ਪ੍ਰਭੂ ! ਮੇਰੇ ਉਤੇ) ਦਇਆ ਕਰੋ, ਮਨ ਵਿਚ ਆ ਕੇ ਵਸੋ। ਮੈਨੂੰ ਗੁਣ ਹੀਣ ਨੂੰ (ਅਪਣੇ) ਲੜ ਨਾਲ ਲਗਾ ਲਵੋ। ਰਹਾਉ। (ਹੇ ਭਾਈ ! ਜੇ) ਪ੍ਰਭੂ ਚਿਤ ਵਿਚ ਆ ਵਸੇ, ਤਾਂ ਕਿਸ ਤਰ੍ਹਾਂ ਕੋਈ ਦੁਖ ਲਗ ਸਕਦਾ ਹੈ ? (ਨਹੀਂ ਲਗ ਸਕਦਾ)। ਪ੍ਰਭੂ ਦੇ ਸੇਵਕਾਂ ਨੂੰ ਜਮਾਂ ਦੀ ਪੀੜ ਨਹੀਂ ਵਿਆਪਦੀ। ਹਰੀ ਦਾ ਸਿਮਰਨ ਕਰਨ ਨਾਲ (ਉਸ ਮਨੁੱਖ ਦੇ) ਸਾਰੇ ਦੁੱਖ ਨੱਸ ਗਏ ਹਨ। ਜਿਸ ਦੇ ਨਾਲ ਪ੍ਰਭੂ ਸਦਾ ਵਸਦਾ ਹੈ।੨। (ਹੇ ਭਾਈ !) ਪ੍ਰਭੂ ਦਾ ਨਾਮ ਮਨ ਵਿਚ ਤੇ ਸਰੀਰ ਵਿਚ ਆਸਾਰਾ ਦੇਂਦਾ ਹੈ। ਪ੍ਰਭੂ ਦਾ ਨਾਮ ਭੁੱਲ ਜਾਣ ਨਾਲ ਸਰੀਰ ਸੁਆਹ ਰੂਪ (ਨਿਸਫਲ) ਹੁੰਦਾ ਹੈ। (ਜਿਸ ਮਨੁੱਖ ਦੇ) ਚਿਤ ਵਿਚ ਪ੍ਰਭੂ ਆ ਵਸਦਾ ਹੈ, (ਉਸ ਦੇ) ਸਾਰੇ ਕੰਮ ਪੂਰੇ ਹੋ ਜਾਂਦੇ ਹਨ। ਹਰੀ ਦਾ ਨਾਮ ਭੁੱਲ ਜਾਣ ਨਾਲ ਸਭ ਦਾ ਮੁਹਤਾਜ ਹੋ ਜਾਂਦਾ (ਸਭ ਦੇ ਅਧੀਨ ਹੋ ਕੇ ਰਹਿੰਦਾ) ਹੈ।੩। (ਹੇ ਭਾਈ ! ਜਿਸ ਮਨੁੱਖ ਦੀ) ਪ੍ਰਭੂ ਦੇ ਚਰਨਾ ਕਮਲਾਂ ਨਾਲ ਪ੍ਰੀਤ ਲਗ ਗਈ ਹੈ। (ਉਸ ਨੂੰ) ਖੋਟੀ ਮੱਤ ਵਾਲੀ ਸਾਰੀ ਰੀਤੀ ਭੁੱਲ ਗਈ ਹੈ। (ਕਿਉਂਕਿ ਉਸ ਦੇ) ਮਨ ਤੇ ਸਰੀਰ ਅੰਦਰ ਹਰੀ ਦਾ ਨਾਮ ਮੰਤ੍ਰ ਵਸਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹਰੀ ਦੇ) ਭਗਤਾਂ ਦੇ ਹਿਰਦੇ ਘਰ ਵਿਚ ਸਦਾ ਅਨੰਦ ਬਣਿਆ ਰਹਿੰਦਾ ਹੈ।੪।੩।

ਪਦਾਰਥ = ਸੁਖ ਨਿਧਾਨ–ਹੇ ਸੁੱਖਾਂ ਦੇ ਖਜਾਨੇ !। ਅਗਨਤ–ਅਣ ਗਿਣਤ। ਠਾਕੁਰ–ਹੇ ਮਾਲਕ !। ਮੋਹਿ–ਮੈਂ; ਮੈਨੂੰ। ਅਨਾਥ–ਯਤੀਮ। ਧਿਆਈ–ਧਿਆਵਾਂ; ਧਿਆਨ ਕਰਾਂ।੧। ਬਸਹੁ–ਵਸੋ। ਮਨਿ ਆਇ–ਮਨ ਵਿਚ ਆ ਕੇ। ਨਿਰਗੁਨ–ਗੁਣ ਹੀਣ। ਲੀਜੈ–ਲਾ ਲਵੋ। ਲੜਿ –ਲੜ ਨਾਲ। ਰਹਾਉ। ਚਿਤਿ–ਚਿਤ ਵਿਚ। ਤਾ–ਤਾਂ। ਕੈਸੀ–ਕਿਸ ਤਰ੍ਹਾਂ। ਭੀੜ–ਦੁਖ ਤਕਲੀਫ। ਜਮ ਪੀੜ–ਜਮਾਂ ਦਾ ਦੁੱਖ। ਸਰਬ–ਸਾਰੇ। ਸਿਮਰਤ–ਸਿਮਰਨ ਕਰਨ ਨਾਲ। ਨਸੇ–ਨੱਸ ਗਏ ਹਨ। ਜਾ ਕੈ–ਜਿਸ ਦੇ। ਸੰਗਿ–ਨਾਲ।੨। ਤਨਿ–ਸਰੀਰ ਵਿਚ। ਆਧਾਰੁ–ਆਸਰਾ। ਬਿਸਰਤ–ਭੁੱਲ ਜਾਣ ਨਾਲ। ਛਾਰੁ–ਸੁਆਹ। ਕਾਜ–ਕੰਮ। ਮੁਹਤਾਜ–ਲੋੜਵੰਦ; ਅਧੀਨ।੩। ਸੰਗਿ–ਨਾਲ। ਬਿਸਰਿ ਗਈ–ਭੁੱਲ ਗਈ। ਦੁਰਮਤਿ–ਖੋਟੀ ਮੱਤ। ਰੀਤਿ–ਤਰੀਕਾ; ਵਰਤਾਉ; ਸੁਭਾਉ। ਮੰਤ–ਮੰਤਰ। ਘਰਿ–ਹਿਰਦੇ ਘਰ ਵਿਚ।੪।੩।

ਰਾਗੁ ਬਿਲਾਵਲੁ ਮਹਲਾ ੫ ਘਰੁ ੨ ਯਾਨੜੀਏ ਕੈ ਘਰਿ ਗਾਵਣਾ ੴ ਸਤਿਗੁਰ ਪ੍ਰਸਾਦਿ ॥ ਮੈ ਮਨਿ ਤੇਰੀ ਟੇਕ ਮੇਰੇ ਪਿਆਰੇ, ਮੈ ਮਨਿ ਤੇਰੀ ਟੇਕ ॥ ਅਵਰ ਸਿਆਣਪਾ ਬਿਰਥੀਆ ਪਿਆਰੇ, ਰਾਖਨ ਕਉ ਤੁਮ ਏਕ ॥੧॥ਰਹਾਉ॥ ਸਤਿਗੁਰੁ ਪੂਰਾ ਜੇ ਮਿਲੈ ਪਿਆਰੇ, ਸੋ ਜਨੁ ਹੋਤ ਨਿਹਾਲਾ ॥ ਗੁਰ ਕੀ ਸੇਵਾ ਸੋ ਕਰੇ ਪਿਆਰੇ, ਜਿਸ ਨੋ ਹੋਇ ਦਇਆਲਾ ॥ ਸਫਲ ਮੂਰਤਿ ਗੁਰਦੇਉ ਸੁਆਮੀ, ਸਰਬ ਕਲਾ ਭਰਪੂਰੇ ॥ ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ,ਸਦਾ ਸਦਾ ਹਜੂਰੇ ॥੧॥ ਸੁਣਿ ਸੁਣਿ ਜੀਵਾ ਸੋਇ ਤਿਨਾ ਕੀ, ਜਿਨ੍ ਅਪੁਨਾ ਪ੍ਰਭੁ ਜਾਤਾ ॥ ਹਰਿ ਨਾਮੁ ਅਰਾਧਹਿ ਨਾਮ ਵਖਾਣਹਿ, ਹਰਿ ਨਾਮੇ ਹੀ ਮਨੁ ਰਾਤਾ ॥ ਸੇਵਕੁ ਜਨ ਕੀ ਸੇਵਾ ਮਾਗੈ, ਪੂਰੈ ਕਰਮਿ ਕਮਾਵਾ ॥ ਨਾਨਕ ਕੀ ਬੇਨੰਤੀ ਸੁਆਮੀ, ਤੇਰੇ ਜਨ ਦੇਖਣ ਪਾਵਾ ॥੨॥ ਹੇ ਮੇਰੇ ਪਿਆਰੇ ਪ੍ਰਭੂ ! ਮੇਰੇ ਮਨ ਵਿਚ ਤੇਰੀ ਟੇਕ

ਹੈ, ਮੇਰੇ ਮਨ ਵਿਚ ਤੇਰੀ ਹੀ ਟੇਕ ਹੈ। ਹੇ ਪਿਆਰੇ ਪ੍ਰਭੂ ! ਮੇਰੀ ਰੱਖਿਆ ਕਰਨ ਲਈ ਇਕ ਤੂੰ ਹੀ ਸਮਰੱਥ ਹੈਂ, (ਤੈਥੋਂ ਬਿਨਾ) ਹੋਰ ਸਭ ਸਿਆਣਪਾਂ ਬਿਅਰਥ ਹਨ।੧।ਰਹਾਉ। ਹੇ ਪਿਆਰੇ ਪ੍ਰਭੂ ! ਜਿਸ ਨੂੰ ਪੂਰਾ ਸਤਿਗੁਰੂ ਮਿਲ ਜਾਵੇ, ਉਹ ਮਨੁੱਖ ਨਿਹਾਲ ਹੋ ਜਾਂਦਾ ਹੈ। ਹੇ ਪਿਆਰੇ ਪ੍ਰਭੂ ! ਉਹ ਮਨੁੱਖ ਗੁਰੂ ਦੀ ਸੇਵਾ ਕਰਦਾ ਹੈ, ਜਿਸ ਉਤੇ ਤੂੰ ਦਇਆਵਾਨ ਹੁੰਦਾ ਹੈ। ਗੁਰਦੇਵ ਸੁਆਮੀ ਦੀ ਸਫਲ ਹਸਤੀ ਸਭ ਸ਼ਕਤੀਆਂ ਨਾਲ ਭਰਪੂਰ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਪ੍ਰਮਾਤਮਾ ਦਾ ਰੂਪ ਹੈ ਅਤੇ ਪ੍ਰਮੇਸਰ ਗੁਰੂ ਰੂਪ ਹੈ ,(ਜੋ ਅਪਣੇ ਸੇਵਕਾਂ ਦੇ) ਸਦਾ ਅੰਗ ਸੰਗ ਰਹਿੰਦਾ ਹੈ।੧। ਜਿਨ੍ਹਾਂ ਗੁਰਮੁਖਾਂ ਨੇ ਅਪਣੇ ਪ੍ਰਭੂ ਨੂੰ ਜਾਣਿਆ ਹੈ, ਮੈਂ ਉਨ੍ਹਾਂ ਦੀ ਸੋਭਾ ਸੁਣ ਸੁਣ ਕੇ ਜਿਉਂਦਾ ਹਾਂ।(ਕਿਉਂਕਿ ਉਹ ਤਨ ਕਰਕੇ) ਹਰੀ ਦਾ ਨਾਮ ਸਿਮਰਦੇ ਹਨ, (ਮਨ ਕਰਕੇ ਵੀ) ਹਰੀ ਦਾ ਨਾਮ ਹੀ ਉਚਾਰਦੇ ਹਨ ਅਤੇ ਹਰੀ ਦੇ ਨਾਮ ਵਿਚ ਹੀ (ਉਨ੍ਹਾਂ ਦਾ) ਮਨ ਰੰਗਿਆ ਰਹਿੰਦਾ ਹੈ।(ਹੇ ਪ੍ਰਭੂ ! ਮੈਂ) ਸੇਵਕ ਤੇਰੇ ਸੇਵਕਾਂ ਦੀ ਸੇਵਾ ਮੰਗਦਾ ਹਾਂ, (ਪਰ) ਪੂਰੇ ਭਾਗ ਹੋਣ ਤਾਂ (ਮੈਂ ਉਨ੍ਹਾਂ ਦੀ) ਸੇਵਾ ਕਰ ਸਕਦਾ ਹਾਂ। ਨਾਨਕ ਦੀ (ਤੇਰੇ ਪਾਸ) ਬੇਨਤੀ ਹੈ ਕਿ ਹੇ ਮਾਲਕ ਪ੍ਰਭੂ ! (ਮੇਰੇ ਤੇ ਕ੍ਰਿਪਾ ਕਰ) ਮੈਂ ਤੇਰੇ ਸੇਵਕਾਂ ਦਾ ਦਰਸ਼ਨ ਪ੍ਰਾਪਤ ਕਰਾਂ।੨।

ਪਦਾਰਥ = ਮੈ ਮਨਿ–ਮੇਰੇ ਮਨ ਵਿਚ। ਟੇਕ–ਓਟ। ਅਵਰ–ਹੋਰ। ਬਿਰਥੀਆ–ਬਿਅਰਥ। ਰਾਖਨ ਕਉ–ਰੱਖਿਆ ਕਰਨ ਲਈ। ਤੁਮ ਏਕ–ਇਕ ਤੂੰ ਹੀ।੧।ਰਹਾਉ। ਜੇ–ਜਿਸ ਨੂੰ। ਸੋ ਜਨੁ–ਉਹ ਮਨੁੱਖ। ਨਿਹਾਲਾ–ਪ੍ਰਸੰਨ; ਸੁਖੀ। ਕਰੇ–ਕਰਦਾ ਹੈ। ਮੂਰਤਿ–ਸ਼ਖਸ਼ੀਅਤ; ਹਸਤੀ। ਸਰਬ ਕਲਾ–ਸਭ ਸ਼ਕਤੀਆਂ। ਭਰਪੂਰੇ–ਭਰਿਆ ਹੋਇਆ। ਹਜੂਰੇ–ਅੰਗ ਸੰਗ; ਨੇੜੇ ਤੋਂ ਨੇੜੇ।੧। ਸੁਣਿ–ਸੁਣ ਕੇ। ਜੀਵਾ–ਜਿਉਂਦਾ ਹਾਂ। ਸੋਇ–ਸੋਭਾ। ਤਿਨਾ ਕੀ–ਉਨ੍ਹਾਂ ਦੀ। ਜਾਤਾ–ਜਾਣਿਆ ਹੈ। ਅਰਾਧਹਿ–ਜਪਦੇ ਹਨ। ਵਖਾਣਹਿ–ਉਚਾਰਦੇ ਹਨ। ਨਾਮੇ–ਨਾਮ ਵਿਚ। ਰਾਤਾ–ਰੰਗਿਆ ਹੈ। ਜਨ ਕੀ–ਸੇਵਕਾਂ ਦੀ। ਮਾਗੈ–ਮੰਗਦਾ ਹੈ। ਪੂਰੈ ਕਰਮਿ–ਪੂਰੇ ਭਾਗ ਹੋਣ; ਪੂਰਨ ਬਖਸ਼ਿਸ਼ ਨਾਲ। ਕਮਾਵਾ–ਕਰ ਸਕਾਂ। ਸੁਆਮੀ–ਹੇ ਮਾਲਕ ਪ੍ਰਭੂ !। ਦੇਖਣੁ ਪਾਵਾ–ਦਰਸ਼ਨ ਪ੍ਰਾਪਤ ਕਰਾਂ।੨।

ਯਾਨੜੀਏ ਕੈ ਘਰਿ = ਜਿਸ ਘਰ ਜਾਂ ਧਾਰਨਾ ਵਿਚ 'ਇਆਨੜੀਏ ਮਾਨੜਾ ਕਾਇ ਕਰੇਹਿ' ਅੰਗ ੭੨੨ ਵਾਲਾ ਸ਼ਬਦ ਗਾਇਆ ਜਾਂਦਾ ਹੈ, ਉਸੇ ਵਿਚ ਇਸ ਸ਼ਬਦ ਨੂੰ ਗਾਉਣ ਦੀ ਹਦਾਇਤ ਕੀਤੀ ਹੈ (ਸ਼ਬਦਾਰਥ)। ਇਆਨੜੀਏ ਵਾਲਾ ਸ਼ਬਦ ਘਰ ੩ ਵਿਚ ਹੈ (ਇਥੇ ਇਆ ਨੂੰ ਯਾ ਕਰਕੇ ਲਿਖਿਆ ਹੈ। ਇਆਨੜੀਏ ਤੇ ਯਾਨੜੀਏ ਸਮਾਨ ਅਰਥੀ ਹਨ)।

ਵਡਭਾਗੀ ਸੇ ਕਾਢੀਅਹਿ ਪਿਆਰੇ, ਸੰਤ ਸੰਗਤਿ ਜਿਨਾ ਵਾਸੋ ॥ ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ,ਮਨੈ ਹੋਵੈ ਪਰਗਾਸੋ ॥ ਜਨਮ ਮਰਣ ਦੁਖੁ ਕਾਟੀਐ ਪਿਆਰੇ, ਚੂਕੈ ਜਮ ਕੀ ਕਾਣੇ ॥ ਤਿਨਾ ਪਰਾਪਤਿ ਦਰਸਨੁ ਨਾਨਕ, ਜੋ ਪ੍ਰਭ ਅਪਣੇ ਭਾਣੇ ॥੩॥ ਊਚ ਅਪਾਰ ਬੇਅੰਤ ਸੁਆਮੀ, ਕਉਣੁ ਜਾਣੈ ਗੁਣ ਤੇਰੇ ॥ ਗਾਵਤੇ ਉਧਰਹਿ ਸੁਣਤੇ ਉਧਰਹਿ, ਬਿਨਸਹਿ ਪਾਪ ਘਨੇਰੇ ॥ ਪਸੂ ਪਰੇਤ ਮੁਗਧ ਕਉ ਤਾਰੇ, ਪਾਹਨ ਪਾਰਿ ਉਤਾਰੈ ॥ ਨਾਨਕ ਦਾਸ ਤੇਰੀ ਸਰਣਾਈ, ਸਦਾ ਸਦਾ ਬਲਿਹਾਰੈ ॥੪॥੧॥੪॥ ਹੇ ਪਿਆਰੇ ਪ੍ਰਭੂ ! ਉਹ ਮਨੁੱਖ ਵੱਡੇ ਭਾਗਾਂ ਵਾਲੇ ਕਹੇ ਜਾਂਦੇ ਹਨ, ਸੰਤਾਂ ਦੀ ਸੰਗਤ ਵਿਚ ਜਿਨ੍ਹਾਂ ਦਾ ਵਾਸਾ ਹੈ।(ਹੇ ਭਾਈ ! ਸੰਤਾਂ ਦੀ ਸੰਗਤ ਵਿਚ) ਪ੍ਰਭੂ ਦਾ ਪਵਿਤ੍ਰ ਅੰਮ੍ਰਿਤ ਨਾਮ ਜਪਣਾ ਚਾਹੀਦਾ ਹੈ, (ਜਿਸ ਨਾਲ) ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਹੇ ਪਿਆਰੇ ! (ਨਾਮ ਜਪਣ ਨਾਲ) ਜਨਮ ਮਰਨ ਦਾ ਦੁਖ ਕੱਟਿਆ ਜਾਂਦਾ ਹੈ ਅਤੇ ਜਮ ਦੀ ਕਾਣ ਮੁੱਕ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਅਪਣੇ ਪ੍ਰਭੂ ਨੂੰ ਚੰਗੇ ਲਗਦੇ ਹਨ, ਉਨ੍ਹਾਂ ਨੂੰ (ਪ੍ਰਭੂ ਦਾ) ਦਰਸ਼ਨ ਹੁੰਦਾ ਹੈ।੩। ਹੇ ਸਭ ਤੋਂ ਉਚੇ, ਪਾਰ ਰਹਿਤ ਅਤੇ ਬੇਅੰਤ ਸੁਆਮੀ ! ਤੇਰੇ (ਬੇਅੰਤ) ਗੁਣਾਂ ਨੂੰ ਕੌਣ ਜਾਣ ਸਕਦਾ ਹੈ ? (ਕੋਈ ਨਹੀਂ ਜਾਣਦਾ। ਤੇਰੇ ਗੁਣ) ਗਾਉਣ ਵਾਲੇ ਮੁਕਤ ਹੋ ਜਾਂਦੇ ਹਨ ਤੇ ਸੁਣਨ ਵਾਲੇ ਵੀ ਮੁਕਤ ਹੋ ਜਾਂਦੇ ਹਨ, (ਗੁਣ ਗਾਉਣ ਕਰਕੇ ਉਨ੍ਹਾਂ ਦੇ) ਅਨੇਕਾਂ ਪਾਪ ਨਾਸ਼ ਹੋ ਜਾਂਦੇ ਹਨ।(ਹੇ ਪ੍ਰਭੂ ! ਤੈਂ) ਪਸ਼ੂ ਤੇ ਪ੍ਰੇਤ ਬ੍ਰਿਤੀ ਵਾਲੇ ਮੂਰਖਾਂ ਨੂੰ ਵੀ (ਭਵਜਲ ਤੋਂ) ਤਾਰ ਦਿਤਾ ਹੈ ਅਤੇ ਪੱਥਰ ਵਰਗੇ ਕਠੋਰ ਮਨ ਵਾਲੇ ਮਨੁੱਖ ਵੀ (ਭਵਜਲ ਤੋਂ) ਪਾਰ ਉਤਾਰ ਦਿਤੇ ਹਨ। ਦਾਸ ਨਾਨਕ ਤੇਰੀ ਸਰਣ ਵਿਚ ਪਿਆ ਹੈ ਅਤੇ (ਤੈਥੋਂ) ਸਦਾ ਸਦਾ ਬਲਿਹਾਰ ਜਾਂਦਾ ਹੈ।੪।੧।੪।

ਪਦਾਰਥ = ਸੇ–ਉਹ। ਕਾਢੀਅਹਿ–ਕਹੇ ਜਾਂਦੇ ਹਨ। ਜਿਨਾ–ਜਿਨ੍ਹਾਂ ਦਾ। ਵਾਸੋ–ਨਿਵਾਸ। ਅਰਾਧੀਐ–ਜਪਣਾ ਚਾਹੀਦਾ ਹੈ। ਨਿਰਮਲੁ–ਪਵਿਤ੍ਰ। ਮਨੈ–ਮਨ ਵਿਚ। ਪਰਗਾਸੋ–ਗਿਆਨ ਦਾ ਪ੍ਰਕਾਸ਼। ਕਾਟੀਐ–ਕੱਟਿਆ ਜਾਂਦਾ ਹੈ। ਚੂਕੈ–ਮੁੱਕ ਜਾਂਦੀ ਹੈ। ਕਾਣੇ–ਮੁਥਾਜੀ। ਤਿਨਾ–ਉਨ੍ਹਾਂ ਨੂੰ। ਭਾਣੇ–ਚੰਗੇ (ਪਿਆਰੇ) ਲਗਦੇ ਹਨ।੩। ਅਪਾਰ–ਪਾਰ ਰਹਿਤ ਪ੍ਰਭੂ। ਉਧਰਹਿ–ਮੁਕਤ ਹੋ ਜਾਂਦੇ ਹਨ। ਬਿਨਸਹਿ–ਨਾਸ਼ ਹੋ ਜਾਂਦੇ ਹਨ। ਘਨੇਰੇ–ਬਹੁਤ। ਪਰੇਤ–ਭੂਤ; ਮੁਰਦਾ (ਆਤਮਕ ਪੱਖੋਂ ਮਰਿਆ ਮਨੁੱਖ)। ਮੁਗਧ–ਮੂਰਖ। ਕਉ–ਨੂੰ। ਤਾਰੇ–ਤਾਰ ਦਿਤਾ ਹੈ। ਪਾਹਨ–ਪੱਥਰ ਦਿਲ ਮਨੁੱਖ। ਪਾਰਿ ਉਤਾਰੈ–ਪਾਰ ਲੰਘਾ ਦੇਂਦਾ ਹੈ। ਬਲਿਹਾਰੈ–ਕੁਰਬਾਨ ਜਾਂਦਾ ਹੈ।੪।੧।੪।

ਬਿਲਾਵਲੁ ਮਹਲਾ ੫ ॥ ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ, ਨਾਮੁ ਮਹਾ ਰਸੁ ਪੀਓ ॥ ਬਿਨੁ ਰਸ ਚਾਖੇ ਬੁਡਿ ਗਈ ਸਗਲੀ, ਸੁਖੀ ਨ ਹੋਵਤ ਜੀਓ ॥ ਹੇ ਸਖੀਏ! ਤੂੰ ਵਿਸ਼ਿਆਂ ਵਿਕਾਰਾਂ ਦਾ ਫਿੱਕਾ ਪਾਣੀ ਪੀਣਾ ਛਡ ਕੇ ਪ੍ਰਭੂ ਦਾ ਮਹਾਨ ਨਾਮ ਰਸ ਪੀ। (ਇਸ ਨਾਮ ਰਸ ਨੂੰ) ਚੱਖੇ ਬਿਨਾ ਸਾਰੀ ਦੁਨੀਆਂ (ਵਿਸ਼ਿਆਂ ਦੇ ਰਸ ਵਿਚ) ਡੁਬ ਗਈ ਹੈ, (ਵਿਸ਼ਿਆਂ ਵਿਚ ਲਗ ਕੇ ਕਿਸੇ ਜੀਵ ਦਾ) ਦਿਲ ਸੁਖੀ ਨਹੀਂ ਹੋ ਸਕਦਾ। (ਨਾਮ ਰਸ ਦੇ ਟਾਕਰੇ ਤੇ ਮਾਇਕ ਰਸ ਹਰਿ ਚੰਦਉਰੀ, ਮ੍ਰਿਗ ਤ੍ਰਿਸ਼ਨਾਂ ਤੇ ਬ੍ਰਿਛ ਦੀ ਛਾਂ ਵਾਂਗ ਹਨ)

ਅੰਗ ੮੦੩ = ਮਾਨੁ ਮਹਤੁ ਨ ਸਕਤਿ ਹੀ ਕਾਈ, ਸਾਧਾ ਦਾਸੀ ਥੀਓ ॥ ਨਾਨਕ ਸੇ ਦਰਿ ਸੋਭਾਵੰਤੇ, ਜੋ ਪ੍ਰਭਿ ਅਪੁਨੈ ਕੀਓ ॥੧॥ ਹਰਿ ਚੰਦਉਰੀ ਚਿਤ ਭ੍ਰਮੁ ਸਖੀਏ, ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ ॥ ਚੰਚਲਿ ਸੰਗਿ ਨ ਚਾਲਤੀ ਸਖੀਏ, ਅੰਤਿ ਤਜਿ ਜਾਵਤ ਮਾਇਆ ॥ ਰਸਿ ਭੋਗਣ ਅਤਿ ਰੂਪ ਰਸ ਮਾਤੇ, ਇਨ ਸੰਗਿ ਸੂਖੁ ਨ ਪਾਇਆ ॥ ਧੰਨਿ ਧੰਨਿ ਹਰਿ ਸਾਧ ਜਨ ਸਖੀਏ, ਨਾਨਕ ਜਿਨੀ ਨਾਮੁ ਧਿਆਇਆ ॥੨॥ ਜਾਇ ਬਸਹੁ ਵਡਭਾਗਣੀ ਸਖੀਏ, ਸੰਤਾ ਸੰਗਿ ਸਮਾਈਐ ॥ ਤਹ ਦੂਖ ਨ ਭੂਖ ਨ ਰੋਗੁ ਬਿਆਪੈ, ਚਰਨ ਕਮਲ ਲਿਵ ਲਾਈਐ ॥ ਤਹ ਜਨਮ ਨ ਮਰਣੁ ਨ ਆਵਣ ਜਾਣਾ, ਨਿਹਚਲੁ ਸਰਣੀ ਪਾਈਐ ॥ ਪ੍ਰੇਮ ਬਿਛੋਹੁ ਨ ਮੋਹੁ ਬਿਆਪੈ, ਨਾਨਕ ਹਰਿ ਏਕੁ ਧਿਆਈਐ ॥੩॥ ਦ੍ਰਿਸਟਿ ਧਾਰਿ ਮਨੁ ਬੇਧਿਆ ਪਿਆਰੇ, ਰਤੜੇ ਸਹਜਿ ਸੁਭਾਏ ॥ ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ, ਅਨਦ ਮੰਗਲ ਗੁਣ ਗਾਏ ॥ ਸਖੀ ਸਹੇਲੀ ਰਾਮ ਰੰਗਿ ਰਾਤੀ, ਮਨ ਤਨ ਇਛ ਪੁਜਾਏ ॥ ਨਾਨਕ ਅਚਰਜੁ ਅਚਰਜ ਸਿਉ ਮਿਲਿਆ, ਕਹਣਾ ਕਛੂ ਨ ਜਾਏ ॥੪॥੨॥੫॥ (ਹੇ ਸਖੀਏ! ਤੇਰੇ ਵਿਚ) ਨਾ ਮਾਣ ਹੈ, ਨਾ ਵਡਿਆਈ ਅਤੇ ਨਾ ਕੋਈ ਰੁਹਾਨੀ ਬਲ ਹੀ ਹੈ, (ਇਸ ਲਈ ਨਾਮ ਰਸ ਦੀ ਪ੍ਰਾਪਤੀ ਵਾਸਤੇ) ਸਾਧੂਆਂ ਦੀ ਦਾਸੀ ਹੋ ਜਾਹ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਦਰ ਤੇ ਉਹ ਮਨੁੱਖ ਸੋਭਾ ਵਾਲੇ ਹੁੰਦੇ ਹਨ, ਜੋ ਪ੍ਰਭੂ ਨੇ ਅਪਣੇ ਦਾਸ ਕਰ (ਬਣਾ) ਲਏ ਹਨ।੧। ਹੇ ਸਖੀਏ! (ਇਹ ਮਾਇਆ ਇਸ ਤਰ੍ਹਾਂ ਹੈ, ਜਿਵੇਂ) ਅਕਾਸ਼ ਵਿਚ ਝੂਠੀ ਖਿਆਲੀ ਰਚਨਾ ਦਿਸਦੀ ਹੈ, ਇਹ ਚਿਤ ਦਾ ਭਰਮ ਹੈ, ਇਹ ਮਿਰਗ ਤ੍ਰਿਸ਼ਨਾ ਦੇ ਪਾਣੀ ਵਾਂਗ ਅਤੇ ਦਰੱਖਤ ਦੀ ਛਾਂ ਵਾਂਗ ਹੈ। ਹੇ ਸਖੀਏ! ਮਾਇਆ ਚਲਾਇਮਾਨ ਹੈ, ਕਿਸੇ ਦੇ ਨਾਲ ਨਹੀਂ ਜਾਂਦੀ, ਅੰਤ ਸਮੇਂ ਇਹ (ਜੀਵ ਦਾ) ਸਾਥ ਛਡ ਜਾਂਦੀ ਹੈ। ਸੁਆਦ ਨਾਲ ਦੁਨੀਆਂ ਦੇ ਪਦਾਰਥ ਭੋਗਣੇ, ਦੁਨੀਆਂ ਦੇ ਬਹੁਤ ਸੁੰਦਰ ਰੂਪਾਂ ਤੇ ਰਸਾਂ ਵਿਚ ਮਸਤ ਰਹਿਣਾ, ਇਨ੍ਹਾਂ ਨਾਲ ਲਗ ਕੇ ਕਿਸੇ ਨੇ ਵੀ ਸੁੱਖ ਨਹੀਂ ਪਾਇਆ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸਖੀਏ! ਹਰੀ ਦੇ ਸਾਧੂ ਜਨ ਧੰਨਤਾ ਦੇ ਜੋਗ ਹਨ, ਜਿਨ੍ਹਾਂ ਨੇ ਹਰੀ ਦੇ ਨਾਮ ਨੂੰ ਧਿਆਇਆ ਹੈ।੨। ਹੇ ਵੱਡੇ ਭਾਗਾਂ ਵਾਲੀ ਸਖੀਏ! ਸਾਧ ਸੰਗਤ ਵਿਚ ਜਾ ਕੇ ਵਸ, (ਸਾਧ ਸੰਗਤ ਵਿਚ ਵਸ ਕੇ) ਪ੍ਰਭੂ ਨਾਲ ਮਿਲ ਜਾਈਦਾ ਹੈ। ਉਥੇ (ਉਥੇ ਸਾਧ ਸੰਗਤ ਵਿਚ ਵਸਣ ਕਰਕੇ) ਨਾ ਦੁਖ, ਨਾ ਭੁੱਖ ਅਤੇ ਨਾ ਕੋਈ ਰੋਗ ਵਿਆਪਦਾ ਹੈ, (ਕਿਉਂਕਿ ਉਥੇ) ਪ੍ਰਭੂ ਦੇ ਚਰਨਾਂ ਕਮਲਾਂ ਵਿਚ ਲਿਵ ਲਗ ਜਾਂਦੀ ਹੈ। ਉਥੇ (ਸਾਧ ਸੰਗਤ ਵਿਚ ਰਿਹਾਂ ਮੁੜ ਕੇ) ਨਾ ਜਨਮ, ਨਾ ਮੌਤ ਤੇ ਨਾ (ਸੰਸਾਰ ਵਿਚ) ਆਉਣਾ ਜਾਣਾ ਹੁੰਦਾ ਹੈ, (ਸਾਧ ਸੰਗਤ ਦੀ) ਸ਼ਰਣ ਵਿਚ ਮਨ ਦੀ ਅਡੋਲਤਾ ਪ੍ਰਾਪਤ ਹੁੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਸਾਧ ਸੰਗਤ ਵਿਚ) ਹਰੀ ਦੇ ਪ੍ਰੇਮ ਦਾ ਵਿਛੋੜਾ ਨਹੀਂ ਹੁੰਦਾ, ਮਾਇਆ ਦਾ ਮੋਹ ਨਹੀਂ ਵਿਆਪਦਾ, (ਕਿਉਂਕਿ ਸਾਧ ਸੰਗਤ ਵਿਚ) ਇਹ ਹਰੀ ਨੂੰ ਧਿਆਇਆ ਜਾਂਦਾ ਹੈ।੩। (ਜਿਨ੍ਹਾਂ ਪੁਰਖਾਂ ਦੇ ਮਨ ਨੂੰ) ਪਿਆਰੇ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਵਿੰਨ੍ਹ ਲਿਆ ਹੈ, (ਉਹ) ਸਹਿਜ ਸੁਭਾਵਕ ਹੀ (ਪ੍ਰਭੂ ਦੇ) ਪ੍ਰੇਮ ਵਿਚ ਰੰਗੇ ਰਹਿੰਦੇ ਹਨ। ਪਿਆਰੇ ਪ੍ਰਭੂ ਨਾਲ ਮਿਲ ਕੇ (ਉਨ੍ਹਾਂ ਦੀ) ਹਿਰਦੇ ਰੂਪ ਸੇਜ ਸੋਭਨੀਕ ਹੋ ਗਈ ਹੈ ਅਤੇ (ਉਨ੍ਹਾਂ ਨੇ ਪ੍ਰਭੂ ਦੇ) ਅਨੰਦ ਦੇਣ ਵਾਲੇ ਮੰਗਲ ਮਈ ਗੁਣ ਗਾਏ ਹਨ। (ਜਿਹੜੀਆਂ) ਸਖੀ ਸਹੇਲੀਆਂ ਪ੍ਰਭੂ ਦੇ ਪ੍ਰੇਮ ਰੰਗਿ ਵਿਚ ਰੰਗੀਆਂ ਹੋਈਆਂ ਹਨ, (ਪ੍ਰਭੂ ਉਨ੍ਹਾਂ ਦੇ) ਮਨ ਤੇ ਸਰੀਰ ਦੀ ਇੱਛਾ ਪੂਰੀ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ) ਅਸਚਰਜ ਅਵਸਥਾ ਵਿਚ ਪੁੱਜੇ ਪੁਰਖਾਂ ਦੀ ਆਤਮਾ ਅਸਚਰਜ ਪ੍ਰਭੂ ਨਾਲ ਮਿਲ ਗਈ ਹੈ, (ਇਸ ਇਕ ਮਿੱਕ ਹੋਈ ਅਵਸਥਾ ਦਾ) ਬਿਆਨ ਕੁਛ ਵੀ ਨਹੀਂ ਕੀਤਾ ਜਾ ਸਕਦਾ।੪।੨।੫।

ਪਦਾਰਥ = ਬਿਖੈ ਬਨੁ–ਵਿਸ਼ੇ ਵਿਕਾਰਾਂ ਦਾ ਪਾਣੀ। ਫੀਕਾ–ਫਿੱਕਾ (ਬੇ ਸੁਆਦਾ)। ਤਿਆਗਿ–ਛਡ ਦੇਹ। ਰੀ ਸਖੀਏ–ਹੇ ਸਹੇਲੀਏ!। ਨਾਮੁ ਮਹਾ ਰਸੁ–ਮਹਾਨ ਨਾਮ ਰੂਪ ਅੰਮ੍ਰਿਤ। ਪੀਓ–ਪੀ। ਬੁਡਿ ਗਈ–ਡੁਬ ਗਈ। ਸਗਲੀ–ਸਾਰੀ (ਦੁਨੀਆਂ)। ਨ ਹੋਵਤ–ਨਹੀਂ ਹੁੰਦਾ। ਜੀਓ–ਜਿੰਦ। ਮਾਨੁ–ਫਖਰ; ਆਸਰਾ; ਇੱਜਤ। ਮਹਤੁ–ਮਹੱਤਵ; ਵਡਿਆਈ। ਸਕਤਿ–ਤਾਕਤ। ਕਾਈ–ਕੋਈ। ਥੀਓ–ਹੋ ਜਾਹ। ਸਾਧਾ–ਸਾਧੂਆਂ ਦੀ। ਸੇ–ਉਹ। ਦਰਿ–(ਰੱਬ ਦੇ) ਦਰ ਉਤੇ। ਅਪੁਨੈ ਕੀਓ–ਅਪਣੇ ਕਰ (ਬਣਾ) ਲਏ ਹਨ।੧। ਹਰਿ ਚੰਦਉਰੀ–ਅਕਾਸ਼ ਵਿਚ ਨਜਰ ਨੂੰ ਧੋਖਾ ਦੇਣ ਵਾਲੀ ਖਿਆਲੀ ਰਚਨਾ, ਜੋ ਧੁੰਦ ਕਰਕੇ ਦਿਸਦੀ ਹੈ। ਭ੍ਰਮੁ–ਭੁਲੇਖਾ। ਮ੍ਰਿਗ ਤ੍ਰਿਸਨਾ–ਧੁੱਪ ਦੀ ਚਮਕ ਨਾਲ ਮਾਰੂਥਲ ਪਾਣੀ ਦਿਸਦਾ ਹੈ, ਸੂਰਜ ਦੇ ਛਿਪਣ ਨਾਲ ਅਸਲੀਅਤ ਦਾ ਪਤਾ ਚਲਦਾ ਹੈ; ਮਾਇਕ ਪਦਾਰਥਾਂ ਦੀ ਲਾਲਸਾ

।ਦ੍ਰੁਮ ਛਾਇਆ–ਬ੍ਰਿਛ ਦੀ ਛਾਂ।ਚੰਚਲਿ–ਚਲਾਇਮਾਨ (ਇਕ ਥਾਂ ਨਾ ਟਿਕਣ ਵਾਲੀ)।ਸੰਗਿ–ਨਾਲ।ਨ ਚਾਲਤੀ–ਨਹੀਂ ਚਲਦੀ (ਜਾਂਦੀ)।ਅੰਤਿ–ਅੰਤ ਸਮੇਂ।ਤਜਿ–ਛਡ ਕੇ।ਜਾਵਤ–ਜਾਂਦੀ ਹੈ।ਰਸਿ–ਸੁਆਦ ਨਾਲ।ਅਤਿ–ਬਹੁਤ।ਮਾਤੇ–ਮਸਤ।ਇਨ–ਇਨ੍ਹਾਂ ਦੇ ।ਧੰਨਿ–ਧੰਨਤਾ ਦੇ ਯੋਗ।ਜਿਨੀ–ਜਿਨ੍ਹਾਂ ਨੇ।੨।ਜਾਇ–ਜਾ ਕੇ।ਬਸਹੁ–ਵਸੋ।ਵਡਭਾਗਣੀ–ਹੇ ਵੱਡੇ ਭਾਗਾਂ ਵਾਲੀਏ!।ਸਮਾਈਐ–ਮਿਲੇ ਰਹਿਣਾ ਚਾਹੀਦਾ ਹੈ।ਤਹ–ਉਥੇ (ਸਾਧ ਸੰਗਤ ਵਿਚ)।ਨ ਬਿਆਪੈ–ਨਹੀਂ ਲਗਦਾ।ਲਿਵ–ਸੁਰਤ; ਧਿਆਨ।ਨਿਹਚਲੁ–ਅਡੋਲਤਾ।ਬਿਛੋਹੁ–ਵਿਛੋੜਾ।ਧਿਆਈਐ–ਧਿਆਇਆ ਜਾਂਦਾ ਹੈ।੩।ਦ੍ਰਿਸਟਿ ਧਾਰਿ–ਮੇਹਰ ਦੀ ਨਜਰ ਕਰਕੇ।ਬੇਧਿਆ–ਵਿੰਨ੍ਹ (ਪਰੋ) ਲਿਆ।ਰਤੜੇ–ਰੰਗੇ ਗਏ ਹਨ।ਸਹਜਿ ਸੁਭਾਏ–ਸੁਤੇ ਸਿੱਧ ਹੀ।ਸੇਜ–ਹਿਰਦਾ ਰੂਪ ਸੇਜ।ਸੁਹਾਵੀ–ਸੋਭਨੀਕ; ਸੁਖਦਾਈ। ਮਿਲਿ–ਮਿਲ ਕੇ।ਰਾਮ ਰੰਗਿ–ਪ੍ਰਭੂ ਦੇ ਪ੍ਰੇਮ ਵਿਚ।ਰਾਤੀ–ਰੰਗੀਆ ਹੋਈਆਂ।ਤਨ–ਸਰੀਰ ਦੀ।ਪੁਜਾਏ–ਪੂਰੀ ਕਰਦਾ ਹੈ।ਅਚਰਜੁ–ਹੈਰਾਨ ਕਰਨ ਵਾਲੀ ਅਵਸਥਾ ਵਿਚ ਪੁੱਜੇ ਮਨੁੱਖ ਦੀ ਆਤਮਾ।ਅਚਰਜ ਸਿਉ–ਅਸਚਰਜ ਪ੍ਰਭੂ ਨਾਲ।੪।੨।੫।

ਰਾਗੁ ਬਿਲਾਵਲੁ ਮਹਲਾ ੫ ਘਰੁ ੪ ੴ ਸਤਿਗੁਰ ਪ੍ਰਸਾਦਿ ॥ ਏਕ ਰੂਪ ਸਗਲੋ ਪਾਸਾਰਾ ॥ ਆਪੇ ਬਨਜੁ ਆਪਿ ਬਿਉਹਾਰਾ ॥੧॥ ਐਸੋ ਗਿਆਨੁ ਬਿਰਲੋ ਈ ਪਾਏ ॥ ਜਤ ਜਤ ਜਾਈਐ, ਤਤ ਦ੍ਰਿਸਟਾਏ ॥੧॥ਰਹਾਉ॥ ਅਨਿਕ ਰੰਗ ਨਿਰਗੁਨ ਇਕ ਰੰਗਾ ॥ ਆਪੇ ਜਲੁ ਆਪ ਹੀ ਤਰੰਗਾ ॥੨॥ ਆਪ ਹੀ ਮੰਦਰੁ ਆਪਹਿ ਸੇਵਾ ॥ ਆਪ ਹੀ ਪੂਜਾਰੀ ਆਪ ਹੀ ਦੇਵਾ ॥੩॥ ਆਪਹਿ ਜੋਗ ਆਪ ਹੀ ਜੁਗਤਾ ॥ ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥੪॥੧॥੬॥ (ਹੇ ਭਾਈ!) ਸਾਰੇ ਸੰਸਾਰ ਦਾ ਪਸਾਰਾ ਇਕ ਹਰੀ ਦਾ ਹੀ ਰੂਪ ਹੈ (ਪ੍ਰਭੂ ਹੀ ਵੱਖ ਵੱਖ ਰੂਪਾਂ ਵਿਚ ਪਸਰਿਆ ਹੋਇਆ ਹੈ।ਉਹ ਸਭ ਜਗ੍ਹਾ ਵਿਆਪਕ ਹੋਣ ਕਰਕੇ) ਆਪ ਹੀ ਵਣਜ ਰੂਪ ਹੈ ਅਤੇ ਆਪ ਹੀ ਵਪਾਰੀ ਰੂਪ ਹੈ।੧।(ਹੇ ਭਾਈ! ਸੰਸਾਰ ਵਿਚ) ਜਿੱਥੇ ਜਿੱਥੇ ਜਾਈਏ, ਉਥੇ ਹਰੀ ਹੀ ਦਿਸਦਾ ਹੈ।(ਪਰ) ਇਹੋ ਜਿਹਾ ਗਿਆਨ ਕੋਈ ਵਿਰਲਾ ਮਨੁੱਖ ਹੀ ਪ੍ਰਾਪਤ ਕਰਦਾ ਹੈ।੧।ਰਹਾਉ।ਉਹ ਨਿਰਗੁਨ ਹਰੀ (ਸਰਗੁਣ ਰੂਪ ਵਿਚ) ਅਨੇਕਾਂ ਰੰਗਾ ਵਾਲਾ ਹੁੰਦਾ ਹੋਇਆ ਵੀ (ਨਿਰਗੁਣ ਰੂਪ ਵਿਚ) ਇਕ ਰੰਗ ਵਾਲਾ ਹੈ (ਹਰੇਕ ਚੀਜ ਵਿਚ ਉਸ ਨੇ ਆਪਣਾ ਆਪ ਰੱਖਿਆ ਹੋਇਆ ਹੈ ਤੇ ਭਾਂਤ ਭਾਂਤ ਨਜਰ ਆਉਂਦਾ ਹੈ।ਪਰ ਇਉਂ ਕਰਨ ਨਾਲ ਉਸ ਦਾ ਸੁਭਾਵ ਜਾਂ ਸ਼ਖਸ਼ੀਅਤ ਬਦਲਦੀ ਨਹੀਂ, ਉਹ ਅਪਣੇ ਆਪ ਵਿਚ ਇਕ ਰਸ ਰਹਿੰਦਾ ਹੈ।ਉਹ) ਆਪ ਹੀ ਜਲ ਰੂਪ ਹੈ ਅਤੇ ਆਪ ਹੀ (ਜਲ ਵਿਚ ਉਠ ਰਹੀਆਂ) ਲਹਿਰਾਂ ਰੂਪ ਹੈ।੨।ਪ੍ਰਭੂ ਆਪ ਹੀ ਮੰਦਰ ਰੂਪ ਹੈ ਅਤੇ ਆਪ ਹੀ ਸੇਵਾ (ਪੂਜਾ) ਰੂਪ ਹੈ।ਆਪ ਹੀ (ਮੰਦਰ ਵਿਚ) ਪੁਜਾਰੀ ਰੂਪ ਹੈ ਅਤੇ ਆਪ ਹੀ ਦੇਵਤਾ ਰੂਪ ਹੈ (ਜਿਸ ਦੀ ਮੰਦਰ ਵਿਚ ਪੂਜਾ ਹੁੰਦੀ ਹੈ)।੩।ਪ੍ਰਭੂ ਆਪ ਹੀ ਜੋਗ ਰੂਪ ਹੈ ਅਤੇ ਆਪ ਹੀ (ਜੋਗ ਵਿਚ) ਜੁੜਿਆ ਹੋਇਆ ਹੈ।ਨਾਨਕ ਦਾ ਪ੍ਰਭੂ ਸਭ ਵਿਚ (ਆਪ ਵਰਤਦਾ ਹੋਇਆ) ਸਦਾ ਹੀ ਨਿਰਲੇਪ ਰਹਿੰਦਾ ਹੈ।੪।੧।੬।

ਪਦਾਰਥ = ਏਕ ਰੂਪ–ਇਕ (ਹਰੀ ਦੇ ਅਨੇਕਾਂ) ਰੂਪ।ਸਗਲੋ–ਸਾਰਾ।ਪਾਸਾਰਾ–ਵਿਸਥਾਰ; ਫੈਲਾਉ।ਆਪੇ–ਆਪ ਹੀ।ਬਨਜੁ–ਵਪਾਰ।ਬਿਉਹਾਰਾ–ਵਪਾਰੀ।੧।ਬਿਰਲੋ ਈ–ਕੋਈ ਵਿਰਲਾ ਮਨੁੱਖ ਹੀ।ਪਾਏ–ਪਾਉਂਦਾ ਹੈ।ਜਤ–ਜਿੱਥੇ।ਤਤ–ਉਥੇ।ਦ੍ਰਿਸਟਾਏ–ਦਿਸਦਾ ਹੈ।੧।ਰਹਾਉ।ਅਨਿਕ ਰੰਗ–ਅਨੇਕਾਂ ਰੰਗਾਂ ਵਾਲਾ।ਨਿਰਗੁਨ–ਮਾਇਆ ਦੇ ਤਿੰਨ (ਰਜੋ, ਸਤੋ ਤੇ ਤਮੋ) ਗੁਣਾਂ ਦੇ ਪ੍ਰਭਾਵ ਤੋਂ ਰਹਿਤ ਪ੍ਰਭੂ।ਇਕ ਰੰਗਾ–ਇਕ ਰਸ (ਇਕੋ ਜਿਹਾ) ਰਹਿਣ ਵਾਲਾ ਹਰੀ।ਤਰੰਗਾ–ਲਹਿਰਾਂ।੨।ਆਪਹਿ–ਆਪ ਹੀ।ਦੇਵਾ–ਦੇਵਤਾ।੩।ਜੋਗ–ਜੋਗੀਆਂ ਦਾ ਮੱਤ।ਜੁਗਤਾ–ਜੁੜਿਆ ਹੋਇਆ; ਜੋਗ ਦਾ ਤਰੀਕਾ।ਸਦ–ਸਦਾ।ਮੁਕਤਾ–ਨਿਰਲੇਪ।੪।੧।੬।

ਬਿਲਾਵਲੁ ਮਹਲਾ ੫ ॥ ਆਪਿ ਉਪਾਵਨ ਆਪਿ ਸਧਰਨਾ ॥ ਆਪਿ ਕਰਾਵਨ ਦੋਸੁ ਨ ਲੈਨਾ ॥੧॥ ਆਪਨ ਬਚਨੁ ਆਪ ਹੀ ਕਰਨਾ ॥ ਆਪਨ ਬਿਭਉ ਆਪ ਹੀ ਜਰਨਾ ॥੧॥ਰਹਾਉ॥ ਆਪ ਹੀ ਮਸਟਿ ਆਪ ਹੀ ਬੁਲਨਾ ॥ ਆਪ ਹੀ ਅਛਲੁ ਨ ਜਾਈ ਛਲਨਾ ॥੨ ॥ ਆਪ ਹੀ ਗੁਪਤ ਆਪਿ ਪਰਗਟਨਾ ॥ ਆਪ ਹੀ ਘਟਿ ਘਟਿ ਆਪਿ ਅਲਿਪਨਾ ॥੩॥ ਆਪੇ ਅਵਿਗਤੁ ਆਪ ਸੰਗਿ ਰਚਨਾ ॥ ਕਹੁ ਨਾਨਕ ਪ੍ਰਭ ਕੇ ਸਭਿ ਜਚਨਾ ॥੪॥੨॥੭॥ (ਹੇ ਭਾਈ!) ਪ੍ਰਭੂ ਆਪ ਹੀ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਅਤੇ ਆਪ ਹੀ ਆਸਰਾ ਦੇਣ ਵਾਲਾ ਹੈ।ਆਪ ਹੀ (ਜੀਵਾਂ ਪਾਸੋਂ) ਕੰਮ ਕਰਾਉਣ ਵਾਲਾ ਹੈ, (ਪਰ ਜੀਵਾਂ ਦੇ ਕੀਤੇ ਚੰਗੇ ਮਾੜੇ ਕੰਮਾਂ ਦਾ ਅਪਣੇ ਉਤੇ) ਦੋਸ਼ ਨਹੀਂ ਲੈਂਦਾ (ਅਸੰਗ ਰਹਿੰਦਾ ਹੈ।ਜੀਵ ਚੰਗੇ ਮੰਦੇ ਕੰਮ ਉਸ ਦੇ ਹੁਕਮ ਵਿਚ ਕਰਦਾ ਹੈ, ਪਰ ਜੀਵ ਅਪਣੇ ਕੀਤੇ ਕੰਮਾਂ ਦਾ ਜਿੰਮੇਵਾਰ ਹੋ ਕੇ ਸੁਖ ਦੁਖ ਦਾ ਭਾਗੀ ਆਪ ਹੀ ਬਣਦਾ ਹੈ)।੧।ਪ੍ਰਭੂ ਆਪ ਹੀ ਬਚਨ ਰੂਪ ਹੈ ਅਤੇ ਆਪ ਹੀ (ਬਚਨਾਂ ਦੇ) ਉਚਾਰਨ ਕਰਨ ਵਾਲਾ ਹੈ।ਪ੍ਰਭੂ ਆਪ ਹੀ ਪ੍ਰਭਤਾ ਵਾਲਾ ਹੈ ਅਤੇ ਆਪ ਹੀ (ਅਪਣੀ ਪ੍ਰਭਤਾ ਨੂੰ) ਜਰਨ ਵਾਲਾ ਹੈ।੧।ਰਹਾਉ। ਪ੍ਰਭੂ ਆਪ ਹੀ ਚੁੱਪ ਰਹਿਣ ਵਾਲਾ (ਮੋਨੀ) ਹੈ ਅਤੇ ਆਪ ਹੀ ਬੋਲਣ ਵਾਲਾ ਹੈ।ਆਪ ਹੀ ਅਛੱਲ ਰੂਪ ਹੈ, (ਕਿਸੇ ਪਾਸੋਂ) ਛਲਿਆ

ਨਹੀਂ ਜਾਂਦਾ।੨।ਪ੍ਰਭੂ ਆਪ ਹੀ ਗੁਪਤ ਰੂਪ ਹੈ ਅਤੇ ਆਪ ਹੀ ਪਰਗਟ ਰੂਪ (ਪ੍ਰਤੱਖ ਦਿਸਦਾ) ਹੈ।ਆਪ ਹੀ ਹਰੇਕ ਜੀਵ ਦੇ ਅੰਦਰ ਵਿਆਪਕ ਹੈ ਅਤੇ ਆਪ ਹੀ (ਸਭ ਤੋਂ) ਨਿਰਲੇਪ ਹੈ।੩।ਪ੍ਰਭੂ ਆਪ ਹੀ ਅਵਿਅਕਤ (ਨਿਰਾਕਾਰ) ਰੂਪ ਹੈ ਅਤੇ ਆਪ ਹੀ ਸਭ ਨਾਲ ਰਚਿਆ (ਮਿਲਿਆ) ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸਾਰੇ ਜੀਵ ਪ੍ਰਭੂ ਦੇ ਮੰਗਤੇ ਹਨ।੪।੨।੭।

ਪਦਾਰਥ = ਉਪਾਵਨ–ਪੈਦਾ ਕਰਨ ਵਾਲਾ।ਸਧਰਨਾ–ਆਸਰਾ ਦੇਣ ਵਾਲਾ।ਕਰਾਵਨ–ਕੰਮ ਕਰਾਉਣ ਵਾਲਾ।ਨ ਲੈਨਾ–ਨਹੀਂ ਲੈਂਦਾ।੧।ਬਚਨੁ–ਬੋਲ; ਉਪਦੇਸ਼।ਕਰਨਾ–(ਉਚਾਰਨ) ਕਰਨ ਵਾਲਾ।ਬਿਭਉ–ਧਨ ਸੰਪਦਾ; ਪ੍ਰਭਤਾ; ਰਿਧੀਆਂ ਸਿਧੀਆਂ; ਨਿਰਭਉ। ਜਰਨਾ–ਸਹਾਰਦਾ ਹੈ।੧।ਰਹਾਉ।ਮਸਟਿ–ਚੁੱਪ ਰਹਿਣ ਵਾਲਾ (ਮੋਨੀ)।ਬੁਲਨਾ–ਬੋਲਣ ਵਾਲਾ।ਅਛਲੁ (ਅਛੱਲ ਬੋਲੋ)–ਛਲ ਰਹਿਤ; ਨਿਸ਼ਕਪਟ।ਨ ਜਾਈ ਛਲਨਾ–ਛਲਿਆ ਨਹੀਂ ਜਾਂਦਾ।੨।ਪਰਗਟਨਾ–ਪ੍ਰਤੱਖ ਹੈ।ਘਟਿ ਘਟਿ–ਹਰੇਕ ਜੀਵ ਦੇ ਅੰਦਰ।ਅਲਿਪਨਾ–ਨਿਰਲੇਪ।੩।ਅਬਿਗਤੁ–ਅਵਿਅਕਤ (ਸਰੀਰ ਰਹਿਤ)।ਸੰਗਿ–ਨਾਲ।ਰਚਨਾ–ਰਚਿਆ (ਮਿਲਿਆ) ਹੋਇਆ।ਜਚਨਾ–ਜਾਚਕ (ਮੰਗਤੇ); ਕੌਤਕ (ਟਕਸਾਲ; ਦਰਪਣ; ਨਿਰਣੈ); ਖਿਆਲ ਜੋ ਉਸ ਨੂੰ ਜਚਦੇ ਭਾਵ ਚੰਗੇ ਲਗਦੇ ਹਨ (ਸ਼ਬਦਾਰਥ)।੪।੨।੭।

ਬਿਲਾਵਲੁ ਮਹਲਾ ੫ ॥ ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ ॥੧॥ ਸਿਮਰਿ ਮਨਾ, ਰਾਮ ਨਾਮੁ ਚਿਤਾਰੇ ॥ ਬਸਿ ਰਹੇ ਹਿਰਦੈ, ਗੁਰ ਚਰਨ ਪਿਆਰੇ ॥੧॥ਰਹਾਉ॥ (ਹੇ ਭਾਈ! ਜਿਸ ਗੁਰੂ ਨੇ ਪ੍ਰਭੂ ਤੋਂ) ਭੁੱਲੇ ਹੋਏ ਜੀਵ ਨੂੰ (ਪ੍ਰਭੂ ਨੂੰ ਮਿਲਣ ਦਾ) ਰਸਤਾ ਦੱਸਿਆ ਹੈ।ਇਹੋ ਜਿਹਾ ਗੁਰੂ ਵੱਡੇ ਭਾਗਾਂ ਨਾਲ (ਕਿਸੇ ਵਿਰਲੇ ਮਨੁੱਖ ਨੇ) ਪਾਇਆ ਹੈ।੧।ਹੇ (ਮੇਰੇ) ਮਨਾ! ਤੂੰ ਧਿਆਨ ਜੋੜ ਕੇ ਰਾਮ ਦਾ ਨਾਮ ਸਿਮਰਿਆ ਕਰ, (ਪਰ ਪ੍ਰਭੂ ਦਾ ਨਾਮ ਉਹ ਮਨੁੱਖ ਸਿਮਰਦਾ ਹੈ, ਜਿਸ ਦੇ ਹਿਰਦੇ ਵਿਚ) ਪਿਆਰੇ ਗੁਰੂ ਦੇ ਚਰਨ ਵਸ ਰਹੇ ਹਨ।੧।ਰਹਾਉ।

ਅੰਗ ੮੦੪ = ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥ ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥ ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩॥ ਅਗਨਿ ਸਾਗਰ ਬੂਡਤ ਸੰਸਾਰਾ ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥੪॥੩॥੮॥ (ਹੇ ਭਾਈ! ਜਿਸ) ਮਨ ਨੂੰ ਕਾਮ, ਕ੍ਰੋਧ, ਲੋਭ ਅਤੇ ਮੋਹ ਨੇ (ਅਪਣੇ) ਵਸ ਵਿਚ ਕਰ ਲਿਆ ਸੀ; ਮਨ ਕਾਮ, ਕ੍ਰੋਧ, ਲੋਭ ਤੇ ਮੋਹ ਵਿਚ ਲੀਨ ਰਹਿੰਦਾ ਸੀ {ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤ ਬਿਗੁਤਾ ੩੩੮}।ਗੁਰੂ ਨੇ (ਕਾਮ ਆਦਿਕਾਂ ਦੇ) ਬੰਧਨ ਕੱਟ ਕੇ (ਮੇਰੇ ਮਨ ਨੂੰ) ਮੁਕਤ ਕਰ ਦਿਤਾ ਹੈ।੨।(ਹੇ ਭਾਈ! ਜਿਹੜਾ ਮਨੁੱਖ) ਦੁਖ ਸੁਖ ਵਾਲੇ ਕਰਮ ਕਰਦਿਆਂ ਮੁੜ ਮੁੜ ਜੰਮਦਾ ਮਰਦਾ ਰਹਿੰਦਾ ਸੀ।(ਹੁਣ ਉਸ ਨੂੰ) ਗੁਰੂ ਨੇ ਅਪਣੇ ਚਰਨਾਂ ਕਮਲਾਂ ਵਿਚ ਰਹਿਣ ਦਾ ਟਿਕਾਣਾ ਬਖਸ਼ ਦਿਤਾ ਹੈ।੩।(ਹੇ ਭਾਈ! ਸਾਰਾ) ਸੰਸਾਰ ਅੱਗ ਦੇ ਸਮੁੰਦਰ ਵਿਚ ਡੁਬ ਰਿਹਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪਿਆ ਹੈ, ਉਸ ਨੂੰ) ਗੁਰੂ ਨੇ ਬਾਂਹ ਫੜ ਕੇ (ਅੱਗ ਦੇ ਸਮੁੰਦਰ ਤੋਂ) ਪਾਰ ਲੰਘਾ ਦਿਤਾ।੪।੩।੮।

ਪਦਾਰਥ = ਭੂਲੇ–(ਰੱਬ ਤੋਂ) ਭੁੱਲੇ ਹੋਏ ਨੂੰ।ਜਿਨਹਿ–ਜਿਸ ਨੇ।ਬਤਾਇਆ–ਦੱਸਿਆ ਹੈ।ਵਡਭਾਗੀ–ਵੱਡੇ ਭਾਗਾਂ ਨਾਲ।੧।ਮਨਾ–ਹੇ ਮਨ!।ਚਿਤਾਰੇ–ਧਿਆਨ ਜੋੜ ਕੇ।ਹਿਰਦੈ–ਹਿਰਦੇ ਵਿਚ।੧।ਰਹਾਉ।ਕਾਮਿ–ਕਾਮ ਵਾਸ਼ਨਾ ਨੇ।ਮੋਹਿ–ਮੋਹ ਨੇ।ਲੀਨਾ–ਕਰ ਲਿਆ ਸੀ; ਲੀਨ (ਫਸਿਆ) ਰਹਿੰਦਾ ਸੀ।ਕਾਟਿ–ਕੱਟ ਕੇ।ਗੁਰਿ–ਗੁਰੂ ਨੇ।ਕੀਨਾ–ਕਰ ਦਿਤਾ।੨।ਕਰਤ–ਕਰਦਿਆਂ।ਜਨਮਿ–ਜੰਮਦਾ।ਫੁਨਿ–ਮੁੜ ਮੁੜ।ਮੂਆ–ਮਰਦਾ ਸੀ।ਆਸ੍ਰਮੁ–ਨਿਵਾਸ (ਰਹਿਣ ਦਾ ਟਿਕਾਣਾ)।ਦੀਆ–ਦਿਤਾ।੩।ਅਗਨਿ ਸਾਗਰ–ਅੱਗ ਦੇ ਸਮੁੰਦਰ ਵਿਚ।ਬੂਡਤ–ਡੁਬ ਰਿਹਾ ਹੈ।ਪਕਰਿ–ਫੜ ਕੇ।ਸਤਿਗੁਰਿ–ਸਤਿਗੁਰੂ ਨੇ।ਨਿਸਤਾਰਾ–ਪਾਰ ਲੰਘਾ ਦਿਤਾ।੪।੩।੮।

ਬਿਲਾਵਲੁ ਮਹਲਾ ੫ ॥ ਤਨੁ ਮਨੁ ਧਨੁ ਅਰਪਉ ਸਭੁ ਅਪਨਾ ॥ ਕਵਨ ਸੁਮਤਿ ਜਿਤੁ ਹਰਿ ਹਰਿ ਜਪਨਾ ॥੧॥ ਕਰਿ ਆਸਾ ਆਇਓ ਪ੍ਰਭ ਮਾਗਨ ॥ ਤੁਮ੍ ਪੇਖਤ ਸੋਭਾ ਮੇਰੈ ਆਗਨਿ ॥੧॥ਰਹਾਉ॥ ਅਨਿਕ ਜੁਗਤਿ ਕਰਿ ਬਹੁਤੁ ਬੀਚਾਰਉ ॥ ਸਾਧ ਸੰਗਿ ਇਸੁ ਮਨਹਿ ਉਧਾਰਉ ॥੨॥ ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥ ਤਾ ਮਿਲੀਐ ਜਾ ਲਏ ਮਿਲਾਈ ॥੩॥ ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥ ਕਹੁ ਨਾਨਕ ਸਫਲੁ ਸੋ ਆਇਆ ॥੪॥੪॥੯॥ (ਹੇ ਭਾਈ! ਉਹ) ਕਿਹੜੀ ਸ੍ਰੇਸਟ ਸਿੱਖਿਆ ਹੈ, ਜਿਸ ਦੁਆਰਾ ਹਰਿ ਹਰਿ ਨਾਮ ਜਪਿਆ ਜਾ ਸਕਦਾ ਹੈ।(ਜੇ ਕੋਈ ਮੈਨੂੰ ਐਸੀ ਮੱਤ ਦੇਵੇ, ਤਾਂ ਉਸ ਨੂੰ) ਮੈਂ ਅਪਣਾ ਤਨ ਮਨ ਤੇ ਧਨ ਅਰਪਣ ਕਰ ਦਿਆਂ।੧।ਹੇ ਪ੍ਰਭੂ! ਮੈਂ ਆਸ ਕਰਕੇ (ਤੇਰੇ ਪਾਸੋਂ ਇਕ ਦਾਤ) ਮੰਗਣ ਵਾਸਤੇ ਆਇਆ ਹਾਂ।ਤੈਨੂੰ ਦੇਖਣ ਨਾਲ ਮੇਰੇ ਹਿਰਦੇ ਰੂਪ ਵੇਹੜੇ ਵਿਚ ਰੌਣਕ ਲਗ ਜਾਂਦੀ ਹੈ।੧।ਰਹਾਉ।ਮੈਂ ਅਨੇਕਾਂ ਤਰ੍ਹਾਂ ਦੀਆਂ ਜੁਗਤੀਆਂ ਕਰਕੇ ਬਹੁਤ ਵਿਚਾਰਦਾ ਹਾਂ।(ਪਰ ਨਿਸਚਾ ਹੁਣ ਇਹ ਬੱਝਾ ਹੈ ਕਿ) ਸਾਧ ਸੰਗਤ ਦੁਆਰਾ ਇਸ ਮਨ ਨੂੰ (ਭਵਜਲ ਤੋਂ) ਤਾਰ ਲਵਾਂ।੨।(ਹੇ ਭਾਈ! ਕਿਸੇ) ਅਕਲ, ਬੁੱਧੀ,

ਸੁਰਤ ਤੇ ਚਤਰਾਈ ਨਾਲ ਪ੍ਰਭੂ ਨਹੀਂ ਮਿਲ ਸਕਦਾ।(ਕ੍ਰਿਪਾ ਕਰਕੇ) ਜਦ ਉਹ ਆਪ ਮਿਲਾ ਲਵੇ, ਤਾਂ (ਉਸ ਨੂੰ) ਮਿਲਿਆ ਜਾ ਸਕਦਾ ਹੈ।੩।(ਹੇ ਭਾਈ! ਜਿਸ ਮਨੁੱਖ ਨੇ) ਪ੍ਰਭੂ ਦਾ ਦਰਸ਼ਨ ਪਾ ਲਿਆ ਹੈ, (ਉਸ ਦੀਆਂ) ਅੱਖਾਂ ਰੱਜ ਗਈਆਂ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ (ਜਗਤ ਵਿਚ) ਆਇਆ ਹੋਇਆ ਸਫਲ ਹੈ।੪।੪।੯।

ਪਦਾਰਥ = ਤਨੁ–ਸਰੀਰ।ਅਰਪਉ–ਭੇਟਾ ਕਰ ਦਿਆਂ।ਕਵਨ–ਕਿਹੜੀ।ਸੁਮਤਿ–ਚੰਗੀ ਸਿੱਖਿਆ; ਚੰਗੀ ਅਕਲ।ਜਿਤੁ–ਜਿਸ ਦੁਆਰਾ।੧।ਕਰਿ–ਕਰ ਕੇ।ਪ੍ਰਭ–ਹੇ ਪ੍ਰਭੂ!।ਮਾਗਨ–ਮੰਗਣ ਵਾਸਤੇ।ਤੁਮ੍ ਪੇਖਤ–ਤੈਨੂੰ ਦੇਖਣ ਨਾਲ।ਸੋਭਾ–ਰੌਣਕ; ਉਤਸ਼ਾਹ। ਆਗਨਿ–(ਹਿਰਦੇ ਰੂਪ) ਵੇਹੜੇ ਵਿਚ।੧।ਰਹਾਉ।ਅਨਿਕ–ਅਨੇਕਾਂ।ਜੁਗਤਿ ਕਰਿ–ਜੁਗਤੀਆਂ ਕਰ ਕੇ।ਬੀਚਾਰਾਉ–ਮੈਂ ਵਿਚਾਰਦਾ ਹਾਂ।ਮਨਹਿ–ਮਨ ਨੂੰ।ਉਧਾਰਉ–ਤਾਰ ਲਵਾਂ।੨।ਸੁਰਤਿ–ਧਿਆਨ ਕਰਕੇ।ਤਾ–ਤਾਂ।ਜਾ–ਜਦੋਂ।ਲਏ ਮਿਲਾਈ–ਮਿਲਾ ਲਵੇ।੩। ਨੈਨ–ਅੱਖਾਂ।ਸੰਤੋਖੇ–ਰੱਜ ਗਈਆਂ।ਸੋ–ਉਹ।੪।੪।੯।

ਬਿਲਾਵਲੁ ਮਹਲਾ ੫ ॥ ਮਾਤ ਪਿਤਾ ਸੁਤ ਸਾਥਿ ਨ ਮਾਇਆ ॥ ਸਾਧ ਸੰਗਿ ਸਭੁ ਦੂਖੁ ਮਿਟਾਇਆ ॥੧॥ ਰਵਿ ਰਹਿਆ ਪ੍ਰਭੁ ਸਭ ਮਹਿ ਆਪੇ ॥ ਹਰਿ ਜਪੁ ਰਸਨਾ ਦੁਖੁ ਨ ਵਿਆਪੇ ॥੧॥ਰਹਾਉ॥ ਤਿਖਾ ਭੂਖ ਬਹੁ ਤਪਤਿ ਵਿਆਪਿਆ ॥ ਸੀਤਲ ਭਏ ਹਰਿ ਹਰਿ ਜਸੁ ਜਾਪਿਆ ॥੨॥ ਕੋਟਿ ਜਤਨ ਸੰਤੋਖੁ ਨ ਪਾਇਆ ॥ ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ ॥੩॥ ਦੇਹੁ ਭਗਤਿ ਪ੍ਰਭ ਅੰਤਰਜਾਮੀ ॥ ਨਾਨਕ ਕੀ ਬੇਨੰਤੀ ਸੁਆਮੀ ॥੪॥੫॥੧੦॥ (ਹੇ ਭਾਈ!) ਮਾਤਾ, ਪਿਤਾ, ਪੁਤ੍ਰ ਤੇ ਮਾਇਆ ਆਦਿ ਵਿਚੋਂ (ਦੁੱਖ ਸਮੇਂ ਕੋਈ ਵੀ ਜੀਵ ਦਾ) ਸਾਥੀ ਨਹੀਂ ਬਣਦਾ।(ਪਰ) ਸਾਧ ਸੰਗਤ ਵਿਚ ਸਭ ਤਰ੍ਹਾਂ ਦਾ ਦੁਖ ਮਿਟਾਇਆ ਜਾ ਸਕਦਾ ਹੈ।੧।(ਹੇ ਭਾਈ!) ਪ੍ਰਭੂ ਆਪ ਹੀ ਸਾਰੇ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ।ਜੀਭ ਨਾਲ ਹਰੀ ਦਾ ਨਾਮ ਜਪ, (ਫਿਰ ਤੈਨੂੰ ਕੋਈ) ਦੁਖ ਨਹੀਂ ਲੱਗੇਗਾ।੧। ਰਹਾਉ।(ਹੇ ਭਾਈ! ਜਿਹੜੇ ਮਨੁੱਖਾਂ ਦਾ ਮਨ) ਮਾਇਆ ਦੀ ਤ੍ਰਿਸ਼ਨਾ, ਪਦਾਰਥਾਂ ਦੀ ਭੁੱਖ ਦੀ ਬਹੁਤੀ ਤਪਸ਼ ਵਿਚ ਫਸਿਆ ਪਿਆ ਸੀ।(ਜਦੋਂ ਉਨ੍ਹਾਂ ਨੇ) ਹਰੀ ਦਾ ਜਸ ਕੀਤਾ ਤੇ ਨਾਮ ਜਪਿਆ, (ਤਾਂ ਉਨ੍ਹਾਂ ਦੇ ਮਨ) ਸੀਤਲ ਹੋ ਗਏ (ਤਪਸ਼ ਬੁਝ ਗਈ)।੨।ਕ੍ਰੋੜਾਂ ਜਤਨ ਕਰਕੇ ਵੀ (ਜਿਸ ਮਨੁੱਖ ਨੇ) ਸੰਤੋਖ ਪ੍ਰਾਪਤ ਨਹੀਂ ਕੀਤਾ।ਹਰੀ ਦੇ ਗੁਣ ਗਾਇਆਂ (ਉਸ ਦਾ) ਮਨ ਰੱਜ ਗਿਆ ਹੈ।੩।ਹੇ ਅੰਤਰਜਾਮੀ ਪ੍ਰਭੂ! ਹੇ ਸੁਆਮੀ! ਨਾਨਕ ਦੀ ਬੇਨਤੀ ਹੈ ਕਿ (ਮੈਨੂੰ ਅਪਣੀ ਸੇਵਾ) ਭਗਤੀ ਬਖਸ਼ ਦਿਓ ਜੀ।੪।੫।੧੦।

ਪਦਾਰਥ = ਮਾਤ–ਮਾਤਾ।ਸੁਤ–ਪੁਤ੍ਰ।ਸਾਥਿ–ਸਾਥੀ।੧।ਰਵਿ ਰਹਿਆ–ਵਿਆਪਕ ਹੋ ਰਿਹਾ ਹੈ।ਸਭ ਮਹਿ–ਸਾਰੇ ਜੀਵਾਂ ਵਿਚ। ਆਪੇ–ਆਪ ਹੀ।ਰਸਨਾ–ਜੀਭ ਨਾਲ।ਨ ਵਿਆਪੇ–ਨਹੀਂ ਲੱਗੇਗਾ।੧।ਰਹਾਉ।ਤਿਖਾ–ਪਿਆਸ (ਤ੍ਰਿਸ਼ਨਾ)।ਬਹੁ–ਬਹੁਤ।ਤਪਤਿ–ਤਪਸ਼ (ਜਲਨ)।ਵਿਆਪਿਆ–ਫਸਿਆ ਪਿਆ ਸੀ।ਸੀਤਲ–ਠੰਢਾ ਠਾਰ (ਸ਼ਾਂਤ)।ਭਏ–ਹੋ ਗਏ।ਜਾਪਿਆ–ਜਪਿਆ।੨।ਕੋਟਿ–ਕ੍ਰੋੜਾਂ।ਤ੍ਰਿਪਤਾਨਾ–ਰੱਜ ਗਿਆ।੩।ਦੇਹੁ–ਬਖਸ਼ ਦਿਓ ਜੀ।ਪ੍ਰਭ ਅੰਤਰਜਾਮੀ–ਹੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲੇ ਪ੍ਰਭੂ!। ਸੁਆਮੀ–ਹੇ ਮਾਲਕ ਪ੍ਰਭੂ!।੪।੫।੧੦।

ਬਿਲਾਵਲੁ ਮਹਲਾ ੫ ॥ ਗੁਰੁ ਪੂਰਾ ਵਡਭਾਗੀ ਪਾਈਐ ॥ ਮਿਲਿ ਸਾਧੂ ਹਰਿ ਨਾਮੁ ਧਿਆਈਐ ॥੧॥ ਪਾਰਬ੍ਰਹਮ ਪ੍ਰਭ ਤੇਰੀ ਸਰਨਾ ॥ ਕਿਲਬਿਖ ਕਾਟੈ ਭਜੁ ਗੁਰ ਕੇ ਚਰਨਾ ॥੧॥ਰਹਾਉ॥ ਅਵਰਿ ਕਰਮ ਸਭਿ ਲੋਕਾਚਾਰ ॥ ਮਿਲਿ ਸਾਧੂ ਸੰਗਿ ਹੋਇ ਉਧਾਰ ॥੨॥ ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥ ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥੩॥ ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ॥ ਸਾਧੂ ਧੂਰਿ ਮਿਲੈ ਨਿਸਤਰੀਐ ॥੪॥੬॥੧੧॥ (ਹੇ ਭਾਈ!) ਪੂਰਾ ਗੁਰੂ ਵੱਡੇ ਭਾਗਾਂ ਨਾਲ ਪਾਈਦਾ ਹੈ।(ਅਜੇਹੇ) ਸ੍ਰੇਸਟ ਗੁਰੂ ਨੂੰ ਮਿਲ ਕੇ ਹਰੀ ਦਾ ਨਾਮ ਧਿਆਉਣਾ ਚਾਹੀਦਾ ਹੈ।੧।ਹੇ ਪਾਰਬ੍ਰਹਮ ਪ੍ਰਭੂ! ਮੈਂ ਤੇਰੀ ਸਰਨ ਵਿਚ ਆਇਆ ਹਾਂ।(ਹੇ ਭਾਈ!) ਗੁਰੂ ਦੇ ਚਰਨਾਂ ਦੀ ਸੇਵਾ ਕਰ, (ਗੁਰੂ ਦੀ ਸੇਵਾ) ਪਾਪ ਕੱਟ ਦੇਂਦੀ ਹੈ।੧।ਰਹਾਉ।(ਹੇ ਭਾਈ! ਹਰੀ ਦੇ ਸਿਮਰਨ ਤੋਂ ਬਿਨਾ) ਹੋਰ ਸਾਰੇ ਕਰਮ ਲੋਕ ਦਿਖਾਵਾ ਹਨ।ਸਾਧੂ ਗੁਰੂ ਨਾਲ ਮਿਲ ਕੇ (ਜੀਵ ਦਾ ਭਵਜਲ ਤੋਂ) ਉਧਾਰ ਹੁੰਦਾ ਹੈ।੨।(ਹੇ ਭਾਈ!) ਸਿਮ੍ਰਤੀਆਂ, ਸ਼ਾਸਤ੍ਰ ਅਤੇ ਬੇਦ ਵੀ ਬਿਚਾਰ ਕੇ ਦੇਖ ਲਏ ਹਨ (ਕੋਈ ਲਾਭ ਨਹੀਂ ਹੋਇਆ।ਇਸ ਲਈ ਹਰੀ ਦਾ) ਨਾਮ ਜਪਣਾ ਚਾਹੀਦਾ ਹੈ, ਜਿਸ ਨਾਮ ਦੁਆਰਾ (ਗੁਰੂ ਭਵਜਲ ਤੋਂ) ਪਾਰ ਲੰਘਾ ਦੇਂਦਾ ਹੈ।੩।ਹੇ ਪ੍ਰਭੂ! ਦਾਸ ਨਾਨਕ ਉਤੇ ਕ੍ਰਿਪਾ ਕਰ।(ਤੇਰੇ ਦਾਸ ਨੂੰ) ਸਾਧੂ ਗੁਰੂ ਦੀ ਚਰਨ ਧੂੜ ਮਿਲ ਜਾਵੇ, (ਜਿਸ ਗੁਰੂ ਦੀ ਮੇਹਰ ਨਾਲ ਸੰਸਾਰ ਸਮੁੰਦਰ) ਤੋਂ ਤਰ ਜਾਈਦਾ ਹੈ।੪।੬।੧੧।

ਪਦਾਰਥ = ਵਡਭਾਗੀ–ਵੱਡੇ ਭਾਗਾਂ ਨਾਲ।ਮਿਲਿ–ਮਿਲ ਕੇ।ਸਾਧੂ–ਸ੍ਰੇਸਟ ਗੁਰੂ।੧।ਪਾਰਬ੍ਰਹਮ ਪ੍ਰਭੁ–ਹੇ ਪਾਰਬ੍ਰਹਮ ਪ੍ਰਭੂ!।ਸਰਨਾ–ਸ਼ਰਨ ਵਿਚ ਆਇਆ ਹਾਂ।ਕਿਲਬਿਖ–ਪਾਪ।ਭਜੁ–ਸੇਵਾ ਕਰ।੧।ਰਹਾਉ।ਅਵਰਿ ਕਰਮ–ਹੋਰ ਧਾਰਮਕ ਕਰਮ।ਲੋਕਾਚਾਰ–ਲੋਕ

ਦਿਖਾਵਾ।ਉਧਾਰ–ਮੁਕਤੀ; ਪਾਰ ਉਤਾਰਾ।੨।ਸਿਮ੍ਰਿਤਿ–ਸਿਮਰਤੀਆਂ (ਹਿੰਦੂ ਰਿਖੀਆਂ ਦੇ ਲਿਖੇ ਹੋਏ ਧਾਰਮਕ ਗ੍ਰੰਥ, ਜੋ ਉਨ੍ਹਾਂ ਨੇ ਵੇਦਾਂ ਜਾਂ ਹੋਰ ਵੱਡਿਆਂ ਦੇ ਵਾਕਾਂ ਨੂੰ ਯਾਦ ਕਰਕੇ ਲਿਖੇ ਹਨ।ਇਨ੍ਹਾਂ ਗਿਣਤੀ ੨੭ ਦੇ ਕਰੀਬ ਹੈ)।ਸਾਸਤ–ਛੇ ਸ਼ਾਸਤ੍ਰ (ਸਾਂਖ, ਯੋਗ, ਨਿਆਇ, ਵੈਸ਼ੇਸ਼ਿਕ, ਮੀਮਾਂਸਾ ਅਤੇ ਵੇਦਾਂਤ)।ਬੇਦ–ਚਾਰ ਵੇਦ।ਜਿਤੁ–ਜਿਸ ਦੁਆਰਾ।ਪਾਰਿ ਉਤਾਰੇ–(ਗੁਰੂ) ਪਾਰ ਲੰਘਾ ਦੇਂਦਾ ਹੈ।੩।ਪ੍ਰਭ–ਹੇ ਪ੍ਰਭੂ!।ਧੂਰਿ–ਚਰਨ ਧੂੜ।ਨਿਸਤਰੀਐ–ਤਰ ਜਾਈਦਾ ਹੈ।੪।੬।੧੧।

ਬਿਲਾਵਲੁ ਮਹਲਾ ੫ ॥ ਗੁਰ ਕਾ ਸਬਦੁ ਰਿਦੇ ਮਹਿ ਚੀਨਾ ॥ ਸਗਲ ਮਨੋਰਥ ਪੂਰਨ ਆਸੀਨਾ ॥੧॥ ਸੰਤ ਜਨਾ ਕਾ ਮੁਖੁ ਊਜਲੁ ਕੀਨਾ ॥ ਕਰਿ ਕਿਰਪਾ ਅਪੁਨਾ ਨਾਮੁ ਦੀਨਾ ॥੧॥ਰਹਾਉ॥ ਅੰਧ ਕੂਪ ਤੇ ਕਰੁ ਗਹਿ ਲੀਨਾ ॥ ਜੈ ਜੈ ਕਾਰੁ ਜਗਤਿ ਪ੍ਰਗਟੀਨਾ ॥੨॥ ਨੀਚਾ ਤੇ ਊਚ, ਊਨ ਪੂਰੀਨਾ ॥ ਅੰਮ੍ਰਿਤ ਨਾਮੁ ਮਹਾ ਰਸੁ ਲੀਨਾ ॥੩॥ ਮਨ ਤਨ ਨਿਰਮਲ, ਪਾਪ ਜਲਿ ਖੀਨਾ ॥ ਕਹੁ ਨਾਨਕ ਪ੍ਰਭ ਭਏ ਪ੍ਰਸੀਨਾ ॥੪॥੭॥੧੨॥ (ਹੇ ਭਾਈ! ਜਿਸ ਮਨੁੱਖ ਨੇ) ਗੁਰੂ ਦੇ ਸ਼ਬਦ ਨੂੰ ਅਪਣੇ ਹਿਰਦੇ ਵਿਚ ਪਛਾਣਿਆ ਹੈ।(ਉਸ ਦੇ) ਸਾਰੇ ਮਨੋਰਥ ਪੂਰੇ ਹੋ ਗਏ ਹਨ ਅਤੇ (ਉਸ ਦਾ ਮਨ) ਟਿਕ ਗਿਆ ਹੈ (ਮਨ ਡੋਲਦਾ ਨਹੀਂ); ਆਸਾਂ ਪੂਰਨ ਹੋ ਗਈਆਂ ਹਨ।੧।(ਹੇ ਭਾਈ! ਪ੍ਰਭੂ ਨੇ) ਸੰਤ ਜਨਾਂ ਦਾ ਮੂੰਹ (ਲੋਕ ਪ੍ਰਲੋਕ ਵਿਚ) ਉਜਲ ਕਰ ਦਿਤਾ ਹੈ।(ਕਿਉਂਕਿ ਪ੍ਰਭੂ ਨੇ) ਕ੍ਰਿਪਾ ਕਰਕੇ (ਉਨ੍ਹਾਂ ਨੂੰ) ਅਪਣਾ ਨਾਮ ਬਖਸ਼ ਦਿਤਾ ਹੈ।੧।ਰਹਾਉ।(ਹੇ ਭਾਈ!) ਪ੍ਰਭੂ ਨੇ ਸੰਸਾਰ ਰੂਪ ਹਨ੍ਹੇਰੇ ਖੂਹ ਵਿਚੋਂ ਮਨ ਰੂਪ ਹੱਥ ਫੜ ਕੇ (ਉਨ੍ਹਾਂ ਨੂੰ) ਬਾਹਰ ਕੱਢ ਲਿਆ ਹੈ।ਅਤੇ ਜਗਤ ਵਿਚ (ਉਨ੍ਹਾਂ ਦੀ) ਜੈ ਜੈ ਕਾਰ ਪ੍ਰਗਟ ਕਰ ਦਿਤੀ ਹੈ (ਸੰਸਾਰ ਵਿਚ ਜਿੱਤ ਦਾ ਡੰਕਾ ਵਜਾ ਦਿਤਾ, ਉਨ੍ਹਾਂ ਦੀ ਸ਼ੋਹਰਤ ਫੈਲਾ ਦਿਤੀ)।੨।(ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ) ਸੁਆਦਲਾ ਮਹਾਨ ਅੰਮ੍ਰਿਤ ਨਾਮ ਲਿਆ (ਜਪਿਆ) ਹੈ।ਪ੍ਰਭੂ ਨੇ ਉਨ੍ਹਾਂ ਨੂੰ) ਨੀਵਿਆਂ ਤੋਂ ਉਚਾ ਕਰ ਦਿਤਾ ਅਤੇ (ਗੁਣਾਂ ਤੋਂ) ਖਾਲੀ ਮਨੁੱਖਾਂ ਨੂੰ (ਦੈਵੀ ਗੁਣਾਂ ਨਾਲ) ਭਰ ਦਿਤਾ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਉਤੇ) ਪ੍ਰਭੂ ਜੀ ਪ੍ਰਸੰਨ ਹੋਏ ਹਨ, (ਉਸ ਦੇ) ਪਾਪ ਸੜ ਕੇ ਨਾਸ਼ ਹੋ ਗਏ ਹਨ, (ਉਸ ਦਾ) ਮਨ ਤੇ ਸਰੀਰ ਪਵਿਤ੍ਰ ਹੋ ਗਏ ਹਨ।੪।੭।੧੨।

ਪਦਾਰਥ = ਰਿਦੇ ਮਹਿ–ਹਿਰਦੇ ਵਿਚ।ਚੀਨਾ–ਪਛਾਣਿਆ; ਵਿਚਾਰਿਆ।ਸਗਲ–ਸਾਰੇ।ਮਨੋਰਥ–ਇੱਛਾ।ਆਸੀਨਾ–ਇਸਥਿਤ; ਆਸਾ।੧।ਮੁਖੁ–ਮੂੰਹ।ਕੀਨਾ–ਕਰ ਦਿਤਾ।ਕਰਿ–ਕਰ ਕੇ।ਦੀਨਾ–ਦਿਤਾ।੧।ਰਹਾਉ।ਅੰਧ ਕੂਪ ਤੇ–ਹਨ੍ਹੇਰੇ ਖੂਹ ਤੋਂ (ਅੰਨ੍ਹਾ ਖੂਹ ਉਹ ਹੈ, ਜਿਸ ਵਿਚੋਂ ਨਿਕਲਣ ਦਾ ਕੋਈ ਆਸਰਾ ਜਾਂ ਜਤਨ ਨਾ ਹੋਵੇ)।ਕਰੁ–ਹੱਥ।ਗਹਿ–ਫੜ ਕੇ।ਲੀਨਾ–(ਬਾਹਰ ਕੱਢ) ਲਿਆ।ਜੈ ਜੈਕਾਰ–ਜਿੱਤ ਦਾ ਜੈਕਾਰਾ; ਜਿੱਤ ਦਾ ਡੰਕਾ।ਜਗਤਿ–ਜਗਤ ਵਿਚ।ਪ੍ਰਗਟੀਨਾ–ਪ੍ਰਗਟ ਕਰ ਦਿਤੀ।੨।ਨੀਚਾ ਤੇ–ਨੀਵਿਆਂ ਤੋਂ।ਊਚ –ਉਚੇ।ਊਨ–ਖਾਲੀ (ਮਨੁੱਖਾਂ ਨੂੰ)।ਪੂਰੀਨਾ–ਭਰ ਦਿਤਾ।ਲੀਨਾ–ਲਿਆ (ਜਪਿਆ) ਹੈ।੩।ਤਨ–ਸਰੀਰ।ਨਿਰਮਲ–ਪਵਿਤ੍ਰ।ਜਲਿ – ਸੜ ਕੇ।ਖੀਨਾ–ਨਾਸ਼ ਹੋ ਗਏ।ਭਏ–ਹੋਏ।ਪ੍ਰਸੀਨਾ–ਪ੍ਰਸੰਨ।੪।੭।੧੨।

ਅੰਗ ੮੦੫ = ਬਿਲਾਵਲੁ ਮਹਲਾ ੫ ॥ ਸਗਲ ਮਨੋਰਥ ਪਾਈਅਹਿ ਮੀਤਾ ॥ ਚਰਨ ਕਮਲ ਸਿਉ ਲਾਈਐ ਚੀਤਾ ॥੧॥ ਹਉ ਬਲਿਹਾਰੀ ਜੋ ਪ੍ਰਭੂ ਧਿਆਵਤ ॥ ਜਲਨਿ ਬੁਝੈ, ਹਰਿ ਹਰਿ ਗੁਨ ਗਾਵਤ ॥੧॥ਰਹਾਉ॥ ਸਫਲ ਜਨਮੁ ਹੋਵਤ ਵਡਭਾਗੀ ॥ ਸਾਧ ਸੰਗਿ ਰਾਮਹਿ ਲਿਵ ਲਾਗੀ ॥੨॥ ਮਤਿ ਪਤਿ ਧਨੁ ਸੁਖ ਸਹਜ ਅਨੰਦਾ ॥ ਇਕ ਨਿਮਖ ਨ ਵਿਸਰਹੁ ਪਰਮਾਨੰਦਾ ॥੩॥ ਹਰਿ ਦਰਸਨ ਕੀ ਮਨਿ ਪਿਆਸ ਘਨੇਰੀ ॥ ਭਨਤਿ ਨਾਨਕ ਸਰਣਿ ਪ੍ਰਭ ਤੇਰੀ ॥੪॥੮॥੧੩॥ ਹੇ ਮਿਤ੍ਰ! ਜੇ ਪ੍ਰਭੂ ਦੇ ਚਰਨ ਕਮਲਾਂ ਨਾਲ ਚਿਤ ਲਾ ਲਈਏ, ਤਾਂ ਸਾਰੇ ਮਨੋਰਥ ਪ੍ਰਾਪਤ ਕਰ ਲਈਦੇ ਹਨ।੧।(ਹੇ ਭਾਈ!) ਜੋ ਮਨੁੱਖ ਪ੍ਰਭੂ ਨੂੰ ਧਿਆਉਂਦੇ ਹਨ, ਮੈਂ ਉਨ੍ਹਾਂ ਦੇ ਬਲਿਹਾਰ ਜਾਂਦਾ ਹਾਂ।ਹਰੀ ਦੇ ਗੁਣ ਗਾਉਣ ਨਾਲ (ਤ੍ਰਿਸ਼ਨਾ ਦੀ ਅੱਗ ਦੀ) ਜਲਨ ਬੁਝ ਜਾਂਦੀ ਹੈ।੧।ਰਹਾਉ।(ਹੇ ਭਾਈ! ਉਨ੍ਹਾਂ) ਵੱਡੇ ਭਾਗਾਂ ਵਾਲੇ ਪੁਰਖਾਂ ਦਾ ਜਨਮ ਸਫਲ ਹੋ ਜਾਂਦਾ ਹੈ।(ਜਿਨ੍ਹਾਂ ਦੀ) ਸਾਧ ਸੰਗਤ ਦੁਆਰਾ ਪ੍ਰਭੂ ਵਿਚ ਲਿਵ ਲਗ ਜਾਂਦੀ ਹੈ।੨।ਹੇ ਪਰਮ ਅਨੰਦ ਸਰੂਪ ਪ੍ਰਭੂ! (ਜਿਸ ਮਨੁੱਖ ਦੇ ਮਨ ਵਿਚੋਂ ਤੂੰ) ਇਕ ਨਿਮਖ ਮਾਤ੍ਰ ਸਮੇਂ ਲਈ ਵੀ ਨਾ ਭੁੱਲੇਂ।(ਉਸ ਨੂੰ) ਸ੍ਰੇਸਟ ਮੱਤ, ਇੱਜਤ, ਧਨ, (ਦੁਨਿਆਵੀ) ਸੁਖ ਅਤੇ ਆਤਮਕ ਅਨੰਦ ਪ੍ਰਾਪਤ ਹੋ ਜਾਂਦਾ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ।ਹੇ ਹਰੀ! ਮੇਰੇ ਮਨ ਵਿਚ ਤੇਰੇ ਦਰਸ਼ਨ ਦੀ ਬਹੁਤ ਪਿਆਸ ਹੈ।੪।੮।੧੩।

ਪਦਾਰਥ = ਸਗਲ ਮਨੋਰਥ–ਮਨ ਦੀਆਂ ਸਾਰੀਆਂ ਇੱਛਾਵਾਂ।ਮੀਤਾ–ਹੇ ਮਿਤ੍ਰ!।ਸਿਉ–ਨਾਲ।ਲਾਈਐ ਚੀਤਾ–ਜੇ ਚਿੱਤ ਲਾ ਲਈਏ।੧।ਹਉ–ਮੈਂ।ਧਿਆਵਤ–ਸਿਮਰਦੇ ਹਨ।ਜਲਨਿ–(ਤ੍ਰਿਸ਼ਨਾ ਦੀ ਅੱਗ ਦੀ) ਜਲਨ।ਬੁਝੈ–ਬੁਝ ਜਾਂਦੀ ਹੈ।ਗਾਵਤ–ਗਾਉਣ ਨਾਲ।੧।ਰਹਾਉ।ਹੋਵਤ–ਹੋ ਜਾਂਦਾ ਹੈ।ਵਡਭਾਗੀ–ਵੱਡੇ ਭਾਗਾਂ ਵਾਲੇ ਪੁਰਖਾਂ ਦਾ।ਸਾਧ ਸੰਗਿ–ਸਾਧ ਸੰਗਤ ਦੁਆਰਾ।ਰਾਮਹਿ–ਵਾਹਿਗੁਰੂ

ਵਿਚ। ਲਿਵ ਲਾਗੀ–ਸੁਰਤ ਲੱਗ (ਜੁੜ) ਜਾਂਦੀ ਹੈ।੨। ਮਤਿ–ਅਕਲ। ਪਤਿ–ਇੱਜਤ। ਸਹਜ ਅਨੰਦਾ–ਆਤਮਕ ਅਨੰਦ। ਨਿਮਖ–ਅੱਖ ਦੇ ਝਮਕਣ ਜਿੰਨਾ ਸਮਾਂ। ਨ ਵਿਸਰਹੁ–ਨਾ ਭੁੱਲੋ। ਪਰਮਾਨੰਦਾ–ਹੇ ਪਰਮ ਅਨੰਦ ਸਰੂਪ ਪ੍ਰਭੂ!।੩। ਹਰਿ–ਹੇ ਹਰੀ!। ਮਨਿ–ਮਨ ਵਿਚ। ਘਨੇਰੀ–ਬਹੁਤ। ਭਨਤਿ–ਆਖਦਾ ਹੈ। ਪ੍ਰਭ–ਹੇ ਪ੍ਰਭੂ!।੪।੮।੧੩।

ਬਿਲਾਵਲੁ ਮਹਲਾ ੫ ॥ ਮੋਹਿ ਨਿਰਗੁਨ ਸਭ ਗੁਣਹ ਬਿਹੂਨਾ ॥ ਦਇਆ ਧਾਰਿ ਅਪੁਨਾ ਕਰਿ ਲੀਨਾ ॥੧॥ ਮੇਰਾ ਮਨੁ ਤਨੁ ,ਹਰਿ ਗੋਪਾਲਿ ਸੁਹਾਇਆ ॥ ਕਰਿ ਕਿਰਪਾ ਪ੍ਰਭੁ ਘਰਿ ਮਹਿ ਆਇਆ ॥੧॥ਰਹਾਉ॥ ਭਗਤਿ ਵਛਲ ਭੈ ਕਾਟਨਹਾਰੇ ॥ ਸੰਸਾਰ ਸਾਗਰ ਅਬ ਉਤਰੇ ਪਾਰੇ ॥੨॥ ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ ॥ ਪਾਰਬ੍ਰਹਮੁ ਸੋ ਨੈਨਹੁ ਪੇਖਿਆ ॥੩॥ ਸਾਧ ਸੰਗਿ ਪ੍ਰਗਟੇ ਨਾਰਾਇਣ ॥ ਨਾਨਕ ਦਾਸ ਸਭਿ ਦੂਖ ਪਲਾਇਣ ॥੪॥੯॥੧੪॥ (ਹੇ ਭਾਈ!) ਮੈਂ ਗੁਣ ਹੀਣ ਸਾਰੇ ਗੁਣਾਂ ਤੋਂ ਵਿਹੂਣਾ ਸੀ। ਪ੍ਰਭੂ ਨੇ ਦਇਆ ਧਾਰ ਕੇ ਮੈਨੂੰ ਅਪਣਾ ਦਾਸ ਬਣਾ ਲਿਆ।੧। ਮੇਰਾ ਮਨ ਤੇ ਸਰੀਰ ਹਰੀ ਗੋਪਾਲ ਨੇ ਸੋਹਣਾ ਬਣਾ ਦਿਤਾ ਹੈ।(ਕਿਉਂਕਿ) ਕ੍ਰਿਪਾ ਕਰਕੇ ਪ੍ਰਭੂ ਮੇਰੇ ਹਿਰਦੇ ਘਰ ਵਿਚ ਆ ਵਸਿਆ ਹੈ।੧।ਰਹਾਉ। ਹੇ ਭਗਤੀ ਨਾਲ ਪਿਆਰ ਕਰਨ ਵਾਲੇ! ਅਤੇ ਹੇ ਸਾਰੇ ਕਿਸਮ ਦੇ ਭੈ ਕੱਟਣ ਵਾਲੇ ਪ੍ਰਭੂ!। ਹੁਣ (ਤੇਰਾ ਨਾਮ ਜਪ ਕੇ ਅਸੀਂ ਜੀਵ) ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ ਹਾਂ।੨।(ਹੇ ਭਾਈ!) ਬੇਦ ਨੇ ਲਿਖਿਆ ਹੈ ਕਿ ਪ੍ਰਭੂ ਦਾ ਮੁੱਢ ਤੋਂ ਚਲਿਆ ਆਉਂਦਾ ਸੁਭਾਉ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ। ਉਹ ਪਾਰਬ੍ਰਹਮ ਮੈਂ ਅਪਣੀਆਂ ਅੱਖਾਂ ਨਾਲ ਦੇਖ ਲਿਆ ਹੈ।੩। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ) ਦਾਸ ਦੇ ਸਾਰੇ ਦੁੱਖ ਨੱਠ ਗਏ ਹਨ। ਸਾਧ ਸੰਗਤ ਕਰਕੇ (ਜਿਸ ਦੇ ਹਿਰਦੇ ਵਿਚ) ਪ੍ਰਭੂ ਜੀ ਪ੍ਰਗਟ ਹੋ ਗਏ ਹਨ।੪।੯।੧੪।

ਪਦਾਰਥ = ਮੋਹਿ–ਮੈਨੂੰ। ਨਿਰਗੁਨ–ਗੁਣ ਹੀਣ। ਸਭ–ਸਾਰੇ। ਗੁਣਹ ਬਿਹੂਨਾ–ਗੁਣਾਂ ਤੋਂ ਵਿਹੂਣਾ (ਖਾਲੀ)। ਧਾਰਿ–ਧਾਰ (ਕਰ) ਕੇ। ਕਰਿ ਲੀਨਾ–ਬਣਾ ਲਿਆ।੧। ਤਨੁ–ਸਰੀਰ। ਹਰਿ ਗੋਪਾਲਿ–ਧਰਤੀ ਦੀ ਪਾਲਣਾ ਕਰਨ ਵਾਲੇ ਹਰੀ ਨੇ। ਸੁਹਾਇਆ–ਸੋਹਣਾ ਬਣਾ ਦਿਤਾ। ਘਰ ਮਹਿ–ਹਿਰਦੇ ਘਰ ਵਿਚ।੧।ਰਹਾਉ। ਭਗਤਿ ਵਛਲ–ਹੇ ਭਗਤੀ ਨਾਲ ਪਿਆਰ ਕਰਨ ਵਾਲੇ!। ਭੈ–ਸਾਰੇ ਕਿਸਮ ਦੇ ਡਰ। ਅਬ–ਹੁਣ। ਉਤਰੇ ਪਾਰੇ–ਪਾਰ ਲੰਘ ਗਏ ਹਾਂ।੨। ਪਤਿਤ ਪਾਵਨ–ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ। ਬਿਰਦੁ–ਮੁੱਢ ਤੋਂ ਬਣਿਆ ਸੁਭਾਉ। ਬੇਦਿ ਲੇਖਿਆ–ਬੇਦ ਨੇ ਲਿਖਿਆ ਹੈ। ਸੋ–ਉਹ। ਨੈਨਹੁ–ਅੱਖਾਂ ਨਾਲ। ਪੇਖਿਆ–ਦੇਖ ਲਿਆ।੩। ਸਾਧ ਸੰਗਿ–ਸਾਧ ਸੰਗਤ ਕਰਕੇ। ਦਾਸ–ਦਾਸ ਦੇ। ਪਲਾਇਣ–ਨੱਠ ਗਏ।੪।੯।੧੪।

ਬਿਲਾਵਲੁ ਮਹਲਾ ੫ ॥ ਕਵਨੁ ਜਾਨੈ ਪ੍ਰਭ ਤੁਮ੍ਰੀ ਸੇਵਾ ॥ ਪ੍ਰਭ ਅਵਿਨਾਸੀ ਅਲਖ ਅਭੇਵਾ ॥੧॥ ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ ॥ ਊਚ ਮਹਲ ਸੁਆਮੀ ਪ੍ਰਭ ਮੇਰੇ ॥ ਤੂ ਅਪਰੰਪਰ ਠਾਕੁਰ ਮੇਰੇ ॥੧॥ਰਹਾਉ॥ ਏਕਸ ਬਿਨੁ ਨਾਹੀ ਕੋ ਦੂਜਾ ॥ ਤੁਮ੍ ਹੀ ਜਾਨਹੁ ਅਪਨੀ ਪੂਜਾ ॥੨॥ ਆਪਹੁ ਕਛੂ ਨ ਹੋਵਤ ਭਾਈ ॥ ਜਿਸੁ ਪ੍ਰਭੁ ਦੇਵੈ, ਸੋ ਨਾਮੁ ਪਾਈ ॥੩॥ ਕਹੁ ਨਾਨਕ ਜੋ ਜਨੁ ਪ੍ਰਭ ਭਾਇਆ ॥ ਗੁਣ ਨਿਧਾਨ ਪ੍ਰਭੁ ਤਿਨ ਹੀ ਪਾਇਆ ॥੪॥੧੦॥੧੫॥ ਹੇ ਪ੍ਰਭੂ! (ਅਪਣੀ ਅਕਲ ਦੇ ਬਲ ਨਾਲ) ਤੇਰੀ ਸੇਵਾ ਭਗਤੀ ਕਰਨੀ ਕੌਣ ਜਾਣ ਸਕਦਾ ਹੈ? ਪ੍ਰਭੂ ਨਾਸ਼ ਰਹਿਤ, ਲੱਖਤਾ ਤੋਂ ਰਹਿਤ ਅਤੇ ਭੇਤ ਰਹਿਤ ਹੈ।੧। ਹੇ ਡੂੰਘੇ ਤੇ ਅਥਾਹ ਪ੍ਰਭੂ! ਤੂੰ ਬੇਅੰਤ ਗੁਣਾਂ ਦਾ ਮਾਲਕ ਹੈਂ। ਹੇ ਮੇਰੇ ਮਾਲਕ ਪ੍ਰਭੂ! ਤੇਰੇ ਮਹਿਲ ਬਹੁਤ ਉਚੇ ਹਨ। ਹੇ ਮੇਰੇ ਮਾਲਕ ਪ੍ਰਭੂ! ਤੂੰ ਪਰੇ ਤੋਂ ਪਰੇ ਹੈਂ।੧।ਰਹਾਉ।(ਹੇ ਪ੍ਰਭੂ! ਸੰਸਾਰ ਵਿਚ) ਇਕ ਤੇਰੇ ਬਿਨਾ (ਤੇਰੇ ਵਰਗਾ) ਦੂਜਾ ਕੋਈ ਹੋਰ ਨਹੀਂ।(ਸੇਵਕਾਂ ਪਾਸੋਂ) ਅਪਣੀ ਪੂਜਾ (ਕਰਾਉਣ ਦਾ ਢੰਗ) ਤੂੰ ਆਪ ਹੀ ਜਾਣਦਾ ਹੈਂ।੨। ਹੇ ਭਾਈ! ਅਪਣੇ ਆਪ (ਜੀਵ) ਤੋਂ ਕੁਛ ਨਹੀਂ ਹੋ ਸਕਦਾ। ਉਹ ਮਨੁੱਖ ਨਾਮ ਪ੍ਰਾਪਤ ਕਰਦਾ ਹੈ, ਜਿਸ ਨੂੰ ਪ੍ਰਭੂ ਆਪ ਦੇਂਦਾ ਹੈ।੩। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜਾ ਮਨੁੱਖ ਪ੍ਰਭੂ ਨੂੰ ਚੰਗਾ ਲੱਗਾ ਹੈ। ਉਸ ਨੇ ਹੀ ਗੁਣਾਂ ਦੇ ਖਜਾਨੇ ਪ੍ਰਭੂ ਨੂੰ ਪ੍ਰਾਪਤ ਕੀਤਾ ਹੈ।੪।੧੦।੧੫।

ਪਦਾਰਥ = ਕਵਨੁ ਜਾਨੈ–ਕੌਣ ਜਾਣ ਸਕਦਾ ਹੈ? ਪ੍ਰਭ–ਹੇ ਪ੍ਰਭੂ!। ਤੁਮ੍ਰੀ–ਤੇਰੀ। ਅਵਿਨਾਸੀ–ਨਾਸ਼ ਰਹਿਤ (ਅਮਰ)। ਅਲਖ–ਮਨੁੱਖੀ ਸਮਝ ਤੋਂ ਪਰੇ (ਜਿਸ ਨੂੰ ਪੂਰਨ ਤੌਰ ਤੇ ਜਾਣਿਆ ਨਾ ਜਾ ਸਕੇ)। ਅਭੇਵਾ–ਜਿਸ ਦਾ ਭੇਤ ਨਾ ਪਾਇਆ ਜਾ ਸਕੇ।੧। ਗਹਿਰ ਗੰਭੀਰੇ–ਹੇ ਡੂੰਘੇ ਤੇ ਅਥਾਹ ਪ੍ਰਭੂ!। ਸੁਆਮੀ–ਮਾਲਕ ਪ੍ਰਭੂ। ਅਪਰੰਪਰ–ਪਰੇ ਤੋਂ ਪਰੇ।੧।ਰਹਾਉ। ਨਾਹੀ ਕੋ–ਕੋਈ ਨਹੀਂ। ਤੁਮ੍ ਹੀ –ਤੂੰ ਹੀ। ਜਾਨਹੁ–ਜਾਣਦਾ ਹੈਂ।੨। ਆਪਹੁ–ਅਪਣੇ ਆਪ ਤੋਂ। ਨ ਹੋਵਤ–ਨਹੀਂ ਹੁੰਦਾ। ਭਾਈ–ਹੇ ਭਾਈ!। ਪਾਈ–ਪ੍ਰਾਪਤ ਕਰਦਾ ਹੈ।੩। ਜੋ ਜਨੁ–ਜਿਹੜਾ ਮਨੁੱਖ। ਭਾਇਆ–ਚੰਗਾ ਲੱਗਾ। ਗੁਣ ਨਿਧਾਨ–ਗੁਣਾਂ ਦਾ ਖਜਾਨਾ। ਤਿਨ ਹੀ–ਉਸ ਨੇ ਹੀ।੪।੧੦।੧੫।

ਬਿਲਾਵਲੁ ਮਹਲਾ ੫ ॥ ਮਾਤ ਗਰਭ ਮਹਿ ਹਾਥ ਦੇ ਰਾਖਿਆ ॥ ਹਰਿ ਰਸੁ ਛੋਡਿ, ਬਿਖਿਆ ਫਲੁ ਚਾਖਿਆ ॥੧॥ ਭਜੁ ਗੋਬਿੰਦ ਸਭ

ਛੋਡਿ ਜੰਜਾਲ ॥ ਜਬ ਜਮੁ ਆਇ ਸੰਘਾਰੈ ਮੂੜੇ, ਤਬ ਤਨੁ ਬਿਨਸਿ ਜਾਇ ਬੇਹਾਲ ॥੧॥ਰਹਾਉ॥ ਤਨੁ ਮਨੁ ਧਨੁ ਅਪਨਾ ਕਰਿ ਥਾਪਿਆ ॥ ਕਰਨਹਾਰੁ ਇਕ ਨਿਮਖ ਨ ਜਾਪਿਆ ੨॥ ਮਹਾ ਮੋਹ ਅੰਧ ਕੂਪ ਪਰਿਆ ॥ ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ ॥੩॥ ਵਡੈ ਭਾਗਿ ਪ੍ਰਭ ਕੀਰਤਨੁ ਗਾਇਆ ॥ ਸੰਤ ਸੰਗਿ ਨਾਨਕ ਪ੍ਰਭੁ ਪਾਇਆ ॥੪॥੧੧॥੧੬॥ (ਹੇ ਭਾਈ! ਜਿਸ ਪ੍ਰਭੂ ਨੇ) ਮਾਤਾ ਦੇ ਗਰਭ (ਦੀ ਅੱਗ) ਵਿਚ ਹੱਥ ਦੇ ਕੇ ਬਚਾਈ ਰੱਖਿਆ ਹੈ।(ਤੂੰ ਉਸ) ਹਰੀ ਦੇ ਨਾਮ ਰਸ ਨੂੰ ਛਡ ਕੇ ਵਿਸ਼ਿਆਂ ਦੇ ਵਿਹੁ ਰੂਪ ਫਲ ਨੂੰ ਖਾਣ ਲਗ ਪਿਆ ਹੈਂ।੧।(ਹੇ ਭਾਈ!) ਤੂੰ ਸਾਰੇ ਜੰਜਾਲ ਛਡ ਕੇ ਗੋਬਿੰਦ ਦਾ ਭਜਨ ਕਰ।ਹੇ ਮੂਰਖ! ਜਦੋਂ ਜਮ ਆ ਕੇ ਤੈਨੂੰ ਮਾਰੇਗਾ, ਓਦੋਂ ਤੇਰਾ ਸਰੀਰ ਨਾਸ਼ ਹੋ ਜਾਵੇਗਾ ਅਤੇ (ਤੇਰੇ ਮਨ ਦਾ) ਬੁਰਾ ਹਾਲ ਹੋਵੇਗਾ।੧।ਰਹਾਉ।(ਹੇ ਭਾਈ! ਤੂੰ) ਸਰੀਰ, ਮਨ ਤੇ ਧਨ ਅਪਣਾ ਮੰਨੀ ਬੈਠਾ ਹੈਂ।(ਪਰ ਤੈਨੂੰ ਜੋ) ਪੈਦਾ ਕਰਨ ਵਾਲਾ ਪ੍ਰਭੂ ਹੈ, (ਉਸ ਨੂੰ ਤੈਂ) ਇਕ ਨਿਮਖ ਮਾਤ੍ਰ ਵੀ ਨਹੀਂ ਜਪਿਆ।੨।(ਹੇ ਮੂਰਖ! ਤੂੰ) ਮੋਹ ਦੇ ਬਹੁਤ ਘੁੱਪ ਹਨ੍ਹੇਰੇ ਖੂਹ ਵਿਚ ਡਿਗਿਆ ਪਿਆ ਹੈਂ।ਮਾਇਆ ਦੇ ਪੜਦੇ ਦੇ ਕਾਰਣ ਤੂੰ ਪ੍ਰਭੂ ਨੂੰ ਭੁੱਲ ਗਿਆ ਹੈਂ।੩।(ਹੇ ਭਾਈ! ਜਿਸ ਮਨੁੱਖ ਨੇ) ਵੱਡੇ ਭਾਗਾਂ ਕਰਕੇ ਪ੍ਰਭੂ ਦਾ ਕੀਰਤਨ ਗਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਨੇ) ਸੰਤਾਂ ਦੀ ਸੰਗਤ ਕਰਕੇ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ।੪।੧੧।੧੬।

ਪਦਾਰਥ = ਮਾਤ–ਮਾਂ ਦੇ।ਗਰਭ ਮਹਿ–ਪੇਟ ਵਿਚ।ਦੇ–ਦੇ ਕੇ।ਬਿਖਿਆ–ਵਿਸਿਆਂ ਦਾ।ਚਾਖਿਆ–ਖਾਣ ਲਗ ਪਿਆ।੧।ਭਜੁ–ਭਜਨ ਕਰ।ਸਭ–ਸਾਰੇ।ਜੰਜਾਲ–ਬੰਧਨ ਵਿਚ ਫਸਾਉਣ ਵਾਲੇ ਧੰਧੇ।ਜਬ–ਜਦੋਂ।ਆਇ ਸੰਘਾਰੈ–ਆ ਕੇ ਮਾਰੇਗਾ।ਮੂੜੇ–ਹੇ ਮੂਰਖ!।ਤਬ–ਤਦ।ਤਨੁ–ਸਰੀਰ।ਬਿਨਸਿ ਜਾਇ–ਨਾਸ਼ ਹੋ ਜਾਵੇਗਾ।ਬੇਹਾਲ–ਬੁਰਾ ਹਾਲ।੧।ਰਹਾਉ।ਕਰਿ ਥਾਪਿਆ–ਮੰਨੀ ਬੈਠਾ ਹੈਂ। ਕਰਨਹਾਰੁ–ਪੈਦਾ ਕਰਨ ਵਾਲਾ ਪ੍ਰਭੂ।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਨ ਜਾਪਿਆ–ਨਹੀਂ ਜਪਿਆ।੨।ਅੰਧ ਕੂਪ–ਅੰਨ੍ਹਾ (ਹਨ੍ਹੇਰਾ) ਖੂਹ; ਅਗਿਆਨ ਰੂਪ ਜਗਤ।ਪਰਿਆ–(ਡਿਗਿਆ) ਪਿਆ ਹੈਂ।ਪਟਲਿ–ਪੜਦੇ ਦੇ ਕਾਰਣ।ਬਿਸਰਿਆ–ਭੁੱਲ ਗਿਆ।੩। ਵਡੈ ਭਾਗਿ–ਵੱਡੇ ਭਾਗਾਂ ਕਰਕੇ।ਸੰਤ ਸੰਗਤ–ਸੰਤਾਂ ਦੀ ਸੰਗਤ ਕਰਕੇ।੪।੧੧।੧੬।

ਬਿਲਾਵਲੁ ਮਹਲਾ ੫ ॥ ਮਾਤ ਪਿਤਾ ਸੁਤ ਬੰਧਪ ਭਾਈ ॥ ਨਾਨਕ ਹੋਆ ਪਾਰਬ੍ਰਹਮੁ ਸਹਾਈ ॥੧॥ ਸੂਖ ਸਹਜ ਆਨੰਦ ਘਣੇ ॥ ਗੁਰੁ ਪੂਰਾ ਪੂਰੀ ਜਾ ਕੀ ਬਾਣੀ, ਅਨਿਕ ਗੁਣਾ ਜਾ ਕੇ ਜਾਹਿ ਨ ਗਣੇ ॥੧॥ਰਹਾਉ॥ ਸਗਲ ਸਰੰਜਾਮ, ਕਰੇ ਪ੍ਰਭੁ ਆਪੇ ॥ ਭਏ ਮਨੋਰਥ ਸੋ ਪ੍ਰਭੁ ਜਾਪੇ ॥੨॥ (ਹੇ ਭਾਈ!) ਮਾਂ, ਪਿਤਾ, ਪੁਤ੍ਰ ,ਰਿਸ਼ਤੇਦਾਰ ਅਤੇ ਭਰਾ (ਇਨ੍ਹਾਂ ਸਾਰਿਆਂ ਵਾਂਗ) ਪਰਮਾਤਮਾ ਹੀ ਨਾਨਕ ਦਾ ਸਹਾਈ ਹੋਇਆ ਹੈ; ਮਾਂ, ਪਿਤਾ, ਪੁਤ੍ਰ ,ਸਬੰਧੀ ਤੇ ਭਰਾਵਾਂ ਦੀ ਥਾਂ ਤੇ ਪ੍ਰਭੂ ਹੀ ਨਾਨਕ ਦਾ ਸਹਾਈ ਹੋਇਆ ਹੈ।੧।(ਹੇ ਭਾਈ! ਮੇਰਾ) ਗੁਰੂ ਪੂਰਾ ਹੈ, ਜਿਸ ਦੀ ਬਾਣੀ ਪੂਰੀ ਹੈ, ਜਿਸ ਦੇ ਅਨੇਕਾਂ ਗੁਣ ਗਿਣੇ ਨਹੀਂ ਜਾ ਸਕਦੇ।(ਉਸ ਗੁਰੂ ਦੀ ਕਿਰਪਾ ਨਾਲ ਮੈਨੂੰ) ਸਦੀਵੀ ਸੁਖ ਅਤੇ ਬਹੁਤ ਆਤਮਕ ਅਨੰਦ ਪ੍ਰਾਪਤ ਹੋਇਆ ਹੈ।੧।ਰਹਾਉ।(ਹੇ ਭਾਈ! ਸੇਵਕਾਂ ਦੇ ਕੰਮ ਪੂਰੇ ਕਰਨ ਦੇ) ਸਾਰੇ ਪ੍ਰਬੰਧ ਪ੍ਰਭੂ ਆਪ ਹੀ ਕਰਦਾ ਹੈ।ਉਸ ਪ੍ਰਭੂ ਨੂੰ ਜਪਣ ਨਾਲ (ਸੇਵਕਾਂ ਦੇ ਸਾਰੇ) ਮਨੋਰਥ ਪੂਰੇ ਹੋ ਗਏ ਹਨ।੨।

ਅੰਗ ੮੦੬ = ਅਰਥ ਧਰਮ ਕਾਮ ਮੋਖ ਕਾ ਦਾਤਾ ॥ ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥੩॥ ਸਾਧ ਸੰਗਿ ਨਾਨਕਿ ਰੰਗੁ ਮਾਣਿਆ ॥ ਘਰਿ ਆਇਆ ਪੂਰੈ ਗੁਰਿ ਆਣਿਆ ॥੪॥੧੨॥੧੭॥ ਪ੍ਰਭੂ ਧਰਮ ਅਰਥ ਕਾਮ ਅਤੇ ਮੋਖਸ਼ ਚਾਰ ਪਦਾਰਥਾਂ ਦਾ ਦਾਤਾ ਹੈ।ਉਸ ਸਿਰਜਨਹਾਰ ਪ੍ਰਭੂ ਦਾ ਸਿਮਰਨ ਕਰਨ ਨਾਲ ਘਾਲ ਕਮਾਈ ਪੂਰੀ ਹੋ ਗਈ ਹੈ।੩।(ਹੇ ਭਾਈ!) ਨਾਨਕ ਨੇ ਸਾਧ ਸੰਗਤ ਵਿਚ ਮਿਲ ਕੇ ਆਤਮਕ ਅਨੰਦ ਮਾਣਿਆ ਹੈ।(ਮੈਂ ਹੁਣ) ਅਪਣੇ ਨਿਜ ਘਰ ਵਿਚ ਆ ਵਸਿਆ ਹਾਂ, (ਮੈਨੂੰ) ਪੂਰੇ ਗੁਰੂ ਨੇ (ਨਿਜ ਘਰ ਵਿਚ) ਲਿਆਂਦਾ ਹੈ।੪।੧੨।੧੭।

ਪਦਾਰਥ = ਮਾਤ–ਮਾਂ।ਸੁਤ–ਪੁਤ੍ਰ।ਬੰਧਪ–ਰਿਸ਼ਤੇਦਾਰ।ਭਾਈ–ਭਰਾ।ਸਹਾਈ–ਮਦਤ ਕਰਨ ਵਾਲਾ।੧।ਸਹਜ ਅਨੰਦ–ਆਤਮਕ ਅਨੰਦ।ਘਣੇ–ਬਹੁਤ।ਜਾ ਕੀ–ਜਿਸ ਦੀ।ਅਨਿਕ–ਅਨੇਕਾਂ।ਜਾ ਕੇ–ਜਿਸ ਦੇ।ਜਾਹਿ ਨ ਗਣੇ–ਗਿਣੇ ਨਹੀਂ ਜਾਂਦੇ।੧।ਰਹਾਉ।ਸਗਲ –ਸਾਰੇ।ਸਰੰਜਾਮ–ਪ੍ਰਬੰਧ; ਜਤਨ।ਕਰੇ–ਕਰਦਾ ਹੈ।ਆਪੇ–ਆਪ ਹੀ।ਭਏ–ਹੋ ਗਏ।ਮਨੋਰਥ–ਮਨ ਦੇ ਸੰਕਲਪ।ਸੋ–ਉਸ ਨੂੰ।ਜਾਪੇ –ਜਪਣ ਨਾਲ।੨।ਅਰਥ–ਧਨ; ਪਦਾਰਥ।ਕਾਮ–ਇੱਛਾ।ਮੋਖ ਕਾ–ਮੁਕਤੀ ਦਾ।ਪੂਰੀ ਭਈ–ਪੂਰੀ ਹੋ ਗਈ।ਬਿਧਾਤਾ–ਸਿਰਜਨਹਾਰ ਪ੍ਰਭੂ।੩।ਨਾਨਕਿ–ਨਾਨਕ ਨੇ।ਰੰਗੁ–ਅਨੰਦ; ਖੁਸ਼ੀ।ਘਰਿ–ਨਿਜ ਸਰੂਪ ਵਿਚ।ਆਣਿਆ–ਲਿਆਂਦਾ।੪।੧੨।੧੭।

ਬਿਲਾਵਲੁ ਮਹਲਾ ੫ ॥ ਸ੍ਰਬ ਨਿਧਾਨ ਪੂਰਨ ਗੁਰਦੇਵ ॥੧॥ਰਹਾਉ॥ ਹਰਿ ਹਰਿ ਨਾਮੁ ਜਪਤ ਨਰ ਜੀਵੇ ॥ ਮਰਿ ਖੁਆਰੁ ਸਾਕਤ ਨਰ ਥੀਵੇ ॥੧॥ ਰਾਮ ਨਾਮੁ ਹੋਆ ਰਖਵਾਰਾ ॥ ਝਖ ਮਾਰਉ ਸਾਕਤੁ ਵੇਚਾਰਾ ॥੨॥ ਨਿੰਦਾ ਕਰਿ ਕਰਿ ਪਚਹਿ ਘਨੇਰੇ ॥ ਮਿਰਤਕ

ਫਾਸ ਗਲੈ ਸਿਰਿ ਪੈਰੇ ॥੩॥ ਕਹੁ ਨਾਨਕ ਜਪਹਿ ਜਨ ਨਾਮ ॥ ਤਾ ਕੇ ਨਿਕਟਿ ਨ ਆਵੈ ਜਾਮ ॥੪॥੧੩॥੧੮॥ (ਹੇ ਭਾਈ!) ਪੂਰੇ ਗੁਰੂ ਪਾਸ (ਦੁਨੀਆਂ ਦੇ) ਸਾਰੇ ਖਜਾਨੇ ਹਨ।੧।ਰਹਾਉ।(ਹੇ ਭਾਈ! ਸੰਸਾਰ ਵਿਚ ਗੁਰਮੁਖ) ਪੁਰਖ ਹਰੀ ਦਾ ਨਾਮ ਜਪਣ ਨਾਲ ਹੀ ਜਿਉਂਦੇ ਹਨ।(ਹਰੀ ਦੇ ਨਾਮ ਤੋਂ ਹੀਣੇ) ਸਾਕਤ ਮਨੁੱਖ ਮਰ ਕੇ ਖੁਆਰ ਹੁੰਦੇ ਹਨ।੧।(ਹੇ ਭਾਈ!) ਪ੍ਰਭੂ ਦਾ ਨਾਮ (ਗੁਰਮੁਖਾਂ ਦਾ) ਰਖਵਾਲਾ ਹੋਇਆ ਹੈ।ਵਿਚਾਰਾ ਸਾਕਤ ਮਨੁੱਖ ਪਿਆ ਝਖ ਮਾਰਦਾ ਰਹੇ (ਨਿੰਦਾ ਕਰਕੇ ਬਿਅਰਥ ਬੋਲੀ ਜਾਵੇ, ਉਹ ਗੁਰ ਗੁਰਮੁਖਾਂ ਦਾ ਕੁਛ ਨਹੀਂ ਬਿਗਾੜ ਸਕਦਾ)।੨।ਬਹੁਤ ਸਾਰੇ (ਮਨਮੁਖ ਲੋਕ ਗੁਰਮੁਖਾਂ ਦੀ) ਨਿੰਦਾ ਕਰ ਕਰ ਕੇ ਕੁੜ੍ਹਦੇ ਰਹਿੰਦੇ ਹਨ। (ਇਨ੍ਹਾਂ ਨਿੰਦਾ ਕਰਨ ਵਾਲੇ ਮਨੁੱਖਾਂ ਦੇ) ਗਲ, ਸਿਰ ਤੇ ਪੈਰਾਂ ਵਿਚ ਮੌਤ ਦੀ ਫਾਹੀ ਪਈ ਹੋਈ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਹਰੀ ਦਾ ਨਾਮ ਜਪਦੇ ਹਨ।ਉਨ੍ਹਾਂ ਦੇ ਨੇੜੇ ਜਮ ਨਹੀਂ ਆਉਂਦਾ।੪।੧੩।੧੮।

ਪਦਾਰਥ = ਸ੍ਰਬ ਨਿਧਾਨ–ਸਾਰੇ ਖਜਾਨੇ।ਗੁਰਦੇਵ–ਗੁਰੂ।੧।ਰਹਾਉ।ਨਰ–ਮਨੁੱਖ।ਜੀਵੇ–ਜਿਉਂਦੇ ਹਨ।ਮਰਿ–ਮਰ ਕੇ।ਖੁਆਰੁ–ਬੇਇੱਜਤ; ਦੁਖੀ।ਸਾਕਤ ਨਰ–ਪ੍ਰਭੂ ਤੋਂ ਬੇਮੁਖ ਮਨੁੱਖ।ਥੀਵੇ–ਹੁੰਦੇ ਹਨ।੧।ਰਖਵਾਰਾ–ਰਖਵਾਲਾ।ਝਖ ਮਾਰਉ–(ਬੇਸ਼ਕ) ਝੱਖ ਮਰਦਾ ਰਹੇ।ਵੇਚਾਰਾ–ਲਾਚਾਰ; ਸਹਾਇਤਾ ਰਹਿਤ।੨।ਪਚਹਿ–ਕੁੜ੍ਹਦੇ (ਅੰਦਰੇ ਅੰਦਰ ਸੜਦੇ) ਰਹਿੰਦੇ ਹਨ।ਘਨੇਰੇ–ਬਹੁਤ ਸਾਰੇ। ਮਿਰਤਕ–ਮੁਰਦਿਆਂ ਦੇ।ਫਾਸ–ਫਾਹੀ।ਗਲੈ–ਗਲ ਵਿਚ।ਸਿਰਿ–ਸਿਰ ਉਤੇ।ਪੈਰੇ–ਪੈਰਾਂ ਵਿਚ।੩।ਜਪਹਿ–ਜਪਦੇ ਹਨ।ਜਨ–ਜੋ ਮਨੁੱਖ।ਤਾ ਕੇ–ਉਨ੍ਹਾਂ ਦੇ।ਨਿਕਟਿ–ਨੇੜੇ।ਜਾਮ–ਜਮਦੂਤ।੪।੧੩।੧੮।

ਰਾਗੁ ਬਿਲਾਵਲੁ ਮਹਲਾ ੫ ਘਰੁ ੪ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥ ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥੧॥ ਚਰਨ ਕਮਲ ਪਭ ਕੇ ਨਿਤ ਧਿਆਵਉ ॥ ਕਵਨ ਸੁਮਤਿ ਜਿਤੁ ਪ੍ਰੀਤਮੁ ਪਾਵਉ ॥੧॥ਰਹਾਉ॥ ਐਸੀ ਕਿਰਪਾ ਕਰਹੁ ਪ੍ਰਭ ਮੇਰੇ ॥ ਹਰਿ ਨਾਨਕ ਬਿਸਰੁ ਨ ਕਾਹੂ ਬੇਰੇ ॥੨॥੧॥੧੯॥ (ਸਿਖ ਪੁੱਛਦਾ ਹੈ ਕਿ ਹੇ ਗੁਰੂ ਜੀ! ਉਹ) ਕਿਹੜਾ ਸ਼ੁੱਭ ਮੌਕਾ ਹੈ, (ਜਦੋਂ) ਮੈਂ ਅਪਨੇ ਪ੍ਰਭੂ ਨੂੰ ਮਿਲ ਸਕਾਂ।(ਗੁਰੂ ਜੀ ਦਾ ਉਤਰ, ਹੇ ਭਾਈ! ਤੂੰ) ਹਰੇਕ ਪਲ ਤੇ ਹਰ ਸਮੇਂ ਸਦਾ ਹਰੀ ਦਾ ਨਾਮ ਜਪਿਆ ਕਰ (ਫਿਰ ਤੇਰਾ ਹਰੀ ਨਾਲ ਮੇਲ ਹੋ ਜਾਵੇਗਾ)।੧।(ਪ੍ਰਸ਼ਨ) ਉਹ ਕਿਹੜੀ ਚੰਗੀ ਸਿੱਖਿਆ ਹੈ, ਜਿਸ ਰਾਹੀਂ ਮੈਂ ਅਪਣੇ ਪਿਆਰੇ ਪ੍ਰਭੂ ਨੂੰ ਪ੍ਰਾਪਤ ਕਰ ਸਕਾਂ।(ਉਤਰ, ਤੂੰ) ਹਰ ਰੋਜ ਪ੍ਰਭੂ ਦੇ ਚਰਨ ਕਮਲਾਂ ਦਾ ਧਿਆਨ ਕਰਿਆ ਕਰ।੧।ਰਹਾਉ।ਹੇ ਮੇਰੇ ਪ੍ਰਭੂ! (ਅਰਦਾਸ ਹੈ ਕਿ ਮੇਰੇ ਉਤੇ) ਅਜੇਹੀ ਕ੍ਰਿਪਾ ਕਰ।ਹੇ ਹਰੀ! ਨਾਨਕ ਤੈਨੂੰ ਕਿਸੇ ਵੇਲੇ ਵੀ ਨਾ ਭੁੱਲ ਸਕੇ।੨।੧।੧੯।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ।ਕਵਨ–ਕਿਹੜਾ।ਸੰਜੋਗ–ਸ਼ੁੱਭ ਮੌਕਾ; ਮਿਲਾਪ ਦਾ ਸਮਾਂ; ਮਹੂਰਤ।ਮਿਲਉ–ਮੈ ਮਿਲ ਸਕਾਂ।ਪਲੁ ਪਲੁ–ਹਰੇਕ ਪਲ।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਜਪਨੇ–ਜਪਿਆ ਕਰ।੧।ਨਿਤ–ਹਰ ਰੋਜ।ਧਿਆਵਉ–ਧਿਆਨ ਕਰ।ਸੁਮਤਿ–ਚੰਗੀ ਸਿੱਖਿਆ।ਜਿਤੁ–ਜਿਸ ਰਾਹੀਂ।ਪਾਵਉ–ਪ੍ਰਾਪਤ ਕਰ ਸਕਾਂ।੧।ਰਹਾਉ।ਪ੍ਰਭ–ਹੇ ਪ੍ਰਭੂ!।ਬਿਸਰੁ ਨ–ਨਾ ਭੁੱਲ ਸਕੇ।ਕਾਹੂ ਬੇਰੇ–ਕਿਸੇ ਵੇਲੇ ਵੀ।੨।੧।੧੯।

ਬਿਲਾਵਲੁ ਮਹਲਾ ੫ ਚਰਨ ਕਮਲ ਪ੍ਰਭ ਹਿਰਦੈ ਧਿਆਏ ॥ ਰੋਗ ਗਏ ਸਗਲੇ ਸੁਖ ਪਾਏ ॥੧॥ ਗੁਰਿ ਦੁਖੁ ਕਾਟਿਆ ਦੀਨੋ ਦਾਨੁ ॥ ਸਫਲ ਜਨਮੁ ਜੀਵਨ ਪਰਵਾਨੁ ॥੧॥ਰਹਾਉ॥ ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥ ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥ (ਹੇ ਭਾਈ! ਜਿਸ ਮਨੁੱਖ ਨੇ ਅਪਣੇ) ਹਿਰਦੇ ਵਿਚ ਪ੍ਰਭੂ ਦੇ ਚਰਨ ਕਮਲਾਂ ਦਾ ਧਿਆਨ ਕੀਤਾ ਹੈ।(ਉਸ ਦੇ ਸਾਰੇ) ਰੋਗ ਦੂਰ ਹੋ ਗਏ ਅਤੇ (ਉਸ ਨੇ) ਸਾਰੇ ਸੁਖ ਪਾ ਲਏ ਹਨ।੧।(ਜਿਸ ਮਨੁੱਖ ਨੂੰ) ਗੁਰੂ ਨੇ ਨਾਮ ਦਾਨ ਦਿਤਾ ਹੈ, (ਉਸ ਦੇ ਜਨਮ ਮਰਨ ਦਾ) ਦੁਖ ਗੁਰੂ ਨੇ ਕੱਟ ਦਿਤਾ ਹੈ।(ਉਸ ਦਾ ਮਨੁੱਖਾ) ਜਨਮ ਸਫਲ ਹੋ ਗਿਆ ਅਤੇ ਜੀਵਨ (ਵੀ ਲੋਕ ਪ੍ਰਲੋਕ ਵਿਚ) ਪ੍ਰਵਾਨ ਹੋ ਗਿਆ ਹੈ।੧।ਰਹਾਉ।(ਹੇ ਭਾਈ!) ਪ੍ਰਭੂ ਦੀ ਬਾਣੀ ਅੰਮ੍ਰਿਤ ਰੂਪ ਹੈ, (ਜਿਸ ਦੀ) ਕਥਾ ਕਥਨ ਤੋਂ ਰਹਿਤ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗਿਆਨਵਾਨ ਪੁਰਖ (ਪ੍ਰਭੂ ਦੀ ਬਾਣੀ ਨੂੰ) ਜਪ ਕੇ ਆਤਮਕ ਜੀਵਨ ਜਿਉਂਦਾ ਹੈ।੨।੨।੨੦।

ਪਦਾਰਥ = ਚਰਨ ਕਮਲ–ਕਮਲ ਫੁੱਲ ਵਰਗੇ ਸੁੰਦਰ ਚਰਨ।ਹਿਰਦੈ–ਹਿਰਦੇ ਵਿਚ।ਧਿਆਏ–ਧਿਆਨ ਕੀਤਾ।ਸਗਲੇ–ਸਾਰੇ।ਪਾਏ–ਪਾ ਲਏ।੧।ਗੁਰਿ–ਗੁਰੂ ਨੇ।ਦੀਨੋ–ਦਿਤਾ।ਦਾਨੁ–ਨਾਮ ਦੀ ਦਾਤ।ਪਰਵਾਨੁ–ਪ੍ਰਵਾਨ (ਕਬੂਲ)।੧।ਰਹਾਉ।ਅਕਤ ਕਥਾ–ਉਹ ਕਥਾ, ਜੋ ਪੂਰਨ ਤੌਰ ਤੇ ਕਥਨ ਨਾ ਕੀਤੀ ਜਾ ਸਕੇ।ਬਾਨੀ–ਬਾਣੀ।ਜੀਵੇ–ਜਿਉਂਦਾ ਹੈ।ਗਿਆਨੀ–ਗਿਆਨਵਾਨ।੨।੨।੨੦।

ਬਿਲਾਵਲੁ ਮਹਲਾ ੫ ॥ ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ਰਹਾਉ॥ ਤਾਪ ਪਾਪ ਸੰਤਾਪ ਬਿਨਾਸੇ ॥ ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥ ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥ ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨

॥੩॥੨੧॥ (ਗੁਰੂ ਜੀ ਨੇ ਸਾਹਿਬਜਾਦੇ ਹਰਿ ਗੋਬਿੰਦ ਜੀ ਦੇ ਸੀਤਲਾ ਤੋਂ ਅਰੋਗ ਹੋਣ ਤੇ ਸ਼ੁਕਰਾਨੇ ਵੱਜੋ ਇਹ ਸ਼ਬਦ ਉਚਾਰਿਆ ਹੈ।ਸੀਤਲਾ ਦੇ ਕਾਰਣ ਗੁਰ ਸਿੱਖਾਂ ਅਤੇ ਮਾਤ ਗੰਗਾ ਜੀ ਦੀਆਂ ਸਹੇਲੀਆਂ ਅੰਦਰ ਚਿੰਤਾ ਤੇ ਬੇਚੈਨੀ ਸੀ।ਹੇ ਭਾਈ!) ਪੂਜਨੀਕ ਪੂਰੇ ਸਤਿਗੁਰੂ ਨੇ (ਗੁਰਸਿੱਖਾਂ ਦੇ ਹਿਰਦਿਆਂ ਅੰਦਰ) ਸ਼ਾਂਤੀ ਪਾ ਦਿਤੀ ਹੈ।(ਜਿਸ ਦਾ ਸਦਕਾ ਉਨ੍ਹਾਂ ਦੇ ਅੰਦਰ) ਸੁਖ ਪੈਦਾ ਹੋ ਗਏ ਹਨ ਅਤੇ (ਨਾਮ ਬਾਣੀ ਦੇ) ਇਕ ਰਸ ਵਾਜੇ ਵੱਜਣ ਲਗ ਪਏ ਹਨ।੧।ਰਹਾਉ।(ਹੇ ਭਾਈ! ਗੁਰਸਿੱਖਾਂ ਦੇ) ਤਿੰਨੇ ਤਾਪ, ਪਾਪ ਅਤੇ ਦੁਖ ਕਲੇਸ਼ ਨਾਸ਼ ਹੋ ਗਏ ਹਨ।ਹਰੀ ਦਾ ਨਾਮ ਸਿਮਰਦਿਆਂ (ਉਨ੍ਹਾਂ ਦੇ) ਸਾਰੇ ਪਾਪ ਨਾਸ਼ ਹੋ ਗਏ ਹਨ।੧।ਹੇ ਸੁੰਦਰ (ਗੁਰਸਿੱਖ) ਇਸਤ੍ਰੀਓ! ਆਪਸ ਵਿਚ ਮਿਲ ਕੇ ਖੁਸ਼ੀ ਮਨਾਓ।(ਕਿਉਂਕਿ) ਗੁਰੂ ਨਾਨਕ ਨੇ ਮੇਰੀ ਲਾਜ ਸਵਾਰ ਦਿਤੀ ਹੈ।੨।੩।੨੧।

ਪਦਾਰਥ = ਸਾਂਤਿ–ਸ਼ਾਂਤੀ; ਮਾਨਸਕ ਠੰਢ।ਗੁਰਿ ਸਤਿਗੁਰਿ–ਪੂਜਨੀਕ ਸਤਿਗੁਰੂ ਨੇ।ਉਪਜੇ–ਪੈਦਾ ਹੋ ਗਏ।ਬਾਜੇ–ਵੱਜਣ ਲਗ ਪਏ।ਅਨਹਦ–ਇਕ ਰਸ; ਲਗਾਤਾਰ।ਤੂਰੇ–ਵਾਜੇ।੧।ਰਹਾਉ।ਤਾਪ–ਆਧ ਬਿਆਧ ਤੇ ਉਪਾਧ ਰੋਗ।ਸੰਤਾਪ–ਦੁਖ ਕਲੇਸ਼।ਬਿਨਾਸੇ–ਨਾਸ਼ ਹੋ ਗਏ।ਸਿਮਰਤ–ਸਿਮਰਦਿਆਂ।ਕਿਲਵਿਖ–ਪਾਪ।ਨਾਸੇ–ਨਾਸ਼ ਹੋ ਗਏ।੧।ਅਨਦ ਕਰਹੁ–ਅਨੰਦ ਕਰੋ (ਖੁਸ਼ੀ ਮਨਾਓ)। ਮਿਲਿ–ਮਿਲ ਕੇ।ਸੁੰਦਰ ਨਾਰੀ–ਹੇ ਸੁੰਦਰ (ਗੁਰਸਿੱਖ) ਇਸਤ੍ਰੀਓ! (ਹੇ ਸੁੰਦਰ ਸਤਸੰਗੀਓ)!।ਗੁਰਿ ਨਾਨਕਿ–ਗੁਰੂ ਨਾਨਕ ਦੇਵ ਜੀ ਨੇ।ਪੈਜ ਸਵਾਰੀ–ਪੈਜ ਸਵਾਰ ਦਿਤੀ (ਇੱਜਤ ਰੱਖ ਲਈ, ਬਾਲਕ ਦਾ ਰੋਗ ਦੂਰ ਕਰ ਦਿਤਾ ਹੈ)।੨।੩।੨੧।

ਬਿਲਾਵਲੁ ਮਹਲਾ ੫ ॥ ਮਮਤਾ ਮੋਹ ਧ੍ਰੋਹ ਮਦਿ ਮਾਤਾ, ਬੰਧਨਿ ਬਾਧਿਆ ਅਤਿ ਬਿਕਰਾਲ ॥ ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ, ਫਾਹੀ ਫਾਥਾ ਜਮ ਕੈ ਜਾਲ ॥੧॥ ਤੇਰੀ ਸਰਣਿ ਪ੍ਰਭ ਦੀਨ ਦਇਆਲਾ ॥ ਮਹਾ ਬਿਖਮ ਸਾਗਰੁ ਅਤਿ ਭਾਰੀ, ਉਧਰਹੁ ਸਾਧੂ ਸੰਗਿ ਰਵਾਲਾ ॥੧॥ਰਹਾਉ॥ ਪ੍ਰਭ ਸੁਖ ਦਾਤੇ ਸਮਰਥ ਸੁਆਮੀ, ਜੀਉ ਪਿੰਡੁ ਸਭੁ ਤੁਮਰਾ ਮਾਲ ॥ ਭਰਮ ਕੇ ਬੰਧਨ ਕਾਟਹੁ ਪਰਮੇਸਰ ,ਨਾਨਕ ਕੇ ਪ੍ਰਭ ਸਦਾ ਕ੍ਰਿਪਾਲ ॥੨॥੪॥੨੨॥ (ਹੇ ਭਾਈ! ਮਨੁੱਖ ਪਦਾਰਥਾਂ ਦੀ) ਮਮਤਾ, ਸਬੰਧੀਆਂ ਦੇ ਮੋਹ ਤੇ ਛਲ ਦੇ ਨਸ਼ੇ ਵਿਚ ਮਸਤ ਹੋਇਆ (ਇਨ੍ਹਾਂ ਵਿਕਾਰਾਂ ਦੇ) ਬੰਧਨਾਂ ਵਿਚ ਬੰਨ੍ਹਿਆ ਹੋਇਆ ਬਹੁਤ ਭਿਆਨਕ ਦਿਸਦਾ ਹੈ।ਹਰੇਕ ਦਿਨ ਵਿਕਾਰ ਕਰਦਿਆਂ (ਇਸ ਦੀ) ਉਮਰ ਘਟਦੀ ਜਾਂਦੀ ਹੈ, ਵਾਸ਼ਨਾ ਦੀ ਫਾਹੀ ਵਿਚ ਫਸਿਆ ਹੋਇਆ (ਅੰਤ ਸਮੇਂ) ਜਮਾਂ ਦੇ ਜਾਲ ਵਿਚ ਜਾ ਫਸਦਾ ਹੈ।੧।ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ।(ਇਹ) ਸੰਸਾਰ ਸਮੁੰਦਰ ਬਹੁਤ ਵੱਡਾ ਹੈ, (ਜਿਸ ਤੋਂ ਤਰਨਾ) ਕਠਨ ਹੈ, ਸਾਧ ਸੰਗਤ ਵਿਚ ਗੁਰੂ ਦੀ ਚਰਨ ਧੂੜ ਦੇ ਕੇ (ਮੈਨੂੰ ਇਸ ਤੋਂ) ਤਾਰ ਲਵੋ।੧।ਰਹਾਉ।ਹੇ ਸੁਖਾਂ ਦੇ ਦਾਤੇ! ਹੇ ਸਰਬ ਸ਼ਕਤੀਮਾਨ ਮਾਲਕ ਪ੍ਰਭੂ! ਮੇਰੀ ਜਿੰਦ ਜਾਨ, ਸਰੀਰ ਅਤੇ ਧਨ ਸੰਪਦਾ ਆਦਿ ਸਭ ਤੇਰਾ ਬਖਸ਼ਿਆ ਹੋਇਆ ਹੈ।ਹੇ ਨਾਨਕ ਦੇ ਸਦਾ ਕ੍ਰਿਪਾਲੂ ਪ੍ਰਭੂ! (ਕ੍ਰਿਪਾ ਕਰਕੇ ਮੇਰੇ) ਭਰਮ ਦੇ ਭੰਧਨ ਕਟ ਦਿਓ ਜੀ।੨।੪।੨੨।

ਪਦਾਰਥ = ਮਮਤਾ–ਮੈਂ ਮੇਰੀ; ਅਪਣੱਤ।ਧ੍ਰੋਹ–ਛਲ।ਮਦਿ ਮਾਤਾ–ਨਸ਼ੇ ਵਿਚ ਮਸਤ।ਬੰਧਨਿ ਬਾਧਿਆ–ਬੰਧਨਾਂ ਵਿਚ ਬੰਨ੍ਹਿਆ। ਅਤਿ–ਬਹੁਤ।ਬਿਕਰਾਲ–ਭਿਆਨਕ।ਦਿਨੁ ਦਿਨੁ–ਹਰੇਕ ਦਿਨ।ਛਿਜਤ–ਘਟਦੀ ਹੈ।ਕਰਤ–ਕਰਦਿਆਂ।ਅਉਧ–ਉਮਰ।ਫਾਥਾ–ਫਸਿਆ ਹੋਇਆ।ਜਮ ਕੈ–ਜਮਾਂ ਦੇ।੧।ਪ੍ਰਭ–ਹੇ ਪ੍ਰਭੂ!।ਦਇਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!।ਮਹਾ ਬਿਖਮ–ਬਹੁਤ ਔਖਾ।ਸਾਗਰੁ–ਸੰਸਾਰ ਸਮੁੰਦਰ।ਉਧਰਹੁ–ਤਾਰ ਲਵੋ।ਰਵਾਲਾ–ਚਰਨ ਧੂੜ।੧।ਰਹਾਉ।ਸਮਰਥ ਸੁਆਮੀ–ਹੇ ਸਰਬ ਸ਼ਕਤੀ ਮਾਨ ਪ੍ਰਭੂ!।ਜੀਉ–ਜਿੰਦ ਜਾਨ।ਪਿੰਡੁ–ਸਰੀਰ।ਤੁਮਰਾ–ਤੇਰਾ।ਮਾਲ–ਧਨ ਸੰਪਦਾ।ਕਾਟਹੁ–ਕੱਟ ਦਿਓ।੨।੪।੨੨।

ਬਿਲਾਵਲੁ ਮਹਲਾ ੫ ॥ ਸਗਲ ਅਨੰਦੁ ਕੀਆ ਪਰਮੇਸਰਿ, ਅਪਣਾ ਬਿਰਦੁ ਸਮ੍ਾਰਿਆ ॥ ਸਾਧ ਜਨਾ ਹੋਏ ਕਿਰਪਾਲਾ, ਬਿਗਸੇ ਸਭਿ ਪਰਵਾਰਿਆ ॥੧॥ (ਹੇ ਭਾਈ!) ਪ੍ਰਮੇਸਰ ਨੇ ਸਾਰਾ ਅਨੰਦ ਪੈਦਾ ਕਰ ਦਿਤਾ ਹੈ, (ਪ੍ਰਭੂ ਨੇ ਇਹ) ਅਪਣਾ ਬਿਰਦ ਸੰਭਾਲਿਆ ਹੈ। (ਪ੍ਰਭੂ ਅਪਣੇ) ਸਾਧੂ ਜਨਾਂ ਉਤੇ ਮੇਹਰਵਾਨ ਹੋਇਆ ਹੈ, (ਜਿਸ ਕਰਕੇ ਸਾਡੇ) ਪ੍ਰਵਾਰ ਦੇ ਸਾਰੇ ਜੀਅ ਪ੍ਰਸੰਨ ਹੋ ਗਏ ਹਨ।੧।

ਅੰਗ ੮੦੭ = ਕਾਰਜੁ ਸਤਿਗੁਰਿ ਆਪਿ ਸਵਾਰਿਆ ॥ ਵਡੀ ਆਰਜਾ ਹਰਿਗੋਬਿੰਦ ਕੀ, ਸੂਖ ਮੰਗਲ ਕਲਿਆਣ ਬੀਚਾਰਿਆ ॥੧॥ਰਹਾਉ॥ ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ, ਸਗਲੇ ਜੀਅ ਸਾਧਾਰਿਆ ॥ ਮਨ ਇਛੇ ਨਾਨਕ ਫਲ ਪਾਏ, ਪੂਰਨ ਇਛ ਪੁਜਾਰਿਆ ॥੨॥੫॥੨੩॥ (ਹੇ ਭਾਈ! ਚੇਚਕ ਦਾ ਰੋਗ ਦੂਰ ਕਰਨ ਲਈ ਲੋਕ ਸੀਤਲਾ ਮਾਤਾ ਦੀ ਪੂਜਾ ਕਰਦੇ ਹਨ, ਪਰ ਹਰਿਗੋਬਿੰਦ ਜੀ ਨੂੰ ਚੇਚਕ ਦੇ ਤਾਪ ਤੋਂ ਅਰੋਗ ਕਰਨ ਦਾ) ਕੰਮ ਸਤਿਗੁਰੂ ਨੇ ਆਪ ਸਵਾਰ ਦਿਤਾ ਹੈ।(ਅਤੇ ਬਾਲਕ) ਹਰਿਗੋਬਿੰਦ ਦੀ ਉਮਰ ਵੱਡੀ ਕਰ ਦਿਤੀ ਹੈ ਅਤੇ ਸਾਡੇ ਸੁਖ ਅਨੰਦ ਤੇ ਖੁਸ਼ੀਆਂ ਦੇਣ ਦਾ ਖਿਆਲ ਰੱਖਿਆ ਹੈ।੧।ਰਹਾਉ।ਜੰਗਲ, ਘਾਹ ਦੇ ਤੀਲੇ ਤੇ ਤਿੰਨਾਂ ਭਵਨਾਂ ਦੇ ਜੀਵ ਹਰੇ ਭਰੇ ਹੋ ਗਏ (ਸੁਖੀ ਹੋ ਗਏ) ਅਤੇ ਸਾਰੇ ਜੀਵਾਂ ਨੂੰ ਆਸਰੇ ਸਹਿਤ ਕਰ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ

ਅਸੀਂ ਮਨ ਇੱਛਤ ਫਲ ਪਾ ਲਏ ਹਨ ਅਤੇ (ਗੁਰੂ ਨੇ ਸਾਡੀ) ਇੱਛਾ ਪੂਰਨ ਤੌਰ ਤੇ ਪੂਰੀ ਕਰ ਦਿਤੀ ਹੈ।੨।੫।੨੩।

ਪਦਾਰਥ = ਸਗਲ–ਸਾਰਾ (ਪੂਰਨ)।ਕੀਆ–ਪੈਦਾ ਕੀਤਾ ਹੈ।ਪਰਮੇਸਰਿ–ਪ੍ਰਮੇਸਰ ਨੇ।ਬਿਰਦੁ–ਮੁੱਢ ਤੋਂ ਚਲਿਆ ਆਉਂਦਾ ਸੁਭਾਉ। ਸਮ੍ਾਰਿਆ–ਸੰਭਾਲਿਆ; ਚੇਤੇ ਰੱਖਿਆ।ਸਾਧ ਜਨਾ–ਸੰਤ ਜਨਾਂ ਉਤੇ।ਕਿਰਪਾਲਾ–ਮੇਹਰਵਾਨ।ਬਿਗਸੇ–ਪ੍ਰਸੰਨ ਹੋਏ।ਪਰਵਾਰਿਆ–ਪ੍ਰਵਾਰ ਦੇ ਸਾਰੇ ਜੀਵ।੧।ਕਾਰਜੁ–ਕੰਮ।ਸਤਿਗੁਰਿ–ਸਤਿਗੁਰੂ ਨੇ।ਸਵਾਰਿਆ–ਸਵਾਰ (ਪੂਰਾ ਕਰ) ਦਿਤਾ।ਵਡੀ ਆਰਜਾ–ਲੰਬੀ ਉਮਰ।ਮੰਗਲ–ਅਨੰਦ; ਖੁਸ਼ੀਆਂ।ਬੀਚਾਰਿਆ–ਖਿਆਲ ਰੱਖਿਆ।੧।ਰਹਾਉ।ਵਣ–ਜੰਗਲ।ਤ੍ਰਿਣ–ਘਾਹ ਦੇ ਤੀਲੇ।ਤ੍ਰਿਭਵਣ–ਤਿੰਨੇ ਭਵਨ (ਸਾਰਾ ਸੰਸਾਰ)।ਹਰਿਆ–ਹਰੇ ਭਰੇ।ਸਗਲੇ–ਸਾਰੇ।ਜੀਅ–ਜੀਵ।ਸਾਧਾਰਿਆ–ਆਸਾਰੇ ਸਹਿਤ ਕਰ ਦਿਤਾ।ਪਾਏ–ਪਾ ਲਏ।ਪੂਰਨ–ਪੂਰਨ ਤੌਰ ਤੇ।ਪੁਜਾਰਿਆ–ਪੂਰੀ ਕਰ ਦਿਤੀ।੨।੫।੨੩।

ਬਿਲਾਵਲੁ ਮਹਲਾ ੫ ॥ ਜਿਸੁ ਊਪਰਿ ਹੋਵਤ ਦਇਆਲੁ ॥ ਹਰਿ ਸਿਮਰਤ ਕਾਟੈ ਸੋ ਕਾਲੁ ॥੧॥ਰਹਾਉ॥ ਸਾਧ ਸੰਗਿ ਭਜੀਐ ਗੋਪਾਲੁ ॥ ਗੁਨ ਗਾਵਤ ਤੂਟੈ ਜਮ ਜਾਲੁ ॥੧॥ ਆਪੇ ਸਤਿਗੁਰੁ ਆਪੇ ਪ੍ਰਤਿਪਾਲ ॥ ਨਾਨਕੁ ਜਾਚੈ ਸਾਧ ਰਵਾਲ ॥੨॥੬॥੨੪॥ (ਹੇ ਭਾਈ!) ਜਿਸ ਮਨੁੱਖ ਉਪਰ ਪ੍ਰਭੂ ਦਇਆਲ ਹੁੰਦਾ ਹੈ।ਉਹ ਮਨੁੱਖ ਹਰੀ ਦਾ ਨਾਮ ਸਿਮਰਦਿਆਂ ਚੰਗਾ ਸਮਾਂ ਬਤੀਤ ਕਰਦਾ ਹੈ; ਕਾਲ ਨੂੰ ਕੱਟ ਲੈਂਦਾ (ਅਮਰ ਹੋ ਜਾਂਦਾ) ਹੈ।੧।ਰਹਾਉ।(ਹੇ ਭਾਈ!) ਸਾਧ ਸੰਗਤ ਵਿਚ ਪਿਥਵੀ ਦੇ ਮਾਲਕ ਨੂੰ ਜਪਣਾ ਚਾਹੀਦਾ ਹੈ।ਹਰੀ ਦੇ ਗੁਣ ਗਾਉਦਿਆਂ ਜਮਾਂ ਦਾ ਜਾਲ ਟੁੱਟ ਜਾਂਦਾ ਹੈ।੧।ਪ੍ਰਭੂ ਆਪੇ ਸਤਿਗੁਰੂ ਰੂਪ ਹੈ ਅਤੇ ਉਹ ਆਪ ਹੀ ਜੀਵਾਂ ਪਾਲਣਾ ਕਰਦਾ ਹੈ।ਨਾਨਕ ਸਾਧੂਆਂ ਦੀ ਚਰਨ ਧੂੜ ਮੰਗਦਾ ਹੈ।੨।੬।੨੪।

ਪਦਾਰਥ = ਹੋਵਤ–ਹੁੰਦਾ ਹੈ।ਦਇਆਲੁ–ਮੇਹਰਵਾਨ।ਸਿਮਰਤ–ਸਿਮਰਦਿਆਂ।ਕਾਟੈ–ਕੱਟਦਾ ਹੈ; ਬਤੀਤ ਕਰਦਾ ਹੈ।ਸੋ–ਉਹ। ਕਾਲੁ–ਸਮਾਂ; ਮੌਤ ਨੂੰ।੧।ਰਹਾਉ।ਸਾਧ ਸੰਗਿ–ਸਾਧ ਸੰਗਤ ਵਿਚ।ਭਜੀਐ–ਜਪਣਾ ਚਾਹੀਦਾ ਹੈ।ਗੋਪਾਲੁ–ਸ੍ਰਿਸਟੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਭੂ।ਗਾਵਤ–ਗਾਉਂਦਿਆਂ।ਜਮ ਜਾਲੁ–ਜਮਾਂ ਦਾ ਜਾਲ।੧।ਆਪੇ–ਆਪ ਹੀ।ਪ੍ਰਤਿਪਾਲ–ਪਾਲਣਾ ਕਰਦਾ ਹੈ ।ਜਾਚੈ–ਮੰਗਦਾ ਹੈ।ਸਾਧ ਰਵਾਲ–ਸਾਧੂਆਂ ਦੀ ਚਰਨ ਧੂੜ।੨।੬।੨੪।

ਬਿਲਾਵਲੁ ਮਹਲਾ ੫ ॥ ਮਨ ਮਹਿ ਸਿੰਚਹੁ ਹਰਿ ਹਰਿ ਨਾਮ ॥ ਅਨਦਿਨੁ ਕੀਰਤਨੁ ਹਰਿ ਗੁਣ ਗਾਮ ॥੧॥ ਐਸੀ ਪ੍ਰੀਤਿ ਕਰਹੁ ਮਨ ਮੇਰੇ ॥ ਆਠ ਪਹਰ ਪ੍ਰਭ ਜਾਨਹੁ ਨੇਰੇ ॥੧॥ਰਹਾਉ॥ ਕਹੁ ਨਾਨਕ ਜਾ ਕੇ ਨਿਰਮਲ ਭਾਗ ॥ ਹਰਿ ਚਰਨੀ ਤਾ ਕਾ ਮਨੁ ਲਾਗ ॥੨॥੭॥੨੫॥ (ਹੇ ਭਾਈ! ਅਪਣੇ) ਮਨ ਵਿਚ ਹਰਿ ਹਰਿ ਨਾਮ ਦਾ ਅੰਮ੍ਰਿਤ ਸਿੰਜੋ।ਹਰ ਰੋਜ ਹਰੀ ਦੇ ਗੁਣਾਂ ਦਾ ਕੀਰਤਨ ਗਾਓ।੧।ਹੇ ਮੇਰੇ ਮਨ! ਇਹੋ ਜਿਹੀ ਪ੍ਰੀਤ ਕਰੋ ਕਿ ਅੱਠੇ ਪਹਰ ਪ੍ਰਭੂ ਨੂੰ ਅਪਣੇ ਨੇੜੇ ਵਸਦਾ ਜਾਣੋ।੧।ਰਹਾਉ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ (ਮੱਥੇ ਉਤੇ) ਉਜਲ ਭਾਗ ਹਨ।ਉਸ ਦਾ ਮਨ ਹਰੀ ਦੇ ਚਰਨਾਂ ਵਿਚ ਲਗਦਾ (ਜੁੜਦਾ) ਹੈ।੨।੭।੨੫।

ਪਦਾਰਥ = ਮਨ ਮਹਿ–ਮਨ ਵਿਚ।ਸਿੰਚਹੁ–ਸਿੰਜੋ (ਤਰ ਕਰੋ); ਛਿੜਕੋ; ਇਕੱਠਾ ਕਰੋ।ਅਨਦਿਨੁ–ਹਰ ਰੋਜ।ਗਾਮ–ਗਾਓ।੧। ਕਰਹੁ–ਕਰੋ।ਮਨ–ਹੇ ਮਨ!।ਆਠ ਪਹਰ–ਅੱਠੇ ਪਹਿਰ (ਸਦਾ)।ਜਾਨਹੁ ਨੇਰੇ–ਨੇੜੇ ਜਾਣੋ; ਅੰਗ ਸੰਗ ਸਮਝੋ।੧।ਰਹਾਉ।ਜਾ ਕੇ–ਜਿਸ ਦੇ।ਨਿਰਮਲ–ਉਜਲ।ਭਾਗ–ਕਿਸਮਤ।ਚਰਨੀ–ਚਰਨਾਂ ਵਿਚ।ਤਾ ਕਾ–ਉਸ ਦਾ।ਲਾਗ–ਲਗਦਾ (ਜੁੜਦਾ) ਹੈ।੨।੭।੨੫।

ਬਿਲਾਵਲੁ ਮਹਲਾ ੫ ॥ ਰੋਗੁ ਗਇਆ ਪ੍ਰਭਿ ਆਪਿ ਗਵਾਇਆ ॥ ਨੀਦ ਪਈ ਸੁਖ ਸਹਜ ਘਰੁ ਆਇਆ ॥੧॥ਰਹਾਉ॥ ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥ ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ ॥੧॥ ਨਾਨਕ ਗੁਰ ਪੂਰੇ ਸਰਨਾਈ ॥ ਜਿਨਿ ਅਪਨੇ ਨਾਮ ਕੀ ਪੈਜ ਰਖਾਈ ॥੨॥੮॥੨੬॥ (ਹੇ ਭਾਈ! ਗੁਰਮੁਖਾਂ ਦਾ ਹਉਮੈ ਦਾ) ਰੋਗ ਮਿਟ ਗਿਆ, (ਇਹ ਰੋਗ) ਪ੍ਰਭੂ ਨੇ ਆਪ ਹੀ ਦੂਰ ਕਰ ਦਿਤਾ ਹੈ।(ਰੋਗ ਮਿਟਣ ਕਰਕੇ ਮਨ ਨੂੰ) ਸ਼ਾਂਤੀ ਰੂਪ ਨੀਂਦ ਆ ਪਈ ਹੈ ਅਤੇ ਸਹਿਜ ਸੁਖ ਦਾ ਘਰ ਪ੍ਰਾਪਤ ਹੋ ਆਇਆ ਹੈ।੧। ਰਹਾਉ।ਹੇ ਮੇਰੇ ਭਾਈ! (ਤੁਸੀਂ) ਨਾਮ ਰੂਪ ਭੋਜਨ ਰੱਜ ਰੱਜ ਕੇ ਖਾਵੋ।ਅਤੇ ਅੰਮ੍ਰਿਤ ਨਾਮ ਨੂੰ ਹਿਰਦੇ ਵਿਚ ਧਿਆਇਆ ਕਰੋ।੧। ਨਾਨਕ ਪੂਰੇ ਗੁਰੂ ਦੀ ਸ਼ਰਨ ਵਿਚ ਪਿਆ ਹੈ।ਜਿਸ ਨੇ ਅਪਣੇ ਨਾਮ ਦੀ ਪੈਜ ਰੱਖੀ ਹੈ।੨।੮।੨੬।(ਇਹ ਸ਼ਬਦ ਬਾਲਕ ਹਰਿ ਗੋਬਿੰਦ ਸਾਹਿਬ ਦੇ ਰੋਗ ਮਿਟ ਜਾਣ ਦੇ ਸਬੰਧ ਵਿਚ ਉਚਾਰਿਆ ਦਸਿਆ ਜਾਂਦਾ ਹੈ)।

ਪਦਾਰਥ = ਪ੍ਰਭਿ ਆਪਿ–ਪ੍ਰਭੂ ਨੇ ਆਪ ਹੀ।ਨੀਦ–ਨੀਂਦ (ਸ਼ਾਂਤੀ)।ਸੁਖ ਸਹਜ–ਕੁਦਰਤੀ ਅਸਲੀ ਸੁਖ।ਘਰੁ–ਟਿਕਾਣਾ; ਅਵਸਥਾ ।੧।ਰਹਾਉ।ਰਜਿ ਰਜਿ–ਰੱਜ ਰੱਜ ਕੇ।ਖਾਵਹੁ–ਖਾਓ।ਭਾਈ–ਹੇ ਭਾਈ!।ਰਿਦ ਮਾਹਿ–ਹਿਰਦੇ ਵਿਚ।ਧਿਆਈ–ਸਿਮਰਿਆ ਕਰ। ੧।ਸਰਨਾਈ–ਸ਼ਰਨ ਵਿਚ।ਜਿਨਿ–ਜਿਸ ਨੇ।ਪੈਜ ਰਖਾਈ–ਲਾਜ ਰੱਖੀ ਹੈ।੨।੮।੨੬।

ਉਥਾਨਕਾ = ਪ੍ਰਿਥੀ ਚੰਦ ਜਦ ਸੁਲਹੀ ਖਾਨ ਨੂੰ ਅੰਮ੍ਰਿਤਸਰ ਉਤੇ ਚੜ੍ਹਾ ਕੇ ਲਿਆਇਆ ਤੇ ਸੁਲਹੀ ਖਾਨ ਪ੍ਰਿਥੀਏ ਦੇ ਭੱਠੇ ਵਿਚ ਸੜ ਮੋਇਆ। ਉਸ ਵਕਤ ਗੁਰੂ ਅਰਜਨ ਦੇਵ ਜੀ ਨੇ ਸ਼ੁਕਰਾਨੇ ਵੱਜੋਂ ਇਹ ਸ਼ਬਦ ਉਚਾਰਿਆ।

ਬਿਲਾਵਲੁ ਮਹਲਾ ੫ ॥ ਸਤਿਗੁਰ ਕਰਿ ਦੀਨੇ, ਅਸਥਿਰ ਘਰ ਬਾਰ ॥ਰਹਾਉ॥ ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ, ਤਿਸੁ ਆਗੈ ਹੀ ਮਾਰੈ ਕਰਤਾਰ ॥੧॥ ਨਾਨਕ ਦਾਸ ਤਾ ਕੀ ਸਰਨਾਈ, ਜਾ ਕੋ ਸਬਦੁ ਅਖੰਡ ਅਪਾਰ ॥੨॥੯॥੨੭॥ (ਪ੍ਰਭੂ ਨੇ) ਸਤਿਗੁਰੂ ਦੇ ਘਰ ਬਾਰ (ਪਰਵਾਰ; ਹਰਿਮੰਦਰ ਸਾਹਿਬ; ਸਾਧ ਸੰਗਤ ਆਦਿ ਸਭ) ਸਦਾ ਕਾਇਮ ਰਹਿਣ ਵਾਲੇ ਕਰ ਦਿਤੇ ਹਨ। ਰਹਾਉ। ਜੋ ਜੋ ਵੀ ਮਨੁੱਖ ਇਨ੍ਹਾਂ (ਗੁਰੂ ਦੇ) ਘਰਾਂ ਦੀ ਨਿੰਦਾ ਕਰਦਾ ਹੈ, (ਨੁਕਸਾਨ ਪਹੁੰਚਾਉਣ ਤੋਂ) ਪਹਿਲਾਂ ਹੀ ਉਸ ਨੂੰ ਕਰਤਾਰ ਮਾਰ ਦੇਂਦਾ ਹੈ ।੧। ਦਾਸ ਨਾਨਕ ਉਸ ਦੀ ਸ਼ਰਨ ਵਿਚ ਪਿਆ ਹੈ, ਜਿਸ ਦਾ ਹੁਕਮ ਅਟੱਲ ਹੈ ਅਤੇ ਬੇਅੰਤ ਹੈ।੨।੯।੨੭।

ਪਦਾਰਥ = ਕਰਿ ਦੀਨੇ-ਕਰ ਦਿਤੇ। ਘਰ ਬਾਰ-ਘਰ ਪ੍ਰਵਾਰ; ਹਰਿਮੰਦਰ ਸਾਹਿਬ; ਸਾਧ ਸੰਗਤ। ਅਸਥਿਰ-ਸਦਾ ਕਾਇਮ ਰਹਿਣ ਵਾਲੇ; ਅਟੱਲ। ਰਹਾਉ। ਨਿੰਦ-ਨਿੰਦਿਆ। ਇਨ ਗ੍ਰਿਹਨ ਕੀ-ਇਨ੍ਹਾਂ ਘਰਾਂ ਦੀ; ਗੁਰੂ ਦੇ ਅਸਥਾਨਾਂ ਦੀ। ਆਗੈ ਹੀ-ਪਹਿਲਾਂ ਹੀ। ਤਾ ਕੀ-ਉਸ ਦੀ। ਜਾ ਕੋ-ਜਿਸ ਦਾ। ਸਬਦੁ-ਹੁਕਮ। ਅਖੰਡ-ਅਟੱਲ; ਨਾਸ਼ ਰਹਿਤ। ਅਪਾਰ-ਬੇਅੰਤ।੨।੯।੨੭।

ਬਿਲਾਵਲੁ ਮਹਲਾ ੫ ॥ ਤਾਪ ਸੰਤਾਪ ਸਗਲੇ ਗਏ, ਬਿਨਸੇ ਤੇ ਰੋਗ ॥ ਪਾਰਬ੍ਰਹਮਿ ਤੂ ਬਖਸਿਆ, ਸੰਤਨ ਰਸ ਭੋਗ ॥ਰਹਾਉ॥ ਸਰਬ ਸੁਖਾ ਤੇਰੀ ਮੰਡਲੀ, ਤੇਰਾ ਮਨੁ ਤਨੁ ਆਰੋਗ ॥ ਗੁਨ ਗਾਵਹੁ ਨਿਤ ਰਾਮ ਕੇ, ਇਹ ਅਵਖਦ ਜੋਗ ॥੧॥ ਆਇ ਬਸਹੁ ਘਰ ਦੇਸ ਮਹਿ, ਇਹ ਭਲੇ ਸੰਜੋਗ ॥ ਨਾਨਕ ਪ੍ਰਭ ਸੁਪ੍ਰਸੰਨ ਭਏ, ਲਹਿ ਗਏ ਬਿਓਗ ॥੨॥੧੦॥੨੮॥ (ਹੇ ਬਾਲਕ ਹਰਿਗੋਬਿੰਦ ਸਾਹਿਬ! ਤੇਰੇ) ਸਾਰੇ ਤਾਪ ਤੇ ਦੁੱਖ ਕਲੇਸ਼ ਚਲੇ ਗਏ ਹਨ ਅਤੇ ਸੀਤਲਾ ਵਰਗੇ ਉਹ ਰੋਗ ਵੀ ਨਾਸ਼ ਹੋ ਗਏ ਹਨ। ਪਾਰਬ੍ਰਹਮ ਨੇ ਤੇਰੇ ਉਤੇ ਬਖਸ਼ਿਸ ਕੀਤੀ ਹੈ, (ਹੁਣ ਤੂੰ) ਸੰਤਾਂ ਵਾਲੇ (ਰੁਹਾਨੀ) ਅਨੰਦ ਮਾਣ; ਸੰਤਾਂ ਨਾਲ ਮਿਲ ਕੇ ਨਾਮ ਸਿਮਰਨ ਦਾ ਅਨੰਦ ਮਾਣ। ਰਹਾਉ। ਤੇਰਾ ਮਨ ਤੇ ਸਰੀਰ ਅਰੋਗ ਹੋਣ ਕਰਕੇ ਤੇਰੀ ਮੰਡਲੀ (ਸਿੱਖ ਸੰਗਤਾਂ) ਨੂੰ ਸਾਰੇ ਸੁੱਖ ਪ੍ਰਾਪਤ ਹੋ ਗਏ ਹਨ। (ਤੁਸੀਂ ਸਾਰੇ ਮਿਲ ਕੇ) ਹਰ ਰੋਜ ਪ੍ਰਭੂ ਦੇ ਗੁਣ ਗਾਵੋ, ਇਹ ਦਵਾਈ (ਹਰੇਕ ਰੋਗ ਦੂਰ ਕਰਨ ਦੇ) ਜੋਗ ਹੈ।੧। (ਹੇ ਹਰਿਗੋਬਿੰਦ! ਹੁਣ ਵਡਾਲੀ ਤੋਂ) ਅਪਣੇ ਦੇਸ਼ ਘਰ (ਅੰਮ੍ਰਿਤਸਰ ਗੁਰੂ ਕੇ ਮਹਿਲ) ਆ ਕੇ ਵਸ ਜਾਵੋ, (ਅੰਮ੍ਰਿਤਸਰ ਵਿਚ ਵਸਣ ਦੇ) ਇਹ ਚੰਗੇ ਮੌਕੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਜੀ ਬਹੁਤ ਪ੍ਰਸੰਨ ਹੋਏ ਹਨ, (ਜਿਸ ਕਰਕੇ) ਵਿਛੋੜੇ ਲਹਿ (ਦੂਰ ਹੋ) ਗਏ ਹਨ।੨।੧੦।੨੮।

ਪਦਾਰਥ = ਤਾਪ-ਬੁਖਾਰ; ਹਉਮੈ ਆਦਿ ਤਾਪ। ਸੰਤਾਪ-ਦੁਖ ਕਲੇਸ਼। ਸਗਲੇ-ਸਾਰੇ। ਬਿਨਸੇ-ਨਾਸ਼ ਹੋ ਗਏ। ਤੇ-ਉਹ। ਪਾਰਬ੍ਰਹਮਿ -ਪਾਰਬ੍ਰਹਮ ਨੇ। ਰਸ-(ਰੁਹਾਨੀ) ਅਨੰਦ। ਸੰਤਨ-ਸੰਤਾਂ ਵਾਲੇ; ਸੰਤਾਂ ਨਾਲ (ਮਿਲ ਕੇ)। ਭੋਗ-ਮਾਣ। ਰਹਾਉ। ਸਰਬ-ਸਾਰੇ। ਮੰਡਲੀ -ਸਿਖ ਸੰਗਤ ਨੂੰ। ਤਨੁ-ਸਰੀਰ। ਨਿਤ-ਹਰ ਰੋਜ। ਰਾਮ ਕੇ-ਪ੍ਰਭੂ ਦੇ। ਅਵਖਦ-ਦਵਾਈ। ਜੋਗ-ਉਚਿੱਤ (ਠੀਕ); ਲਾਇਕ।੧। ਆਇ ਬਸਹੁ-ਆ ਕੇ ਵਸ ਜਾਓ; ਟਿਕ ਜਾਓ। ਘਰ ਦੇਸ ਮਹਿ-ਅੰਮ੍ਰਿਸਰ ਘਰ ਵਿਚ; ਹਿਰਦੇ ਘਰ ਵਿਚ। ਭਲੇ ਸੰਜੋਗ-ਚੰਗਾ ਮੌਕਾ ।ਭਏ-ਹੋਏ। ਲਹਿ ਗਏ-ਗੂਰ ਹੋ ਗਏ। ਬਿਓਗ-ਵਿਛੋੜੇ।੨।੧੦।੨੮।

ਬਿਲਾਵਲੁ ਮਹਲਾ ੫ ॥ ਕਾਹੂ ਸੰਗਿ ਨ ਚਾਲਹੀ, ਮਾਇਆ ਜੰਜਾਲ ॥ ਊਠਿ ਸਿਧਾਰੇ ਛਤ੍ਰਪਤਿ, ਸੰਤਨ ਕੈ ਖਿਆਲ ॥ਰਹਾਉ॥ ਅਹੰਬੁਧਿ ਕਉ ਬਿਨਸਨਾ, ਇਹ ਧੁਰ ਕੀ ਢਾਲ ॥ ਬਹੁ ਜੋਨੀ ਜਨਮਹਿ ਮਰਹਿ, ਬਿਖਿਆ ਬਿਕਰਾਲ ॥੧॥ ਸਤਿ ਬਚਨ ਸਾਧੂ ਕਹਹਿ ,ਨਿਤ ਜਪਹਿ ਗੁਪਾਲ ॥ ਸਿਮਰਿ ਸਿਮਰਿ ਨਾਨਕ ਤਰੇ, ਹਰਿ ਕੇ ਰੰਗ ਲਾਲ ॥੨॥੧੧॥੨੯॥ (ਹੇ ਭਾਈ!) ਮਾਇਆ ਕਿਸੇ ਦੇ ਨਾਲ ਨਹੀਂ ਚਲਦੀ, (ਇਹ ਮਾਇਆ) ਬੰਧਨ ਰੂਪ ਹੈ। ਸੰਤਾਂ ਦੇ ਵਿਚਾਰ ਹਨ ਕਿ ਛਤ੍ਰਪਤੀ ਰਾਜੇ (ਸੰਸਾਰ ਵਿਚੋਂ ਖਾਲੀ ਹੱਥ) ਉਠ ਕੇ ਚਲੇ ਗਏ। ਰਹਾਉ। (ਹੇ ਭਾਈ!) ਹੰਕਾਰ ਦੀ ਬੁੱਧੀ ਵਾਲੇ ਮਨੁੱਖ ਨੂੰ ਨਾਸ਼ ਹੋਣਾ ਹੀ ਪੈਣਾ ਹੈ, ਇਹ ਧੁਰ ਦੀ ਮਰਿਆਦਾ ਹੈ। (ਜੋ ਮਨੁੱਖ) ਭਿਆਨਕ ਵਿਸ਼ਿਆਂ ਵਿਚ ਗਲਤਾਨ ਹਨ, ਉਹ ਬਹੁਤ ਜੋਨੀਆਂ ਵਿਚ ਜੰਮਦੇ ਮਰਦੇ ਰਹਿੰਦੇ ਹਨ।੧। ਸਾਧੂ ਜਨ ਸੱਚਾ ਬਚਨ ਬੋਲਦੇ ਹਨ ਅਤੇ ਹਰ ਰੋਜ ਪ੍ਰਭੂ ਦਾ ਨਾਮ ਜਪਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਹਰੀ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਰੀ ਦਾ ਨਾਮ ਸਿਮਰ ਸਿਮਰ ਕੇ (ਭਵਜਲ ਤੋਂ) ਤਰ ਗਏ ਹਨ।੨।੧੧।੨੯।

ਪਦਾਰਥ = ਕਾਹੂ ਸੰਗਿ-ਕਿਸੇ ਦੇ ਵੀ ਨਾਲ। ਨ ਚਾਲਹੀ-ਨਹੀਂ ਚਲਦੀ। ਜੰਜਾਲ-ਬੰਧਨ ਰੂਪ। ਊਠਿ ਸਿਧਾਰੇ-ਉਠ ਕੇ ਚਲੇ ਗਏ। ਛਤ੍ਰਪਤਿ-ਛਤ੍ਰਪਤੀ ਰਾਜੇ। ਸੰਤਨ ਕੈ-ਸੰਤਾਂ ਦੇ। ਖਿਆਲ-ਵਿਚਾਰ। ਰਹਾਉ। ਅਹੰਬੁਧਿ ਕਉ-ਹੰਕਾਰ ਦੀ ਬੁੱਧੀ ਵਾਲੇ ਮਨੁੱਖ ਨੂੰ। ਬਿਨਸਨਾ-ਨਾਸ਼ ਹੋਣਾ ਹੀ ਹੈ। ਧੁਰ ਕੀ-ਧੁਰ (ਸ਼ੁਰੂ) ਦੀ। ਢਾਲ-ਰੀਤ; ਮਰਿਆਦਾ। ਬਹੁ ਜੋਨੀ-ਬਹੁਤ ਜੋਨੀਆਂ ਵਿਚ। ਜਨਮਹਿ

ਮਰਹਿ–ਜੰਮਦੇ ਮਰਦੇ ਹਨ। ਬਿਖਿਆ–ਵਿਸ਼ਿਆ। ਬਿਕਰਾਲ–ਭਿਆਨਕ।੧। ਕਹਹਿ–ਕਹਿੰਦੇ ਹਨ। ਨਿਤ–ਹਰ ਰੋਜ। ਗੁਪਾਲ–ਧਰਤੀ ਦੇ ਜੀਵਾਂ ਨੂੰ ਪਾਲਣ ਵਾਲਾ ਪ੍ਰਭੂ। ਤਰੇ–ਤਰ ਗਏ। ਰੰਗ ਲਾਲ–ਪ੍ਰੇਮ ਰੰਗ ਵਿਚ ਰੰਗੇ ਹੋਏ।੨।੧੧।੨੯।

ਬਿਲਾਵਲੁ ਮਹਲਾ ੫ ॥ ਸਹਜ ਸਮਾਧਿ ਅਨੰਦ ਸੂਖ, ਪੂਰੇ ਗੁਰਿ ਦੀਨ ॥ (ਹੇ ਭਾਈ!) ਪੂਰੇ ਟਿਕਾਉ ਵਾਲੀ ਨਿਰਯਤਨ ਸਮਾਧੀ ਦੇ ਸੁਖ ਤੇ ਅਨੰਦ (ਜਿਸ ਮਨੁੱਖ ਨੂੰ) ਪੂਰੇ ਗੁਰੂ ਨੇ ਬਖਸ਼ ਦਿਤੇ ਹਨ।

ਅੰਗ ੮੦੮ = ਸਦਾ ਸਹਾਈ ਸੰਗਿ ਪ੍ਰਭ, ਅੰਮ੍ਰਿਤ ਗੁਣ ਚੀਨ ॥ਰਹਾਉ॥ ਜੈ ਜੈਕਾਰੁ ਜਗਤ੍ਰ ਮਹਿ, ਲੋਚਹਿ ਸਭਿ ਜੀਆ ॥ ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ,ਕਛੁ ਬਿਘਨੁ ਨ ਥੀਆ ॥੧॥ ਜਾ ਕਾ ਅੰਗੁ ਦਇਆਲ ਪ੍ਰਭ, ਤਾ ਕੇ ਸਭ ਦਾਸ ॥ ਸਦਾ ਸਦਾ ਵਡਿਆਈਆ, ਨਾਨਕ ਗੁਰ ਪਾਸਿ ॥੨॥੧੨॥੩੦॥ (ਉਸ ਮਨੁੱਖ ਨੇ) ਪ੍ਰਭੂ ਦੇ ਅੰਮ੍ਰਿਤ ਗੁਣ ਵਿਚਾਰੇ ਹਨ, ਜੋ ਸਦਾ ਸਹਾਈ ਤੇ ਅੰਗ ਸੰਗ ਹੈ। ਰਹਾਉ।(ਇਸੇ ਕਰਕੇ ਉਸ ਮਨੁੱਖ ਦੀ) ਸਾਰੇ ਜਗਤ ਵਿਚ ਜੈ ਜੈ ਕਾਰ ਹੁੰਦੀ ਹੈ, ਸਾਰੇ ਜੀਵ (ਉਸ ਦੇ ਦਰਸ਼ਨ ਕਰਨਾ) ਚਾਹੁੰਦੇ ਹਨ।(ਕਿਉਂਕਿ ਉਸ ਉਤੇ) ਪ੍ਰਭੂ ਰੂਪ ਸਤਿਗੁਰੂ ਚੰਗੀ ਤਰ੍ਹਾਂ ਪ੍ਰਸੰਨ ਹੋਏ ਹਨ, (ਜਿਸ ਕਰਕੇ ਉਸ ਦੇ ਜੀਵਨ ਵਿਚ ਕਦੇ) ਕੋਈ ਬਿਘਨ ਨਹੀਂ ਹੋਇਆ।੧। ਦਇਆ ਦਾ ਸੋਮਾ ਪ੍ਰਭੂ ਜਿਸ ਮਨੁੱਖ ਦਾ ਪੱਖ ਕਰਦਾ ਹੈ, ਸਾਰੇ ਮਨੁੱਖ ਉਸ ਦੇ ਦਾਸ ਬਣ ਜਾਂਦੇ ਹਨ।(ਇਸ ਤਰ੍ਹਾਂ ਦੀਆਂ) ਵਡਿਆਈਆਂ ਗੁਰੂ ਨਾਨਕ ਦੇਵ ਜੀ ਦੇ ਪਾਸ ਸਦਾ ਵਾਸਤੇ ਰਹਿੰਦੀਆਂ ਹਨ (ਜਿਸ ਮਨੁੱਖ ਉਤੇ ਗੁਰੂ ਨਾਨਕ ਦੇਵ ਜੀ ਕਿਰਪਾ ਕਰਨ, ਉਸ ਨੂੰ ਸਦਾ ਵਡਿਆਈਆਂ ਮਿਲਦੀਆਂ ਹਨ)।੨।੧੨।੩੦।

ਪਦਾਰਥ = ਸਹਜ ਸਮਾਧਿ–ਨਿਰਵਿਕਲਪ (ਅਫੁਰ) ਸਮਾਧੀ (ਮਨ ਦੀ ਨਿਰਯਤਨ ਪੂਰੇ ਟਿਕਾਉ ਵਾਲੀ ਅਵਸਥਾ)। ਗੁਰਿ–ਗੁਰੂ ਨੇ। ਦੀਨ–ਦਿਤੇ ਹਨ। ਰਹਾਉ। ਸਹਾਈ–ਸਹਾਇਤਾ ਕਰਨ ਵਾਲਾ। ਸੰਗਿ–ਅੰਗ ਸੰਗ। ਚੀਨ–ਵਿਚਾਰੇ ਹਨ; ਜਾਣੇ ਹਨ। ਰਹਾਉ। ਜੈ ਜੈ ਕਾਰੁ–ਸੋਭਾ; ਵਡਿਆਈ। ਜਗਤ੍ਰ ਮਹਿ–ਜਗਤ ਵਿਚ। ਲੋਚਹਿ–ਚਾਹੁੰਦੇ ਹਨ। ਜੀਆ–ਜੀਵ। ਸੁਪ੍ਰਸੰਨ–ਬਹੁਤ ਖੁਸ਼। ਭਏ–ਹੋਏ। ਥੀਆ–ਹੋਇਆ।੧। ਜਾ ਕਾ–ਜਿਸ ਦਾ। ਅੰਗੁ–ਪੱਖ; ਸਹਾਇਤਾ। ਤਾ ਕੇ–ਉਸ ਦੇ। ਗੁਰ ਪਾਸਿ–ਗੁਰੂ ਦੇ ਕੋਲ।੨।੧੨।੩੦।

ਰਾਗੁ ਬਿਲਾਵਲੁ ਮਹਲਾ ੫ ਘਰੁ ੫ ਚਉਪਦੇ ੧ੳ ਸਤਿਗੁਰ ਪ੍ਰਸਾਦਿ ॥ ਮ੍ਰਿਤ ਮੰਡਲ ਜਗੁ ਸਾਜਿਆ, ਜਿਉ ਬਾਲੂ ਘਰ ਬਾਰ ॥ ਬਿਨਸਤ ਬਾਰ ਨ ਲਾਗਈ, ਜਿਉ ਕਾਗਦ ਬੂੰਦਾਰ ॥੧॥ ਸੁਨਿ ਮੇਰੀ ਮਨਸਾ ਮਨੈ ਮਾਹਿ, ਸਤਿ ਦੇਖੁ ਬੀਚਾਰਿ ॥ ਸਿਧ ਸਾਧਿਕ ਗਿਰਹੀ ਜੋਗੀ, ਤਜਿ ਗਏ ਘਰ ਬਾਰ ॥੧॥ਰਹਾਉ॥ ਜੈਸਾ ਸੁਪਨਾ ਰੈਨਿ ਕਾ, ਤੈਸਾ ਸੰਸਾਰ ॥ ਦ੍ਰਿਸਟਿਮਾਨ ਸਭੁ ਬਿਨਸੀਐ, ਕਿਆ ਲਗਹਿ ਗਵਾਰ ॥੨॥ ਕਹਾ ਸੁ ਭਾਈ ਮੀਤ ਹੈ, ਦੇਖੁ ਨੈਨ ਪਸਾਰਿ ॥ ਇਕਿ ਚਾਲੇ ਇਕਿ ਚਾਲਸਹਿ, ਸਭਿ ਅਪਨੀ ਵਾਰ ॥੩॥ ਜਿਨ ਪੂਰਾ ਸਤਿਗੁਰੁ ਸੇਵਿਆ, ਸੇ ਅਸਥਿਰੁ ਹਰਿ ਦੁਆਰਿ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ ,ਰਾਖੁ ਪੈਜ ਮੁਰਾਰਿ ॥੪॥੧॥੩੧॥ (ਹੇ ਭਾਈ! ਪ੍ਰਭੂ ਨੇ ਜੋ) ਜਗਤ ਰਚਿਆ ਹੈ, ਇਹ ਮਰਨ ਵਾਲੇ ਜੀਵਾਂ ਦਾ ਦੇਸ਼ ਹੈ, (ਇਹ ਐਸਾ ਹੈ) ਜਿਵੇਂ ਬੱਚੇ ਰੇਤ ਦਾ ਘਰ ਬਣਾਉਂਦੇ ਹਨ (ਅਤੇ ਫਿਰ ਢਾਹ ਦੇਂਦੇ ਹਨ); ਇਹ ਜਗਤ ਮਿੱਟੀ ਦਾ ਮੰਡਲ ਹੈ ਅਤੇ ਰੇਤ ਦੇ ਘਰ ਬਾਰ ਵਾਂਗ ਹੈ (ਜੋ ਠਹਿਰ ਨਹੀਂ ਸਕਦਾ। ਗੁ.ਗ੍ਰੰ.ਕੋਸ)। ਜਿਵੇਂ ਪਾਣੀ ਦੀਆਂ ਬੂੰਦਾਂ ਪੈਣ ਨਾਲ ਕਾਗਦ ਛੇਤੀ ਹੀ ਗਲ ਜਾਂਦਾ ਹੈ, (ਇਸੇ ਤਰ੍ਹਾਂ ਇਸ ਜਗਤ ਦੇ) ਨਾਸ਼ ਹੁੰਦਿਆਂ ਦੇਰ ਨਹੀਂ ਲਗਦੀ।੧। ਹੇ ਮੇਰੀ ਬੁੱਧੀ! ਤੂੰ ਸੁਣ, ਮਨ ਵਿਚ ਸੱਚੀ ਗੱਲ ਬਿਚਾਰ ਕੇ ਦੇਖ ਕਿ ਕਰਾਮਾਤੀ ਸਿੱਧ, ਸਾਧਨਾ ਕਰਨ ਵਾਲੇ ਸਾਧੂ ,ਗ੍ਰਿਹਸਤੀ ਅਤੇ ਜੋਗੀ ਅਪਣਾ ਘਰ ਬਾਰ ਛਡ ਕੇ (ਇਸ ਜਗਤ ਤੋਂ ਮਰ ਕੇ) ਚਲੇ ਗਏ।੧। ਰਹਾਉ। ਜਿਸ ਤਰ੍ਹਾਂ ਰਾਤ ਦਾ ਸੁਪਨਾ (ਛਿਨ ਭੰਗਰ) ਹੈ, ਇਸੇ ਤਰ੍ਹਾਂ ਦਾ ਸੰਸਾਰ (ਨਾਸ਼ਵੰਤ) ਹੈ। ਦਿਖਾਈ ਦੇ ਰਿਹਾ ਸਾਰਾ ਸੰਸਾਰ ਨਾਸ਼ਵੰਤ ਹੈ, (ਇਸ ਲਈ) ਹੇ ਮੂਰਖ ਬੰਦੇ! (ਤੂੰ ਨਾਸ਼ਵੰਤ ਸੰਸਾਰ ਨਾਲ) ਕਿਉਂ ਲਗ ਰਿਹਾ ਹੈਂ?।੨।(ਹੇ ਮੂਰਖ ਮਨੁੱਖ! ਤੂੰ ਅਪਣੀਆਂ) ਅੱਖਾਂ ਖੋਲ੍ਹ ਕੇ ਦੇਖ, (ਅੱਜ ਤੇਰੇ) ਉਹ ਭਰਾ ਤੇ ਮਿਤ੍ਰ ਕਿਥੇ ਹਨ? ਕਈ ਜੀਵ (ਇਸ ਸੰਸਾਰ ਵਿਚੋਂ) ਚਲੇ ਗਏ ਹਨ, ਕਈ ਚਲੇ ਜਾਣਗੇ, ਸਭ ਅਪਣੀ ਵਾਰੀ ਆਉਣ ਤੇ ਜਾ ਰਹੇ ਹਨ।੩।(ਹੇ ਭਾਈ!) ਜਿਨ੍ਹਾਂ ਪੁਰਖਾਂ ਨੇ ਪੂਰੇ ਸਤਿਗੁਰੂ ਦੀ ਸੇਵਾ ਕੀਤੀ ਹੈ, ਉਹ ਹਰੀ ਦੇ ਦਰ ਉਤੇ ਟਿਕੇ ਰਹਿੰਦੇ ਹਨ। ਦਾਸ ਨਾਨਕ ਹਰੀ ਦਾ ਸੇਵਕ ਹੈ ਅਤੇ (ਬੇਨਤੀ ਕਰਦਾ ਹੈ ਕਿ) ਹੇ ਪ੍ਰਭੂ! ਮੇਰੀ ਲਾਜ ਰੱਖ।੪।੧।੩੧।

ਪਦਾਰਥ = ਚਉਪਦੇ–ਚਾਰ ਪਦਿਆਂ ਵਾਲੇ ਸ਼ਬਦ। ਮ੍ਰਿਤ ਮੰਡਲ–ਮੌਤ (ਮਰਨ ਵਾਲੇ ਜੀਵਾਂ) ਦਾ ਦੇਸ਼; ਮਾਤ ਲੋਕ; ਨਾਸ਼ਵੰਤ ਦੇਸ਼। ਜਗੁ–ਜਗਤ। ਸਾਜਿਆ–ਬਣਾਇਆ। ਬਾਲੂ–ਰੇਤ ਦਾ। ਬਾਰ–ਬਾਲਕ। ਬਿਨਸਤ–ਨਾਸ਼ ਹੁੰਦਿਆਂ। ਬਾਰ ਨ ਲਾਗਈ–ਦੇਰ ਨਹੀਂ ਲਗਦੀ। ਬੂੰਦਾਰ–ਮੀਂਹ ਦੇ ਪਾਣੀ ਦੀਆਂ ਬੂੰਦਾਂ।੧। ਮਨਸਾ–ਹੇ ਬੁੱਧੀ!। ਮਨੈ ਮਾਹਿ–ਮਨ ਵਿਚ (ਧਿਆਨ ਨਾਲ)। ਸਤਿ–ਸੱਚੀ (ਗੱਲ)। ਬੀਚਾਰਿ–ਵਿਚਾਰ ਕੇ। ਸਿਧ–ਜੋਗ ਸਾਧਨਾ ਵਿਚ ਪੁੱਗੇ ਹੋਏ ਕਰਾਮਾਤੀ ਜੋਗੀ। ਸਾਧਿਕ–ਸਾਧਨਾ ਕਰਨ ਵਾਲੇ ਸਾਧੂ। ਗਿਰਹੀ–

ਗ੍ਰਿਹਸਤੀ।ਤਜਿ ਗਏ–ਛਡ ਕੇ ਚਲੇ ਗਏ।ਘਰ ਬਾਰ–ਘਰ ਤੇ ਹੋਰ ਸਮੱਗਰੀ।੧।ਰਹਾਉ।ਰੈਨਿ ਕਾ–ਰਾਤ ਦਾ।ਦ੍ਰਿਸਟਿਮਾਨ–ਦਿਖਾਈ ਦੇ ਰਿਹਾ ਸਭ ਕੁਛ।ਬਿਨਸੀਐ–ਨਾਸ਼ ਹੋ ਜਾਣ ਵਾਲਾ ਹੈ।ਕਿਆ ਲਗਹਿ–ਕਿਉਂ ਲਗ (ਚਿੰਬੜ) ਰਿਹਾ ਹੈਂ? ਗਵਾਰ–ਹੇ ਮੂਰਖ!।੨।ਕਹਾ–ਕਿੱਥੇ।ਸੁ–ਉਹ।ਮੀਤ–ਮਿਤ੍ਰ।ਨੈਨ ਪਸਾਰਿ–ਅੱਖਾਂ ਖੋਲ੍ਹ ਕੇ।ਇਕਿ–ਕਈ (ਜੀਵ)।ਚਾਲੇ–ਚਲੇ ਗਏ।ਚਾਲਸਹਿ –ਚਲੇ ਜਾਣਗੇ।ਵਾਰ–ਵਾਰੀ।੩।ਜਿਨ–ਜਿਨ੍ਹਾਂ ਨੇ।ਸੇਵਿਆ–ਸੇਵਾ ਕੀਤੀ।ਸੇ–ਉਹ।ਅਸਥਿਰੁ–ਟਿਕੇ ਰਹਿੰਦੇ ਹਨ।ਹਰਿ ਦੁਆਰਿ–ਹਰੀ ਦੇ ਦਰ ਤੇ।ਰਾਖੁ ਪੈਜ–ਲਾਜ ਰੱਖ।ਮੁਰਾਰਿ–ਹੰਕਾਰ ਨੂੰ ਨਾਸ਼ ਕਰਨ ਵਾਲਾ ਵਾਹਿਗੁਰੂ।੪।੧।੩੧।

ਬਿਲਾਵਲੁ ਮਹਲਾ ੫ ॥ ਲੋਕਨ ਕੀਆ ਵਡਿਆਈਆ, ਬੈਸੰਤਰਿ ਪਾਗਉ ॥ ਜਿਓ ਮਿਲੈ ਪਿਆਰਾ ਆਪਨਾ, ਤੇ ਬੋਲ ਕਰਾਗਉ ॥੧॥ ਜਉ ਪ੍ਰਭ ਜੀਉ ਦਇਆਲ ਹੋਇ, ਤਉ ਭਗਤੀ ਲਾਗਉ ॥ ਲਪਟਿ ਰਹਿਓ ਮਨੁ ਬਾਸਨਾ, ਗੁਰ ਮਿਲਿ ਇਹ ਤਿਆਗਉ ॥੧॥ ਰਹਾਉ॥ ਕਰਉ ਬੇਨਤੀ ਅਤਿ ਘਨੀ, ਇਹੁ ਜੀਉ ਹੋਮਾਗਉ ॥ ਅਰਥ ਆਨ ਸਭਿ ਵਾਰਿਆ, ਪ੍ਰਿਅ ਨਿਮਖ ਸੋਹਾਗਉ ॥੨॥ ਪੰਚ ਸੰਗੁ ਗੁਰ ਤੇ ਛੁਟੇ, ਦੋਖ ਅਰੁ ਰਾਗਉ ॥ ਰਿਦੈ ਪ੍ਰਗਾਸੁ ਪ੍ਰਗਟ ਭਇਆ, ਨਿਸਿ ਬਾਸੁਰ ਜਾਗਉ ॥੩॥ ਸਰਣਿ ਸੋਹਾਗਨਿ ਆਇਆ, ਜਿਸੁ ਮਸਤਕਿ ਭਾਗਉ ॥ ਕਹੁ ਨਾਨਕ ਤਿਨਿ ਪਾਇਆ, ਤਨੁ ਮਨੁ ਸੀਤਲਾਗਉ ॥੪॥੨॥੩੨॥ (ਹੇ ਭਾਈ!) ਮੈਂ ਲੋਕਾਂ ਦੀਆਂ ਵਡਿਆਈਆਂ ਨੂੰ (ਗਿਆਨ ਦੀ) ਅੱਗ ਵਿਚ ਪਾ (ਸਾੜ) ਦਿਆਂ।(ਲੋਕਾਂ ਦੀ ਖੁਸ਼ਾਮਦ ਕਰਨ ਦੀ ਥਾਂ) ਮੈਂ ਉਹ ਬੋਲ ਉਚਾਰਨ ਕਰਾਂਗਾ, ਜਿਸ ਨਾਲ ਮੈਨੂੰ ਅਪਣਾ ਪਿਆਰਾ ਪ੍ਰਭੂ ਮਿਲ ਜਾਵੇ।੧।(ਹੇ ਭਾਈ!) ਜਦੋਂ ਪ੍ਰਭੂ ਜੀਉ ਮੇਹਰਬਾਨ ਹੋ ਜਾਣ, ਤਦ ਮੈਂ ਉਸ ਦੀ ਭਗਤੀ ਵਿਚ ਲੱਗ ਸਕਦਾ ਹਾਂ।ਇਹ ਮਨ (ਦੁਨਿਆਵੀ ਪਦਾਰਥਾਂ ਦੀ) ਵਾਸ਼ਨਾ ਵਿਚ ਚਿੰਬੜ ਰਿਹਾ ਹੈ, ਗੁਰੂ ਨੂੰ ਮਿਲ ਕੇ ਇਹ (ਵਾਸ਼ਨਾ) ਛਡ ਦੇਵਾਂ।੧।ਰਹਾਉ।ਮੈਂ (ਗੁਰੂ ਚਰਨਾਂ ਵਿਚ) ਬਹੁਤ ਜਿਆਦਾ ਬੇਨਤੀ ਕਰਦਾ ਹਾਂ ਕਿ ਮੈਂ ਇਹ ਜਿੰਦ ਹਵਨ (ਆਪਾ ਭਾਵ ਕੁਰਬਾਨ) ਕਰ ਦੇਵਾਂ।ਅਤੇ ਹੋਰ ਸਾਰੇ ਧਨ ਪਦਾਰਥ ਵਾਰ ਦਿਆਂ, ਜੇ ਪਿਆਰੇ ਪ੍ਰਭੂ ਦਾ ਸੁਹਾਗ (ਮਿਲਾਪ ਦੀ ਖੁਸ਼ੀ) ਇਕ ਪਲ ਭਰ ਲਈ ਮਿਲ ਜਾਵੇ।੨।ਗੁਰੂ ਦੀ ਕ੍ਰਿਪਾ ਨਾਲ ਮੇਰਾ ਪੰਜਾਂ (ਕਾਮਾਦਿਕਾਂ) ਦਾ ਸਾਥ ਤੇ ਰਾਗ ਦ੍ਵੈਖ ਆਦਿ ਵਿਕਾਰ ਛੁਟ ਗਏ ਹਨ।ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਪ੍ਰਗਟ ਹੋ ਗਿਆ ਹੈ, (ਇਸ ਲਈ ਕਾਮਾਦਿਕ ਚੋਰਾਂ ਤੋਂ) ਮੈਂ ਦਿਨ ਰਾਤ ਜਾਗਦਾ (ਸੁਚੇਤ) ਰਹਿੰਦਾ ਹਾਂ।੩।ਜਿਸ ਮਨੁੱਖ ਦੇ ਮੱਥੇ ਉਤੇ ਚੰਗੇ ਭਾਗ ਹਨ, (ਉਹ ਪਤੀ ਪ੍ਰਭੂ ਦੀ ਸੇਵਾ ਭਗਤੀ ਕਰਨ ਵਾਲੀਆਂ ਗੁਰਮੁਖ ਰੂਪ) ਸੁਹਾਗਣਾਂ ਦੀ ਸ਼ਰਣ ਵਿਚ ਆਇਆ ਹੈ; ਉਹ ਸੁਹਾਗਣ ਇਸਤ੍ਰੀ ਵਾਂਗ (ਪਤੀ ਪ੍ਰਭੂ ਦੀ) ਸ਼ਰਣ ਵਿਚ ਆਇਆ ਹੈ (ਸ਼ਬਦਾਰਥ; ਦਰਪਣ)।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਮਨੁੱਖ ਨੇ ਪ੍ਰਭੂ ਨੂੰ ਪਾ ਲਿਆ ਹੈ, (ਜਿਸ ਕਰਕੇ ਕਾਮਾਦਿਕਾਂ ਦੀ ਅਗਨੀ ਤੋਂ ਉਸ ਦਾ) ਸਰੀਰ ਤੇ ਮਨ ਸ਼ਾਂਤ ਹੋ ਗਿਆ ਹੈ।੪।੨।੩੨।

ਪਦਾਰਥ =ਲੋਕਨ ਕੀਆ–ਲੋਕਾਂ ਦੀਆਂ।ਬੈਸੰਤਰਿ–ਅੱਗ ਵਿਚ।ਪਾਗਉ–ਮੈਂ ਪਾ ਦਿਆਂ।ਤੇ–ਉਹ।ਕਰਾਗਉ–ਮੈਂ ਕਰਾਂਗਾ।੧।ਜਉ ਜਦੋਂ।ਤਉ–ਤਦ।ਲਾਗਉ–ਲਗ ਸਕਦਾ ਹਾਂ।ਲਪਟਿ ਰਹਿਓ–ਚਿੰਬੜ ਰਿਹਾ ਹੈ।ਬਾਸਨਾ–(ਪਦਾਰਥਾਂ ਦੀ) ਵਾਸ਼ਨਾ।ਮਿਲਿ–ਮਿਲ ਕੇ।ਤਿਆਗਉ–ਮੈਂ ਛਡ ਦੇਵਾਂਗਾ।੧।ਰਹਾਉ।ਕਰਉ–ਕਰਦਾ ਹਾਂ।ਅਤਿ ਘਨੀ–ਬਹੁਤ ਜਿਆਦਾ।ਜੀਉ–ਜਿੰਦ।ਹੋਮਾਗਉ–ਹਵਨ ਕਰ (ਵਾਰ) ਦਿਆਂ।ਅਰਥ ਆਨ–ਹੋਰ ਧਨ ਪਦਾਰਥ।ਵਾਰਿਆ–ਕੁਰਬਾਨ ਕਰ ਦਿਆਂ।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਪ੍ਰਿਅ ਸੁਹਾਗਉ–ਪਿਆਰੇ ਦੇ ਸੁਹਾਗ (ਮਿਲਾਪ ਦੀ ਖੁਸ਼ੀ)।੨।ਪੰਚ ਸੰਗੁ–ਪੰਜਾਂ (ਕਾਮਾਦਿਕਾਂ) ਦਾ ਸਾਥ।ਤੇ–ਤੋਂ; ਨਾਲ।ਛੁਟੇ–ਛੁਟ ਗਏ।ਦੋਖ–ਵੈਰ ਭਾਵਨਾ।ਅਰੁ–ਅਤੇ।ਰਾਗਉ–ਪ੍ਰੇਮ; ਮੋਹ।ਰਿਦੈ–ਹਿਰਦੇ ਵਿਚ।ਭਇਆ–ਹੋ ਗਿਆ।ਨਿਸਿ–ਰਾਤ।ਬਾਸੁਰ–ਦਿਨ। ਜਾਗਉ–ਜਾਗਦਾ (ਸੁਚੇਤ) ਰਹਿੰਦਾ ਹਾਂ।੩।ਸੁਹਾਗਨਿ–ਗੁਰਮੁਖ ਰੂਪ ਸੁਹਾਗਣਾਂ ਦੀ; ਸੁਹਾਗਣ ਇਸਤ੍ਰੀ ਵਾਂਗ।ਜਿਸੁ–ਜਿਸ ਦੇ। ਮਸਤਕਿ–ਮੱਥੇ ਉਤੇ।ਭਾਗਉ–ਚੰਗੇ ਭਾਗ।ਤਿਨਿ–ਉਸ ਨੇ।ਤਨੁ–ਸਰੀਰ।ਸੀਤਲਾਗਉ–ਠੰਢਾ ਠਾਰ; ਸ਼ਾਂਤ।੪।੨।੩੨।

ਬਿਲਾਵਲੁ ਮਹਲਾ ੫ ॥ ਲਾਲ ਰੰਗੁ ਤਿਸ ਕਉ ਲਗਾ, ਜਿਸ ਕੇ ਵਡਭਾਗਾ ॥ ਮੈਲਾ ਕਦੇ ਨ ਹੋਵਈ, ਨਹ ਲਾਗੈ ਦਾਗਾ ॥੧॥ ਪ੍ਰਭੁ ਪਾਇਆ ਸੁਖਦਾਈਆ, ਮਿਲਿਆ ਸੁਖ ਭਾਇ ॥ ਸਹਜਿ ਸਮਾਨਾ ਭੀਤਰੇ, ਛੋਡਿਆ ਨਹ ਜਾਇ ॥੧॥ਰਹਾਉ॥ ਜਰਾ ਮਰਾ ਨਹ ਵਿਆਪਈ, ਫਿਰਿ ਦੂਖੁ ਨ ਪਾਇਆ ॥ ਪੀ ਅੰਮ੍ਰਿਤੁ ਆਘਾਨਿਆ, ਗੁਰਿ ਅਮਰ ਕਰਾਇਆ ॥੨॥ ਸੋ ਜਾਨੈ ਜਿਨਿ ਚਾਖਿਆ, ਹਰਿ ਨਾਮੁ ਅਮੋਲਾ ॥ ਕੀਮਤਿ ਕਹੀ ਨ ਜਾਈਐ, ਕਿਆ ਕਹਿ ਮੁਖਿ ਬੋਲਾ ॥੩॥ (ਹੇ ਭਾਈ!) ਪ੍ਰਭੂ ਦੇ ਨਾਮ ਦੀ ਲਾਲੀ ਕਰਕੇ ਚੜ੍ਹਿਆ ਲਾਲ ਰੰਗ ਉਸ ਪੁਰਖ ਨੂੰ ਲੱਗਿਆ ਹੈ, ਜਿਸ ਦੇ ਵੱਡੇ ਭਾਗ ਹਨ (ਜਿਸ ਤਰ੍ਹਾਂ ਸੁਹਾਗਣ ਲਾਲ ਕੱਪੜੇ ਪਹਿਨਦੀ ਹੈ, ਇਸੇ ਤਰ੍ਹਾਂ ਨਾਮ ਜਪਣ ਵਾਲਿਆਂ ਦੇ ਚਿਹਰੇ ਤੇ ਲਾਲੀ ਚੜ੍ਹ ਜਾਂਦੀ ਹੈ।ਉਸ ਦਾ ਮਨ ਵਿਸ਼ੇ ਵਿਕਾਰਾਂ ਕਰਕੇ) ਕਦੇ ਮੈਲਾ ਨਹੀਂ ਹੁੰਦਾ ਅਤੇ (ਉਸ

ਨੂੰ ਵਿਸ਼ੇ ਵਿਕਾਰਾਂ ਦਾ ਕੋਈ) ਦਾਗ ਵੀ ਨਹੀ ਲਗਦਾ।੧।(ਜਿਸ ਮਨੁੱਖ ਨੂੰ) ਸੁਖ ਦੇ ਭਾਵ ਨਾਲ (ਖੁਸ਼ੀ ਖੁਸ਼ੀ) ਗੁਰ ਮਿਲ ਪਿਆ ਹੈ, (ਉਸ ਨੂੰ) ਸੁਖ ਦੇਣ ਵਾਲਾ ਪ੍ਰਭੂ ਮਿਲ ਪਿਆ ਹੈ।(ਉਹ) ਹਿਰਦੇ ਅੰਦਰ ਵਸਦੇ ਪ੍ਰਭੂ ਵਿਚ ਸਹਿਜੇ ਹੀ ਸਮਾ ਗਿਆ, (ਜੋ ਉਸ ਤੋਂ) ਛੱਡਿਆ ਨਹੀਂ ਜਾਂਦਾ।੧।ਰਹਾਉ।(ਹੇ ਭਾਈ! ਪ੍ਰਭੂ ਦਾ ਨਾਮ ਜਪਣ ਵਾਲੇ ਮਨੁੱਖ ਨੂੰ) ਬੁਢੇਪਾ ਤੇ ਮੌਤ ਨਹੀਂ ਵਿਆਪਦੀ ਅਤੇ ਮੁੜ ਕੇ (ਉਸ ਨੇ ਕੋਈ) ਦੁਖ ਵੀ ਨਹੀਂ ਪਾਇਆ।(ਉਹ ਨਾਮ ਰੂਪ) ਅੰਮ੍ਰਿਤ ਪੀ ਕੇ ਰੱਜ ਗਿਆ, ਗੁਰੂ ਨੇ (ਉਸ ਨੂੰ) ਅਮਰ ਕਰ ਦਿਤਾ ਹੈ।੨।ਉਹ (ਮਨੁੱਖ ਨਾਮ ਅੰਮ੍ਰਿਤ ਰਸ ਦਾ ਅਨੰਦ) ਜਾਣਦਾ ਹੈ, ਜਿਸ ਨੇ ਅਮੋਲਕ ਨਾਮ ਰੂਪ ਅੰਮ੍ਰਿਤ ਨੂੰ ਚੱਖਿਆ ਹੈ। (ਕਿਸੇ ਪਾਸੋਂ ਵੀ ਨਾਮ ਰੂਪ ਅੰਮ੍ਰਿਤ ਦੀ) ਕੀਮਤ ਕਹੀ ਨਹੀ ਜਾ ਸਕਦੀ, (ਨਾਮ ਅੰਮ੍ਰਿਤ ਦਾ ਅਨੰਦ) ਮੂੰਹ ਨਾਲ ਕਹਿ ਕੇ ਮੈਂ ਕੀ ਬੋਲਾਂ? (ਵਿਸਮਾਦ ਅਵਸਥਾ ਦੱਸੀ ਨਹੀਂ ਜਾਂਦੀ ਹੈ, ਜਿਵੇਂ ਗੂੰਗਾ ਗੁੜ ਖਾ ਕੇ ਉਸ ਦਾ ਸੁਆਦ ਦਸ ਨਹੀਂ ਸਕਦਾ)।੩।

ਅੰਗ ੮੦੯ = ਸਫਲ ਦਰਸੁ ਤੇਰਾ ਪਾਰਬ੍ਰਹਮ, ਗੁਣ ਨਿਧਿ ਤੇਰੀ ਬਾਣੀ ॥ ਪਾਵਉ ਧੂਰਿ ਤੇਰੇ ਦਾਸ ਕੀ, ਨਾਨਕ ਕੁਰਬਾਣੀ ॥੪॥੩॥੩੩॥ ਹੇ ਪ੍ਰਭੂ! ਤੇਰਾ ਦਰਸ਼ਨ ਫਲ ਦਾਇਕ ਹੈ ਅਤੇ ਤੇਰੀ ਬਾਣੀ ਗੁਣਾਂ ਦਾ ਖਜਾਨਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਮੇਰੀ ਮੰਗ ਹੈ ਕਿ ਮੈਂ) ਤੇਰੇ ਦਾਸਾਂ ਦੀ ਚਰਨ ਧੂੜ ਪ੍ਰਾਪਤ ਕਰਾਂ ਅਤੇ (ਉਨ੍ਹਾਂ ਤੋਂ) ਮੈਂ ਕੁਰਬਾਨ ਜਾਵਾਂ।੪।੩।੩੩।

ਪਦਾਰਥ = ਲਾਲ ਰੰਗ–ਨਾਮ ਸਿਮਰਨ ਕਰਕੇ ਚੜ੍ਹਿਆ ਲਾਲ ਰੰਗ; ਪ੍ਰੇਮ ਦਾ ਰੰਗ।ਤਿਸ ਕਉ–ਉਸ ਨੂੰ।ਨ ਹੋਵਈ–ਨਹੀਂ ਹੁੰਦਾ। ਦਾਗਾ–ਧੱਬਾ; ਕਲੰਕ।੧।ਸੁਖਦਾਈਆ–ਸੁਖ ਦੇਣ ਵਾਲਾ।ਸੁਖ ਭਾਇ–ਸੁਖ ਦੇ ਖਿਆਲ ਨਾਲ; ਖੁਸ਼ੀ ਖੁਸ਼ੀ।ਸਹਜਿ–ਸੁਭਾਵਕ ਹੀ। ਸਮਾਨਾ–ਸਮਾ (ਮਿਲ) ਗਿਆ।ਭੀਤਰੇ–ਹਿਰਦੇ ਅੰਦਰ।੧।ਰਹਾਉ।ਜਰਾ–ਬੁੱਢੇਪਾ।ਮਰਾ–ਮੌਤ।ਨ ਵਿਆਪਈ–ਨਹੀਂ ਲਗਦਾ। ਫਿਰਿ–ਮੁੜ ਕੇ।ਪੀ–ਪੀ ਕੇ।ਆਘਾਨਿਆ–ਰੱਜ ਗਿਆ।ਗੁਰਿ–ਗੁਰੂ ਨੇ।ਅਮਰ–ਮੌਤ ਰਹਿਤ।੨।ਸੋ–ਉਹ।ਜਿਨਿ–ਜਿਸ ਨੇ। ਚਾਖਿਆ–ਖਾਧਾ (ਜਪਿਆ)।ਅਮੋਲਾ–ਅਮੋਲਕ।ਕਿਆ ਕਹਿ–ਕੀ ਕਹਿ ਕੇ।ਮੁਖਿ–ਮੂੰਹ ਨਾਲ।ਬੋਲਾ–ਮੈਂ ਦੱਸਾਂ।੩।ਸਫਲ–ਫਲ ਦਾਇਕ।ਦਰਸੁ–ਦਰਸ਼ਨ।ਗੁਣ ਨਿਧਿ–ਗੁਣਾਂ ਦਾ ਖਜਾਨਾ।ਪਾਵਉ–ਪ੍ਰਾਪਤ ਕਰਾਂ।ਧੂਰਿ–ਚਰਨ ਧੂੜ।੪।੩।੩੩।

ਬਿਲਾਵਲੁ ਮਹਲਾ ੫ ॥ ਰਾਖਹੁ ਅਪਨੀ ਸਰਣਿ ਪ੍ਰਭ, ਮੋਹਿ ਕਿਰਪਾ ਧਾਰੇ ॥ ਸੇਵਾ ਕਛੂ ਨ ਜਾਨਊ ,ਨੀਚੁ ਮੂਰਖਾਰੇ ॥੧॥ ਮਾਨੁ ਕਰਉ ਤੁਧੁ ਊਪਰੇ, ਮੇਰੇ ਪ੍ਰੀਤਮ ਪਿਆਰੇ ॥ ਹਮ ਅਪਰਾਧੀ ਸਦ ਭੂਲਤੇ, ਤੁਮ੍ ਬਖਸਨਹਾਰੇ ॥੧॥ਰਹਾਉ॥ ਹਮ ਅਵਗਨ ਕਰਹ ਅਸੰਖ ਨੀਤਿ, ਤੁਮ੍ ਨਿਰਗੁਨ ਦਾਤਾਰੇ ॥ ਦਾਸੀ ਸੰਗਤਿ ਪ੍ਰਭੂ ਤਿਆਗਿ, ਏ ਕਰਮ ਹਮਾਰੇ ॥੨॥ ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ, ਹਮ ਅਕਿਰਤਘਨਾਰੇ ॥ ਲਾਗਿ ਪਰੇ ਤੇਰੇ ਦਾਨ ਸਿਉ ,ਨਹ ਚਿਤਿ ਖਸਮਾਰੇ ॥੩॥ ਤੁਝ ਤੇ ਬਾਹਰਿ ਕਿਛੁ ਨਹੀ, ਭਵ ਕਾਟਨ ਹਾਰੇ ॥ ਕਹੁ ਨਾਨਕ ਸਰਣਿ ਦਇਆਲ ਗੁਰ, ਲੇਹੁ ਮੁਗਧ ਉਧਾਰੇ ॥੪॥੪॥੩੪॥ (ਅਰਦਾਸ) ਹੇ ਪ੍ਰਭੂ! ਕ੍ਰਿਪਾ ਕਰਕੇ ਮੈਨੂੰ ਅਪਣੀ ਸਰਣ ਵਿਚ ਰੱਖ।ਮੈਂ ਨੀਚ ਤੇ ਮੂਰਖ ਹਾਂ, ਤੇਰੀ ਸੇਵਾ ਭਗਤੀ ਕਰਨੀ ਕੁੱਛ ਨਹੀਂ ਜਾਣਦਾ।੧।ਹੇ ਮੇਰੇ ਪ੍ਰੀਤਮ ਪਿਆਰੇ! ਮੈਂ ਤੇਰੇ ਉਪਰ ਮਾਣ ਕਰਦਾ ਹਾਂ।ਅਸੀਂ ਪਾਪੀ ਜੀਵ ਸਦਾ ਭੁਲਦੇ ਰਹਿੰਦੇ ਹਾਂ, ਤੂੰ (ਸਾਡੇ ਔਗਣ) ਬਖਸ਼ ਦੇਣ ਵਾਲਾ ਹੈਂ।੧।ਰਹਾਉ।ਅਸੀਂ (ਜੀਵ) ਹਰ ਰੋਜ ਅਣਗਿਣਤ ਔਗਣ ਕਰਦੇ ਰਹਿੰਦੇ ਹਾਂ, (ਫਿਰ ਵੀ) ਤੂੰ ਗੁਣ ਹੀਣ ਮਨੁੱਖਾਂ ਨੂੰ (ਗੁਣਾਂ ਦੀ) ਦਾਤ ਦੇਣ ਵਾਲਾ ਹੈਂ। ਅਸੀਂ ਪ੍ਰਭੂ ਨੂੰ ਛਡ ਕੇ (ਉਸ ਦੀ) ਦਾਸੀ ਦੀ ਸੰਗਤ ਕਰਦੇ ਹਾਂ, ਸਾਡੇ ਇਹ ਭੈੜੇ ਕਰਮ ਹਨ।੨।(ਹੇ ਪ੍ਰਭੂ!) ਤੂੰ ਦਇਆ ਕਰਕੇ (ਸਾਨੂੰ) ਸਭ ਕੁਛ ਦੇਂਦਾ ਹੈਂ, (ਪਰ) ਅਸੀਂ ਅਕ੍ਰਿਤਘਣ ਹਾਂ (ਜੋ ਤੇਰੇ ਉਪਕਾਰ ਨਹੀਂ ਜਾਣਦੇ)।ਹੇ ਮਾਲਕ ਪ੍ਰਭੂ! ਤੈਨੂੰ ਅਸੀਂ ਚਿਤ ਵਿਚ (ਯਾਦ ਨਹੀਂ ਕਰਦੇ), ਤੇਰੇ ਦਿਤੇ ਦਾਨ ਨਾਲ ਲਗੇ (ਜੁੜੇ) ਪਏ ਹਾਂ।੩।ਹੇ ਜਨਮ ਮਰਣ ਦੇ ਗੇੜ ਕੱਟਣਵਾਲੇ ਪ੍ਰਭੂ! ਤੇਰੇ ਤੋਂ ਬਾਹਰ ਕੁਛ ਨਹੀਂ ਹੁੰਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਦਇਆ ਕਰਨ ਵਾਲੇ ਗੁਰੂ! (ਅਸੀਂ) ਤੇਰੀ ਸ਼ਰਣ ਵਿਚ ਆਏ ਹਾਂ, ਸਾਨੂੰ ਮੂਰਖਾਂ ਨੂੰ (ਸੰਸਾਰ ਸਮੁੰਦਰ ਤੋਂ) ਤਾਰ ਲੈ।੪।੪।੩੪।

ਪਦਾਰਥ = ਰਾਖਹੁ–ਰੱਖ।ਪ੍ਰਭ–ਹੇ ਪ੍ਰਭੂ!।ਮੋਹਿ–ਮੈਨੂੰ।ਕਿਰਪਾ ਧਾਰੇ–ਕਿਰਪਾ ਕਰਕੇ।ਨ ਜਾਨਊ–ਨਹੀਂ ਜਾਣਦਾ।ਨੀਚੁ–ਨੀਵਾਂ। ਮੂਰਖਾਰੇ–ਮੂਰਖ।੧।ਮਾਨੁ–ਫਖਰ।ਕਰਉ–ਮੈਂ ਕਰਦਾ ਹਾਂ।ਹਮ–ਅਸੀਂ।ਅਪਰਾਧੀ–ਦੋਸ਼ੀ; ਪਾਪੀ।ਸਦ–ਸਦਾ।ਬਖਨਹਾਰੇ–ਬਖਸ਼ ਦੇਣ ਵਾਲਾ।੧।ਰਹਾਉ।ਹਮ ਕਰਹ–ਅਸੀਂ ਕਰਦੇ ਹਾਂ।ਅਸੰਖ–ਅਣਗਿਣਤ।ਨੀਤਿ–ਨਿੱਤ।ਨਿਰਗੁਨ ਦਾਤਾਰੇ–ਗੁਣ ਹੀਣਾਂ ਨੂੰ ਦਾਤਾਂ ਦੇਣ ਵਾਲਾ ਹੈਂ।ਦਾਸੀ–(ਸੇਵਾ ਕਰਨ ਵਾਲੀ) ਮਾਇਆ।ਤਿਆਗਿ–ਛਡ ਕੇ।ਏ–ਏਹ।ਹਮਾਰੇ–ਸਾਡੇ।੨।ਅਕਿਰਤਘਨਾਰੇ–ਕਿਸੇ ਦੇ ਕੀਤੇ ਉਪਕਾਰ ਨੂੰ ਭੁਲਾ ਦੇਣ ਵਾਲਾ (ਨਾ ਸ਼ੁਕਰਾ)।ਲਾਗਿ ਪਰੇ–ਲੱਗੇ ਪਏ ਹਾਂ।ਸਿਉ–ਨਾਲ।ਚਿਤਿ–ਚਿੱਤ ਵਿਚ।ਖਸਮਾਰੇ–ਮਾਲਕ ਪ੍ਰਭੂ।੩।ਤੁਝ ਤੇ–ਤੇਰੇ ਤੋਂ।ਭਵ–ਜਨਮ ਮਰਨ ਦਾ ਗੇੜ।ਗੁਰ–ਹੇ ਗੁਰੂ!।ਮੁਗਧ–ਮੂਰਖਾਂ ਨੂੰ।ਲੇਹੁ ਉਧਾਰੇ–ਤਾਰ ਲੈ।੪।੪।੩੪।

ਬਿਲਾਵਲੁ ਮਹਲਾ ੫ ॥ ਦੋਸੁ ਨ ਕਾਹੂ ਦੀਜੀਐ, ਪ੍ਰਭੁ ਅਪਨਾ ਧਿਆਈਐ ॥ ਜਿਤੁ ਸੇਵਿਐ ਸੁਖੁ ਹੋਇ ਘਨਾ, ਮਨ ਸੋਈ ਗਾਈਐ ॥੧॥ ਕਹੀਐ ਕਾਇ ਪਿਆਰੇ ਤੁਝੁ ਬਿਨਾ ॥ ਤੁਮ੍ ਦਇਆਲ ਸੁਆਮੀ, ਸਭ ਅਵਗਨ ਹਮਾ ॥੧॥ਰਹਾਉ॥ ਜਿਉ ਤੁਮ੍ ਰਾਖਹੁ ਤਿਉ ਰਹਾ, ਅਵਰੁ ਨਹੀ ਚਾਰਾ ॥ ਨੀਧਰਿਆ ਧਰ ਤੇਰੀਆ, ਇਕ ਨਾਮ ਅਧਾਰਾ ॥੨॥ ਜੋ ਤੁਮ੍ ਕਰਹੁ ਸੋਈ ਭਲਾ, ਮਨਿ ਲੇਤਾ ਮੁਕਤਾ ॥ ਸਗਲ ਸਮਗ੍ਰੀ ਤੇਰੀਆ, ਸਭ ਤੇਰੀ ਜੁਗਤਾ ॥੩॥ ਚਰਨ ਪਖਾਰਉ ਕਰਿ ਸੇਵਾ, ਜੇ ਠਾਕੁਰ ਭਾਵੈ ॥ ਹੋਹੁ ਕ੍ਰਿਪਾਲ ਦਇਆਲ ਪ੍ਰਭ, ਨਾਨਕੁ ਗੁਣ ਗਾਵੈ ॥੪॥੫॥੩੫॥ (ਹੇ ਮਨ! ਅਪਣੀ ਕੀਤੀਆਂ ਗਲਤੀਆਂ ਦਾ) ਦੋਸ਼ ਕਿਸੇ ਨੂੰ ਵੀ ਨਹੀਂ ਦੇਣਾ ਚਾਹੀਦਾ, (ਗਲਤੀਆਂ ਤੋਂ ਮਿਲੇ ਦੁਖ ਤੋਂ ਬਚਣ ਲਈ) ਅਪਣੇ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ। ਜਿਸ ਪ੍ਰਭੂ ਦੀ ਸੇਵਾ ਭਗਤੀ ਕੀਤਿਆਂ ਬਹੁਤ ਸੁਖ ਪ੍ਰਾਪਤ ਹੁੰਦਾ ਹੈ, ਹੇ ਮਨ! ਉਸੇ ਨੂੰ ਗਾਉਣਾ ਚਾਹੀਦਾ ਹੈ।੧।ਹੇ ਪਿਆਰੇ ਪ੍ਰਭੂ! ਤੇਰੇ ਬਿਨਾ ਹੋਰ ਕਿਸ ਅੱਗੇ (ਅਪਣੇ ਦੁੱਖਾਂ ਦਾ ਹਾਲ) ਦੱਸੀਏ? ਤੂੰ ਦਇਆ ਕਰਨ ਵਾਲਾ ਮਾਲਕ ਹੈਂ, ਸਾਰੇ ਔਗਣ ਸਾਡੇ (ਵਰਗੇ ਜੀਵਾਂ) ਵਿਚ ਹਨ।੧।ਰਹਾਉ।(ਹੇ ਪ੍ਰਭੂ!) ਜਿਵੇਂ ਤੂੰ ਰਖਦਾ ਹੈਂ, ਅਸੀਂ ਉਸੇ ਤਰ੍ਹਾਂ ਰਹਿੰਦੇ ਹਾਂ, (ਸਾਡਾ ਕੋਈ) ਹੋਰ ਜੋਰ ਨਹੀਂ ਚਲ ਸਕਦਾ। ਸਾਨੂੰ ਨਿਆਸਰਿਆਂ ਨੂੰ ਤੇਰਾ ਹੀ ਆਸਰਾ ਹੈ, ਇਕ ਤੇਰੇ ਨਾਮ ਦਾ ਹੀ ਆਸਰਾ ਹੈ।੨।ਜਿਵੇਂ ਤੂੰ ਕਰਦਾ ਹੈਂ, ਉਹ ਹੀ (ਸਾਡੇ ਲਈ) ਭਲਾ ਹੈ, (ਜਿਹੜਾ ਮਨੁੱਖ ਇਸ ਗੱਲ ਨੂੰ) ਮੰਨ ਲੈਂਦਾ ਹੈ, ਉਹ ਮੁਕਤ ਹੋ ਜਾਂਦਾ ਹੈ। ਸਾਰੀ ਰਚਨਾ ਤੇਰੀ ਹੈ ਅਤੇ ਇਸ ਨੂੰ ਚਲਾਉਣ ਦੇ ਸਾਰੇ ਤਰੀਕੇ ਵੀ ਤੇਰੇ ਹੱਥ ਵਿਚ ਹਨ (ਸ਼ਬਦਾਰਥ)।੩।ਹੇ ਮਾਲਕ ਪ੍ਰਭੂ! ਜੇ ਤੈਨੂੰ ਚੰਗਾ ਲਗੇ, ਤਾਂ ਮੈਂ ਸੇਵਾ ਭਗਤੀ ਕਰਕੇ ਤੇਰੇ ਚਰਨ ਧੋਵਾਂ। ਹੇ ਦਇਆ ਕਰਨ ਵਾਲੇ ਪ੍ਰਭੂ! (ਮੇਰੇ ਉਤੇ) ਮਿਹਰਵਾਨ ਹੋ, ਤਾਂ ਕਿ ਨਾਨਕ ਤੇਰੇ ਗੁਣ ਗਾਉਂਦਾ ਰਹੇ।੪।੫।੩੫।

ਪਦਾਰਥ = ਕਾਹੂ–ਕਿਸੇ ਨੂੰ ਵੀ। ਨ ਦੀਜੀਐ–ਨਹੀਂ ਦੇਣਾ ਚਾਹੀਦਾ। ਜਿਤੁ ਸੇਵਿਐ–ਜਿਸ ਦੀ ਸੇਵਾ ਭਗਤੀ ਕੀਤਿਆਂ। ਘਨਾ–ਬਹੁਤ । ਮਨ–ਹੇ ਮਨ!। ਸੋਈ–ਉਸੇ ਨੂੰ; ਉਹ ਹੀ।੧। ਕਹੀਐ ਕਾਇ–ਕਿਸ ਨੂੰ ਕਹੀਏ। ਸੁਆਮੀ–ਮਾਲਕ ਪ੍ਰਭੂ। ਹਮਾ–ਸਾਡੇ ਵਿਚ।੧। ਰਹਾਉ। ਤਿਉ ਰਹਾ–ਮੈਂ ਉਸੇ ਤਰ੍ਹਾਂ ਰਹਿੰਦਾ ਹਾਂ। ਅਵਰੁ–ਹੋਰ। ਚਾਰਾ–ਉਪਾਉ; ਜੋਰ। ਨੀਧਰਿਆ–ਨਿਆਸਰਿਆਂ ਨੂੰ। ਧਰ–ਆਸਰਾ । ਅਧਾਰਾ–ਆਸਰਾ।੨। ਕਰਹੁ–ਕਰਦਾ ਹੈਂ। ਭਲਾ–ਚੰਗਾ। ਮਨਿ ਲੇਤਾ–ਮੰਨ ਲੈਂਦਾ ਹੈ। ਸਗਲ ਸਮਗ੍ਰੀ–ਸਾਰੀ ਰਚਨਾ; ਸਾਰੇ ਪਦਾਰਥ । ਜੁਗਤਾ–ਤਰੀਕੇ; ਮਰਿਆਦਾ।੩। ਪਖਾਰਉ–ਮੈਂ ਧੋਵਾਂ। ਕਰਿ ਸੇਵਾ–ਸੇਵਾ ਭਗਤੀ ਕਰਕੇ। ਭਾਵੈ–ਚੰਗਾ ਲੱਗੇ।੪।੫।੩੫।

ਬਿਲਾਵਲੁ ਮਹਲਾ ੫ ॥ ਮਿਰਤੁ ਹਸੈ ਸਿਰ ਊਪਰੇ, ਪਸੂਆ ਨਹੀ ਬੂਝੈ ॥ ਬਾਦ ਸਾਦ ਅਹੰਕਾਰ ਮਹਿ, ਮਰਣਾ ਨਹੀ ਸੂਝੈ ॥੧॥ ਸਤਿਗੁਰੁ ਸੇਵਹੁ ਆਪਨਾ, ਕਾਹੇ ਫਿਰਹੁ ਅਭਾਗੇ ॥ ਦੇਖਿ ਕਸੁੰਭਾ ਰੰਗੁਲਾ, ਕਾਹੇ ਭੂਲਿ ਲਾਗੇ ॥੧॥ਰਹਾਉ॥ ਕਰਿ ਕਰਿ ਪਾਪ ਦਰਬੁ ਕੀਆ, ਵਰਤਣ ਕੈ ਤਾਈ ॥ ਮਾਟੀ ਸਿਉ ਮਾਟੀ ਰਲੀ, ਨਾਗਾ ਉਠਿ ਜਾਈ ॥੨॥ ਜਾ ਕੈ ਕੀਐ ਸ੍ਰਮੁ ਕਰੈ, ਤੇ ਬੈਰ ਬਿਰੋਧੀ ॥ ਅੰਤ ਕਾਲਿ ਭਜਿ ਜਾਹਿਗੇ, ਕਾਹੇ ਜਲਹੁ ਕਰੋਧੀ ॥੩॥ ਦਾਸ ਰੇਣੁ ਸੋਈ ਹੋਆ, ਜਿਸੁ ਮਸਤਕਿ ਕਰਮਾ ॥ ਕਹੁ ਨਾਨਕ ਬੰਧਨ ਛੁਟੇ, ਸਤਿਗੁਰ ਕੀ ਸਰਨਾ ॥੪॥੬॥੩੬॥ (ਹੇ ਭਾਈ! ਜੀਵ ਦੇ) ਸਿਰ ਉਤੇ ਖੜੀ ਮੌਤ ਹਸ ਰਹੀ ਹੈ, (ਪਰ ਇਹ) ਪਸ਼ੂ ਬਿਰਤੀ ਵਾਲਾ ਬੇਸਮਝ ਜੀਵ ਸਮਝ ਨਹੀਂ ਰਿਹਾ। ਝਗੜਿਆਂ, ਪਦਾਰਥਾਂ ਦੇ ਸੁਆਦਾਂ ਤੇ ਹੰਕਾਰ ਵਿਚ (ਫਸੇ ਜੀਵ ਨੂੰ) ਮੌਤ ਨਹੀਂ ਸੁਝਦੀ।੧।ਹੇ ਭਾਗਾਂ ਤੋਂ ਹੀਣੇ ਮਨੁੱਖੋ! ਅਪਣੇ ਸਤਿਗੁਰੂ ਦੀ ਸੇਵਾ ਕਰੋ, ਕਿਉਂ (ਪਾਪ ਕਰਮ ਕਰਦੇ) ਫਿਰਦੇ ਹੋ। ਕਸੁੰਭੇ ਰੰਗ ਦੇ ਸੁੰਦਰ (ਭੜਕੀਲੇ ਮਾਇਕ ਪਦਾਰਥਾਂ ਨੂੰ) ਦੇਖ ਕੇ ਕਿਉਂ ਭੁੱਲ ਕੇ (ਇਨ੍ਹਾਂ ਵਿਚ) ਲੱਗੇ ਹੋਏ ਹੋ?।੧।ਰਹਾਉ।(ਮਨੁੱਖ ਨੇ ਸਾਰੀ ਉਮਰ ਅਪਣੇ) ਵਰਤਣ ਦੇ ਲਈ ਪਾਪ ਕਰ ਕਰ ਕੇ ਧਨ ਇਕੱਠਾ ਕੀਤਾ ਹੈ।(ਮਰਨ ਤੋਂ ਬਾਦ) ਮਿੱਟੀ ਦੀ ਦੇਹ ਮਿੱਟੀ ਨਾਲ ਰਲ ਜਾਂਦੀ ਹੈ ਅਤੇ (ਮਨੁੱਖ ਧਨ ਛਡ ਕੇ ਪ੍ਰਲੋਕ ਨੂੰ) ਨੰਗਾ ਉਠ ਕੇ ਚਲਾ ਜਾਂਦਾ ਹੈ।੨।(ਹੇ ਮਨੁੱਖ! ਤੂੰ) ਜਿਨ੍ਹਾਂ (ਸਬੰਧੀਆਂ ਦੀ ਪਾਲਣਾ) ਦੇ ਲਈ ਮੇਹਨਤ ਕਰਦਾ ਹੈਂ, ਉਹ ਵੈਰ ਕਰਨ ਵਾਲੇ ਵਿਰੋਧੀ ਹਨ (ਉਨ੍ਹਾਂ ਦਾ ਤੇਰੇ ਨਾਲ ਪਿਆਰ ਨਹੀਂ, ਧਨ ਨਾਲ ਹੈ)। ਅੰਤ ਸਮੇਂ (ਬੁਢੇਪੇ ਵਿਚ ਉਹ ਸਬੰਧੀ ਤੇਰਾ ਸਾਥ ਛਡ ਕੇ) ਭੱਜ ਜਾਣਗੇ, (ਉਨ੍ਹਾਂ ਲਈ ਤੂੰ ਹੋਰਨਾਂ ਨਾਲ ਵੈਰ ਪਾ ਕੇ) ਕਿਉਂ ਕ੍ਰੋਧ ਦੀ ਅੱਗ ਵਿਚ ਸੜਦਾ ਹੈਂ। ੩।(ਹੇ ਭਾਈ! ਪ੍ਰਭੂ ਦੇ) ਦਾਸਾਂ ਦੀ ਚਰਨ ਧੂੜ ਉਹ ਹੀ ਮਨੁੱਖ ਹੋਇਆ ਹੈ, ਜਿਸ ਦੇ ਮੱਥੇ ਉਤੇ ਚੰਗੇ ਭਾਗ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਸਤਿਗੁਰੂ ਦੀ ਸ਼ਰਨ ਵਿਚ ਪਿਆ ਹੈ, (ਉਸ ਦੇ ਮੋਹ ਮਾਇਆ ਦੇ) ਬੰਧਨ ਛੁਟ ਗਏ ਹਨ।੪।੬।੩੬।

ਪਦਾਰਥ = ਮਿਰਤੁ–ਮੌਤ। ਪਸੂਆ–ਪਸ਼ੂ ਬਿਰਤੀ ਵਾਲਾ ਬੇਸਮਝ ਮਨੁੱਖ। ਬੂਝੈ–ਸਮਝਦਾ। ਬਾਦ–ਝਗੜੇ। ਸਾਦ–(ਪਦਾਰਥਾਂ ਦੇ) ਸੁਆਦ। ਮਹਿ–ਵਿਚ। ਨਹੀ ਸੂਝੈ–ਸੁਝਦਾ ਨਹੀਂ।੧। ਸੇਵਹੁ–ਸੇਵਾ ਕਰੋ। ਕਾਹੇ–ਕਿਉਂ। ਫਿਰਹੁ–ਫਿਰਦੇ ਹੋ। ਅਭਾਗੇ–ਹੇ ਭਾਗ ਹੀਣ ਮਨੁੱਖੋ!। ਕਸੁੰਭਾ–ਭੜਕੀਲੇ ਲਾਲ ਰੰਗ ਦਾ ਫੁੱਲ, ਜੋ ਧੁੱਪ ਤੇ ਪਾਣੀ ਨਾਲ ਛੇਤੀ ਫਿੱਕਾ ਪੈ ਜਾਂਦਾ ਹੈ (ਗੁਰਬਾਣੀ ਵਿਚ ਮਾਇਕ

ਪਦਾਰਥ ਕਸੁੰਭੇ ਰੰਗ ਦੇ ਵਰਨਣ ਕੀਤੇ ਹਨ)। ਰੰਗੁਲਾ-ਸੋਹਣੇ ਰੰਗ ਵਾਲਾ।੧। ਰਹਾਉ। ਦਰਬੁ-ਧਨ। ਕੀਆ-ਇਕੱਠਾ ਕੀਤਾ। ਕੈ ਤਾਈ-ਦੇ ਲਈ। ਮਾਟੀ ਸਿਉ-ਮਿੱਟੀ ਨਾਲ। ਮਾਟੀ ਰਲੀ-ਮਿੱਟੀ ਦੀ ਦੇਹ ਰਲ ਜਾਂਦੀ ਹੈ। ਨਾਗਾ-ਨੰਗਾ। ਉਠਿ ਜਾਈ-ਉਠ ਕੇ ਚਲਾ ਜਾਂਦਾ ਹੈ।੨। ਜਾ ਕੈ ਕੀਐ-ਜਿਨ੍ਹਾਂ ਦੇ ਲਈ। ਸ੍ਰਮੁ ਕਰੈ-ਮਿਹਨਤ ਕਰਦਾ ਹੈਂ। ਤੇ-ਉਹ। ਬੈਰ ਬਿਰੋਧੀ-ਵੈਰ ਕਰਨ ਵਾਲੇ ਵਿਰੋਧੀ। ਅੰਤਿ ਕਾਲਿ-ਅੰਤ ਸਮੇਂ। ਭਜਿ ਜਾਹਿਗੇ-ਦੌੜ ਜਾਣਗੇ। ਜਲਹੁ-ਸੜਦਾ ਹੈਂ। ਕਰੋਧੀ-ਕ੍ਰੋਧ (ਦੀ ਅੱਗ) ਵਿਚ।੩। ਰੇਣੁ-ਚਰਨ ਧੂੜ। ਸੋਈ-ਉਹ ਹੀ। ਮਸਤਕਿ-ਮੱਥੇ ਉਤੇ। ਕਰਮਾ-ਚੰਗੇ ਭਾਗ। ਛੁਟੇ-ਖੁਲ੍ਹ ਗਏ। ਸਰਨਾ-ਸ਼ਰਨ ਵਿਚ।੪।੬।੩੬।

ਬਿਲਾਵਲੁ ਮਹਲਾ ੫ ॥ ਪਿੰਗੁਲ ਪਰਬਤ ਪਾਰਿ ਪਰੇ, ਖਲ ਚਤੁਰ ਬਕੀਤਾ ॥ ਅੰਧੁਲੇ ਤ੍ਰਿਭਵਣ ਸੂਝਿਆ, ਗੁਰ ਭੇਟਿ ਪੁਨੀਤਾ ॥੧॥ ਮਹਿਮਾ ਸਾਧੂ ਸੰਗ ਕੀ, ਸੁਨਹੁ ਮੇਰੇ ਮੀਤਾ ॥ ਮੈਲੁ ਖੋਈ ਕੋਟਿ ਅਘ ਹਰੇ, ਨਿਰਮਲ ਭਏ ਚੀਤਾ ॥੧॥ਰਹਾਉ॥ ਐਸੀ ਭਗਤਿ ਗੋਵਿੰਦ ਕੀ, ਕੀਟਿ ਹਸਤੀ ਜੀਤਾ ॥ ਜੋ ਜੋ ਕੀਨੋ ਆਪਨੋ, ਤਿਸੁ ਅਭੈ ਦਾਨੁ ਦੀਤਾ ॥੨॥ (ਹੇ ਭਾਈ!) ਗੁਰੂ ਨੂੰ ਮਿਲ ਕੇ ਲੂਲੇ ਲੰਗੜੇ ਮਨੁੱਖ ਵੀ ਪਰਬਤਾਂ ਤੋਂ ਪਾਰ ਲੰਘ ਗਏ ਹਨ ਅਤੇ ਮੂਰਖ ਮਨੁੱਖ ਸਿਆਣੇ ਬਕਤਾ ਬਣ ਗਏ ਹਨ। ਅੰਨ੍ਹੇ ਮਨੁੱਖ ਨੂੰ ਤਿੰਨੇ ਭਵਨਾਂ (ਸਾਰੇ ਸੰਸਾਰ) ਦੀ ਸੋਝੀ ਪ੍ਰਾਪਤ ਹੋ ਗਈ ਹੈ ਅਤੇ (ਪਾਪੀ ਮਨੁੱਖ) ਪਵਿਤ੍ਰ ਜੀਵਨ ਵਾਲੇ ਹੋ ਗਏ ਹਨ।੧। ਹੇ ਮੇਰੇ ਮਿਤ੍ਰ! ਸਾਧ ਸੰਗਤ ਦੀ ਮਹਿਮਾ ਸੁਣ। (ਮਨੁੱਖ ਦੇ ਅੰਦਰੋਂ ਵਿਕਾਰਾਂ ਦੀ) ਮੈਲ ਦੂਰ ਹੋ ਗਈ ਹੈ, ਕ੍ਰੋੜਾਂ ਪਾਪ ਨਾਸ਼ ਹੋ ਗਏ ਹਨ ਅਤੇ (ਉਨ੍ਹਾਂ ਦੇ) ਚਿਤ ਪਵਿਤ੍ਰ ਹੋ ਗਏ ਹਨ।੧। ਰਹਾਉ। (ਹੇ ਮਿਤ੍ਰ!) ਪ੍ਰਭੂ ਦੀ ਭਗਤੀ ਐਸੀ ਤਾਕਤ ਵਾਲੀ ਹੈ, (ਜਿਸ ਤਾਕਤ ਨਾਲ) ਕੀੜੀ ਨੇ ਹਾਥੀ (ਨਿਮ੍ਰਤਾ ਨੇ ਹੰਕਾਰ) ਨੂੰ ਜਿਤ ਲਿਆ ਹੈ। ਜਿਸ ਜਿਸ ਮਨੁੱਖ ਨੂੰ (ਪ੍ਰਭੂ ਨੇ ਕਿਰਪਾ ਕਰਕੇ) ਅਪਣਾ ਦਾਸ ਬਣਾ ਲਿਆ ਹੈ, ਉਸ ਨੂੰ (ਪ੍ਰਭੂ ਨੇ) ਨਿਰਭੈ ਪਦਵੀ ਦਾ ਦਾਨ ਦਿਤਾ ਹੈ।੨।

ਅੰਗ ੮੧੦ = ਸਿੰਘੁ ਬਿਲਾਈ ਹੋਇ ਗਇਓ, ਤ੍ਰਿਣੁ ਮੇਰੁ ਦਿਖੀਤਾ ॥ ਸ੍ਰਮੁ ਕਰਤੇ ਦਮ ਆਢ ਕਉ ,ਤੇ ਗਨੀ ਧਨੀਤਾ ॥੩॥ ਕਵਨ ਵਡਾਈ ਕਹਿ ਸਕਉ ,ਬੇਅੰਤ ਗੁਨੀਤਾ ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ,ਨਾਨਕ ਦਰ ਸਰੀਤਾ ॥੪॥੭॥੩੭॥ (ਪ੍ਰਭੂ ਦੀ ਭਗਤੀ ਦਾ ਸਦਕਾ) ਸ਼ੇਰ (ਹੰਕਾਰੀ ਮਨੁੱਖ) ਬਿੱਲੀ (ਨਿਮ੍ਰਤਾ ਵਾਲਾ) ਹੋ ਗਿਆ ਅਤੇ ਕੱਖ ਦਾ ਤੀਲਾ ਹੁਣ ਸੁਮੇਰ ਪਰਬਤ ਦਿਸਦਾ ਹੈ (ਗਰੀਬ ਕਮਜੋਰ ਮਨੁੱਖ ਹੁਣ ਪਹਾੜ ਵਾਂਗ ਭਾਰੀ ਤਾਕਤ ਵਾਲਾ ਦਿਸਣ ਲਗ ਗਿਆ ਹੈ। ਜਿਹੜੇ ਮਨੁੱਖ) ਅੱਧੀ ਅੱਧੀ ਦਮੜੀ ਵਾਸਤੇ (ਕਈ ਤਰ੍ਹਾਂ ਦੇ ਕਸ਼ਟ ਸਹਾਰ ਕੇ) ਮੇਹਨਤ ਕਰਦੇ ਸਨ, ਉਹ (ਹੁਣ) ਧਨਵਾਨ ਗਿਣੇ ਜਾਣ ਲਗ ਪਏ ਹਨ।੩। (ਹੇ ਮਿਤ੍ਰ! ਸਾਧ ਸੰਗਤ ਦੀ) ਮੈਂ ਕਿਹੜੀ ਕਿਹੜੀ ਵਡਿਆਈ ਕਹਿ ਸਕਦਾ ਹਾਂ? (ਕਿਉਂਕਿ ਸਾਧ ਸੰਗਤ) ਬੇਅੰਤ ਗੁਣਾਂ ਵਾਲੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ!) ਕਿਰਪਾ ਕਰਕੇ ਮੈਨੂੰ ਅਪਣਾ ਨਾਮ ਬਖਸ਼ ਦੇਹ, ਮੈਂ ਤੇਰੇ ਦਰਸ਼ਨਾਂ ਤੋਂ ਵਾਂਝਾ ਹਾਂ; (ਨਾਮ ਬਖਸ਼ ਕੇ) ਦਰਸ਼ਨ ਦੇਂਦਾ ਹੈਂ (ਇਹ ਤੇਰੀ) ਰੀਤ ਹੈ (ਟਕਸਾਲ); ਤੇਰੇ ਦਰ ਦਾ ਗੁਲਾਮ ਹਾਂ (ਟਕਸਾਲ)।੪।੭।੩੭।

ਪਦਾਰਥ = ਪਿੰਗੁਲ-ਲੂਲ੍ਹੇ ਲੰਗੜੇ। ਪਾਰਿ ਪਰੇ-ਪਾਰ ਲੰਘ ਗਏ। ਖਲ-ਮੂਰਖ। ਚਤੁਰ ਬਕੀਤਾ-ਸਿਆਣੇ ਵਕਤਾ (ਵਿਆਖਿਆ ਕਰਨ ਵਾਲਾ)। ਅੰਧੁਲੇ-ਅੰਨ੍ਹੇ ਮਨੁੱਖ ਨੂੰ। ਤ੍ਰਿਭਵਣ-ਤਿੰਨ ਭਵਨ (ਸਾਰਾ ਸੰਸਾਰ)। ਸੂਝਿਆ-ਸੋਝੀ ਪ੍ਰਾਪਤ ਹੋ ਗਈ; ਦਿਸਣ ਲਗ ਪਿਆ। ਭੇਟਿ-ਮਿਲ ਕੇ। ਪੁਨੀਤਾ-ਪਵਿਤ੍ਰ (ਜੀਵਨ ਵਾਲੇ)।੧। ਸਾਧੂ ਸੰਗ ਕੀ-ਸਾਧ (ਗੁਰੂ ਦੀ) ਸੰਗਤ ਦੀ। ਮੀਤਾ-ਹੇ ਮਿਤ੍ਰ!। ਖੋਈ-ਦੂਰ ਹੋ ਗਈ। ਕੋਟਿ-ਕ੍ਰੋੜਾਂ। ਅਘ-ਪਾਪ। ਹਰੇ-ਨਾਸ਼ ਹੋ ਗਏ। ਨਿਰਮਲ-(ਮੈਲ ਰਹਿਤ) ਪਵਿਤ੍ਰ। ਭਏ-ਹੋ ਗਏ। ਚੀਤਾ-ਚਿਤ (ਮਨ)।੧ । ਰਹਾਉ। ਭਗਤਿ-ਭਗਤੀ। ਕੀਟਿ-ਕੀੜੀ (ਨਿਮ੍ਰਤਾ) ਨੇ। ਹਸਤੀ-ਹਾਥੀ (ਹੰਕਾਰ) ਨੂੰ। ਜੀਤਾ-ਜਿੱਤਾ ਲਿਆ। ਕੀਨੋ-ਬਣਾ ਲਿਆ। ਤਿਸੁ-ਉਸ ਨੂੰ। ਅਭੈ-ਨਿਰਭੈ ਪਦਵੀ। ਦੀਤਾ-ਦਿਤਾ ਹੈ।੨। ਸਿੰਘੁ-ਸ਼ੇਰ (ਹੰਕਾਰ)। ਬਿਲਾਈ-ਬਿੱਲੀ (ਨਿਮ੍ਰਤਾ ਵਾਲਾ ਮਨੁੱਖ)। ਤ੍ਰਿਣੁ -ਘਾਹ ਦਾ ਤੀਲਾ (ਗਰੀਬ ਕਮਜੋਰ ਮਨੁੱਖ)। ਮੇਰੁ-ਸੁਮੇਰ ਪਰਬਤ (ਭਾਰੀ ਤਾਕਤ ਵਾਲਾ)। ਦਿਖੀਤਾ-ਦਿਸਦਾ ਹੈ। ਸ੍ਰਮੁ-ਮੇਹਨਤ; ਕਸ਼ਟ। ਕਰਤੇ-ਕਰਦੇ ਸੀ। ਦਮ ਆਢ ਕਉ-ਅੱਧੀ ਕੌਡੀ ਵਾਸਤੇ। ਤੇ-ਉਹ। ਗਨੀ-ਗਿਣੇ ਜਾਂਦੇ ਹਨ। ਧਨੀਤਾ-ਧਨਵਾਨ (ਅਮੀਰ)। ੩। ਕਵਨ-ਕਿਹੜੀ। ਕਹਿ ਸਕਉ-ਮੈਂ ਕਹਿ ਸਕਦਾ ਹਾਂ। ਗੁਨੀਤਾ-ਗੁਣਾਂ ਵਾਲਾ। ਮੋਹਿ-ਮੈਨੂੰ। ਦਰ ਸਰੀਤਾ-ਦਰ ਦਾ ਗੁਲਾਮ (ਗੁ. ਗ੍ਰੰ. ਕੋਸ਼; ਦਰਪਣ) {ਤੂੰ ਸਾਵਾਣੀ ਹੈ ਕਿ ਸੁਰੀਤਾ (ਭਾ. ਗੁ. ਵਾਰ ੧੦-੧)}; ਦਰਸ ਰੀਤਾ-ਦਰਸ਼ਨਾਂ ਤੋਂ ਵਾਂਝਾ; ਦਰਸ਼ਨਾਂ ਦੀ ਰੀਤ ;ਟਕਸਾਲ ਨੇ ਦੋਵੇਂ ਅਰਥ ਕੀਤੇ ਹਨ, ਪਰ ਅਸਲੀ ਪਾਠ ਟਕਸਾਨ ਨੇ 'ਦਰ ਸਰੀਤਾ' ਹੀ ਕੀਤਾ ਹੈ।੪।੭।੩੭।

ਦੂਜੇ ਅਰਥ = ਗੁਰੂ ਨੂੰ ਮਿਲ ਕੇ ਮਨੁੱਖ ਪਵਿਤ੍ਰ ਜੀਵਨ ਵਾਲਾ ਹੋ ਜਾਂਦਾ ਹੈ, ਨਿਸ਼ਕਾਮ ਕਰਮਾਂ ਰੂਪ ਪੈਰਾਂ ਤੋਂ ਹੀਣ ਪਿੰਗਲਾ ਸੰਸਾਰ ਰੂਪ ਪਰਬਤ ਤੋਂ ਪਾਰ ਲੰਘ ਜਾਂਦਾ ਹੈ ਅਤੇ ਮੂਰਖ ਚਤਰ ਬਕਤਾ ਹੋ ਜਾਂਦਾ ਹੈ। ਗਿਆਨ ਹੀਣ ਮਨੁੱਖ ਨੂੰ ਤਿੰਨੇ ਭਵਨਾਂ ਦੀ ਸੋਝੀ ਹੋ

ਜਾਂਦੀ ਹੈ।੧।ਬਿੱਲੀ ਵਾਂਗ ਸਹਿਮੇ ਹੋਏ ਡਰਪੋਕ ਮਨੁੱਖ ਸ਼ੇਰ ਵਾਂਗ ਨਿਡਰ ਹੋ ਗਏ; ਬਿੱਲੀ ਤੋਂ ਸ਼ੇਰ ਬਣ ਗਿਆ (ਜੀਵ ਬ੍ਰਹਮ ਰੂਪ ਹੋ ਗਿਆ) ਅਤੇ ਜਿਹੜਾ ਸੰਸਾਰ ਪਹਿਲਾਂ ਪਰਬਤ ਵਾਂਗ ਦਿਸਦਾ ਸੀ, ਉਹ ਹੁਣ ਕੱਖ ਵਾਂਗ ਤੁੱਛ ਜਿਹਾ ਦਿਸਦਾ ਹੈ; ਜੋ ਕੱਖ ਵਾਂਗ ਡੋਲਦਾ ਫਿਰਦਾ ਸੀ, ਉਹ ਹੁਣ ਪਰਬਤ ਵਾਂਗ ਅਚੱਲ ਹੋ ਗਿਆ ਦਿਸਦਾ ਹੈ (ਫ. ਸ.)।੩।

ਬਿਲਾਵਲੁ ਮਹਲਾ ੫ ॥ ਅਹੰਬੁਧਿ ਪਰ ਬਾਦ ਨੀਤ, ਲੋਭ ਰਸਨਾ ਸਾਦਿ ॥ ਲਪਟਿ ਕਪਟਿ ਗ੍ਰਿਹਿ ਬੇਧਿਆ, ਮਿਥਿਆ ਬਿਖਿਆਦਿ ॥੧॥ ਐਸੀ ਪੇਖੀ ਨੇਤ੍ਰ ਮਹਿ, ਪੂਰੇ ਗੁਰ ਪਰਸਾਦਿ ॥ ਰਾਜ ਮਿਲਖ ਧਨ ਜੋਬਨਾ, ਨਾਮੈ ਬਿਨੁ ਬਾਦਿ ॥੧॥ਰਹਾਉ॥ ਰੂਪ ਧੂਪ ਸੋਗੰਧਤਾ, ਕਾਪਰ ਭੋਗਾਦਿ ॥ ਮਿਲਤ ਸੰਗਿ ਪਾਪਿਸਟ ਤਨ, ਹੋਏ ਦੁਰਗਾਦਿ ॥੨॥ ਫਿਰਤ ਫਿਰਤ ਮਾਨੁਖੁ ਭਇਆ, ਖਿਨ ਭੰਗਨ ਦੇਹਾਦਿ ॥ ਇਹ ਅਉਸਰ ਤੇ ਚੂਕਿਆ, ਬਹੁ ਜੋਨਿ ਭ੍ਰਮਾਦਿ ॥੩॥ ਪ੍ਰਭ ਕਿਰਪਾ ਤੇ ਗੁਰ ਮਿਲੇ, ਹਰਿ ਹਰਿ ਬਿਸਮਾਦ ॥ ਸੂਖ ਸਹਜ ਨਾਨਕ ਅਨੰਦ, ਤਾ ਕੈ ਪੂਰਨ ਨਾਦ ॥੪॥੮॥੩੮॥ (ਹੇ ਭਾਈ!) ਹੰਕਾਰ ਵਾਲੀ ਬੁੱਧੀ ਹੋਣ ਕਰਕੇ ਜੀਵ ਹਰ ਰੋਜ਼ ਦੂਜਿਆਂ ਨਾਲ ਝਗੜੇ ਕਰਦਾ ਹੈ ਅਤੇ ਲੋਭ ਤੇ ਜੀਭ ਦੇ ਸੁਆਦ ਵਿਚ ਗਲਤਾਨ ਰਹਿੰਦਾ ਹੈ।ਘਰ ਦੇ ਧੰਧਿਆਂ ਵਿਚ ਤੇ ਕਪਟ ਵਿਚ ਫਸ ਕੇ ਝੂਠੇ ਵਿਸ਼ੇ ਵਿਕਾਰ ਆਦਿ ਵਿਚ ਜੁੜਿਆ ਰਹਿੰਦਾ ਹੈ।੧।(ਹੇ ਭਾਈ!) ਮੈਂ ਪੂਰੇ ਗੁਰੂ ਦੀ ਕ੍ਰਿਪਾ ਨਾਲ ਅਪਣੀ ਨਜ਼ਰ ਵਿਚ ਜਗਤ ਦੀ ਇਹੋ ਜਿਹੀ ਹਾਲਤ ਦੇਖੀ ਹੈ।ਦੁਨੀਆਂ ਦਾ ਰਾਜ, ਜ਼ਮੀਨਾਂ ਦੀ ਮਾਲਕੀ, ਧਨ ਤੇ ਜਵਾਨੀ (ਹਰੀ ਦੇ) ਨਾਮ ਤੋਂ ਬਿਨਾ ਸਭ ਬਿਅਰਥ ਹਨ।੧।ਰਹਾਉ।ਸੁੰਦਰ ਰੂਪ, ਧੂਪ, ਸੁਗੰਧੀਆਂ, ਕੱਪੜੇ ਅਤੇ (ਹੋਰ ਪਦਾਰਥਾਂ ਦੇ) ਭੋਗ ਆਦਿ।ਮਹਾਂ ਪਾਪੀ ਸਰੀਰ ਨਾਲ ਮਿਲਦਿਆਂ ਹੀ (ਇਹ ਸਭ ਚੰਗੇ ਪਦਾਰਥ) ਦੁਰਗੰਧੀ ਵਾਲੇ ਹੋ ਜਾਂਦੇ ਹਨ।੨।(ਕਈ ਜੂਨਾਂ ਵਿਚ) ਫਿਰਦਿਆਂ ਫਿਰਦਿਆਂ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, (ਪਰ ਇਹ) ਦੇਹ ਆਦਿਕ (ਸਭ ਕੁਛ) ਇਕ ਖਿਨ ਵਿਚ ਨਾਸ਼ ਹੋ ਜਾਣ ਵਾਲੇ ਹਨ।ਇਸ ਮਨੁੱਖਾ ਜਨਮ ਦੇ ਮੌਕੇ ਤੋਂ ਖੁੰਝਿਆਂ (ਜੀਵ) ਬਹੁਤ ਜੋਨੀਆਂ ਵਿਚ ਭ੍ਰਮਦਾ ਹੈ।੩।(ਹੇ ਭਾਈ! ਜਿਨ੍ਹਾਂ ਮਨੁੱਖਾਂ ਨੂੰ) ਪ੍ਰਭੂ ਦੀ ਕਿਰਪਾ ਨਾਲ ਗੁਰੂ ਜੀ ਮਿਲ ਪਏ ਹਨ, ਉਹ ਹਰੀ ਦਾ ਨਾਮ ਜਪ ਕੇ ਬਿਸਮਾਦ ਰੂਪ ਹੋ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਨੂੰ) ਕੁਦਰਤੀ ਸੁਖ ਤੇ ਆਤਮਕ ਅਨੰਦ ਪ੍ਰਾਪਤ ਹੋਇਆ ਹੈ ਅਤੇ ਉਨ੍ਹਾਂ ਦੇ ਹਿਰਦੇ ਵਿਚ (ਪ੍ਰਭੂ ਦੇ ਜਸ ਦੇ) ਪੂਰਨ ਵਾਜੇ ਵੱਜਣ ਲਗ ਪਏ ਹਨ; ਪੂਰਨ ਸ਼ਬਦ ਦੀ ਧੁਨੀ ਪ੍ਰਗਟੀ ਹੈ (ਸ਼ਬਦਾਰਥ)।੪।੮।੩੮।

ਪਦਾਰਥ = ਅਹੰਬੁਧਿ–ਹੰਕਾਰ ਵਾਲੀ ਬੁੱਧੀ।ਪਰ ਬਾਦ–ਦੂਜਿਆਂ ਨਾਲ ਝਗੜਾ।ਨੀਤ–ਨਿੱਤ।ਰਸਨਾ ਸਾਦਿ–ਜੀਭ ਦੇ ਸੁਆਦ ਵਿਚ। ਲਪਟਿ–ਲਪਟ (ਫਸ) ਕੇ।ਕਪਟਿ–ਠੱਗੀ ਫਰੇਬ ਵਿਚ।ਗ੍ਰਿਹਿ–ਘਰ (ਦੇ ਧੰਧਿਆਂ) ਵਿਚ।ਬੇਧਿਆ–ਜੁੜਿਆ ਹੈ।ਮਿਥਿਆ–ਝੂਠੇ। ਬਿਖਿਆਦਿ–ਵਿਸ਼ੇ ਵਿਕਾਰ ਆਦਿ ਵਿਚ।੧।ਪੇਖੀ–ਦੇਖੀ।ਨੇਤ੍ਰ ਮਹਿ–ਅੱਖਾਂ (ਨਜ਼ਰ) ਵਿਚ।ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਮਿਲਖ–ਜ਼ਮੀਨ ਦੀ ਮਾਲਕੀ (ਜਗੀਰ)।ਜੋਬਨਾ–ਜਵਾਨੀ।ਬਾਦਿ–ਬਿਅਰਥ।੧।ਰਹਾਉ।ਰੂਪ–ਸੁੰਦਰ ਰੂਪ।ਧੂਪ ਸੁਗੰਧਤਾ–ਸੁਗੰਧੀ ਵਾਲੀਆਂ ਚੀਜ਼ਾਂ ਦਾ ਧੂਆਂ।ਕਾਪਰ–ਕੱਪੜੇ।ਭੋਗਾਦਿ–(ਪਦਾਰਥਾਂ ਦੇ) ਭੋਗ ਆਦਿ।ਮਿਲਤ–ਮਿਲਦਿਆਂ ਹੀ।ਸੰਗਿ–ਨਾਲ।ਤਨ–ਸਰੀਰ।ਪਾਪਿਸਟ–ਮਹਾਂ ਪਾਪੀ।ਦੁਰਗਾਧਿ–ਦੁਰਗੰਧੀ ਵਾਲੇ।੨।ਫਿਰਤ ਫਿਰਤ–(ਅਨੇਕਾਂ ਜੋਨੀਆਂ ਵਿਚ) ਫਿਰਦਿਆਂ ਫਿਰਦਿਆਂ। ਭਇਆ–(ਪ੍ਰਾਪਤ) ਹੋਇਆ।ਖਿਨ ਭੰਗਨ–ਖਿਨ ਵਿਚ ਨਾਸ਼ ਹੋ ਜਾਣ ਵਾਲਾ।ਦੇਹਾਦਿ–ਸਰੀਰ ਆਦਿ (ਸਭ ਕੁਛ)।ਅਉਸਰ–ਮੌਕਾ; ਵੇਲਾ।ਤੇ–ਤੋਂ; ਨਾਲ।ਚੂਕਿਆ–ਖੁੰਝਿਆਂ।ਬਹੁ ਜੋਨਿ–ਬਹੁਤ ਜੋਨੀਆਂ ਵਿਚ।ਭ੍ਰਮਾਦਿ–ਭ੍ਰਮਦਾ ਹੈ।੩।ਬਿਸਮਾਦ–ਅੰਤਹਕਰਣ ਦੀ ਕੁਦਰਤੀ ਅਨੰਦ ਵਾਲੀ ਅਵਸਥਾ।ਸੂਖ ਸਹਜ–ਕੁਦਰਤੀ ਸੁੱਖ।ਤਾ ਕੈ–ਉਨ੍ਹਾਂ ਦੇ।ਨਾਦ–ਵਾਜੇ; ਸ਼ਬਦ।੪।੮।੩੮।

ਬਿਲਾਵਲੁ ਮਹਲਾ ੫ ॥ ਚਰਨ ਭਏ ਸੰਤ ਬੋਹਿਥਾ, ਤਰੇ ਸਾਗਰੁ ਜੇਤ ॥ ਮਾਰਗ ਪਾਏ ਉਦਿਆਨ ਮਹਿ, ਗੁਰਿ ਦਸੇ ਭੇਤ ॥੧॥ ਹਰਿ ਹਰਿ ਹਰਿ ਹਰਿ ਹਰਿ ਹਰੇ, ਹਰਿ ਹਰਿ ਹਰਿ ਹੇਤ ॥ ਊਠਤ ਬੈਠਤ ਸੋਵਤੇ, ਹਰਿ ਹਰਿ ਹਰਿ ਚੇਤ ॥੧॥ਰਹਾਉ॥ ਪੰਚ ਚੋਰ ਆਗੈ ਭਗੇ, ਜਬ ਸਾਧ ਸੰਗੇਤ ॥ ਪੂੰਜੀ ਸਾਬਤੁ ਘਣੋ ਲਾਭੁ, ਗ੍ਰਿਹਿ ਸੋਭਾ ਸੇਤ ॥੨॥ ਨਿਹਚਲ ਆਸਣੁ ਮਿਟੀ ਚਿੰਤ, ਨਾਹੀ ਡੋਲੇਤ ॥ ਭਰਮੁ ਭੁਲਾਵਾ ਮਿਟਿ ਗਇਆ, ਪ੍ਰਭ ਪੇਖਤ ਨੇਤ ॥੩॥ ਗੁਣ ਗਭੀਰ ਗੁਨ ਨਾਇਕਾ, ਗੁਣ ਕਹੀਅਹਿ ਕੇਤ ॥ ਨਾਨਕ ਪਾਇਆ ਸਾਧ ਸੰਗਿ, ਹਰਿ ਹਰਿ ਅੰਮ੍ਰੇਤ ॥੪॥੯॥੩੯॥ (ਹੇ ਭਾਈ! ਸਿੱਖਾਂ ਲਈ) ਸੰਤ ਗੁਰੂ ਦੇ ਚਰਨ ਜਹਾਜ਼ ਰੂਪ ਹੋਏ ਹਨ, ਜਿਸ (ਜਹਾਜ਼) ਰਾਹੀਂ ਉਹ ਸੰਸਾਰ ਸਮੁੰਦਰ ਤੋਂ ਤਰ ਗਏ ਹਨ।ਗੁਰੂ ਨੇ (ਉਨ੍ਹਾਂ ਨੂੰ ਕਾਮਾਦਿਕਾਂ ਉਤੇ ਕਾਬੂ ਪਾਉਣ ਦੇ) ਭੇਤ ਦੱਸੇ ਹਨ, ਅਤੇ (ਉਨ੍ਹਾਂ ਨੇ ਗੁਰੂ ਪਾਸੋਂ) ਸੰਸਾਰ ਰੂਪ ਉਜਾੜ ਵਿਚ (ਗੁਰਮਤਿ ਦਾ) ਰਸਤਾ ਪਾਇਆ ਹੈ।੧।(ਹੇ ਭਾਈ! ਤੂੰ) ਮਨ, ਤਨ ਤੇ ਬਾਣੀ ਕਰਕੇ ਹਰੀ ਦੇ ਹਰਿ ਹਰਿ ਨਾਮ ਨਾਲ ਪ੍ਰੇਮ ਕਰ।ਅਤੇ ਉਠਦਿਆਂ, ਬੈਠਦਿਆਂ ਤੇ ਸੌਂਦਿਆਂ ਹਰੀ ਦਾ ਹਰਿ ਹਰਿ ਨਾਮ ਚੇਤੇ

ਕਰਿਆ ਕਰ।੧।ਰਹਾਉ।ਜਦੋਂ (ਸਿੱਖਾਂ ਨੂੰ) ਸਾਧੂ ਗੁਰੂ ਦੀ ਸੰਗਤ ਪ੍ਰਾਪਤ ਹੋਈ, ਤਾਂ ਪੰਜ ਕਾਮਾਦਿਕ ਚੋਰ (ਉਨ੍ਹਾਂ ਦੇ) ਅੱਗੇ ਲਗ ਕੇ ਦੌੜ ਗਏ।(ਪ੍ਰਭੂ ਵੱਲੋਂ ਮਿਲੀ ਸੁਆਸਾਂ ਦੀ) ਪੂੰਜੀ (ਉਹ) ਸਾਬਤ (ਬਚਾ ਕੇ) ਰੱਖਦੇ ਹਨ ਤੇ (ਨਾਮ ਧਨ ਦਾ) ਬਹੁਤ ਲਾਭ ਖੱਟਦੇ ਹਨ ਅਤੇ ਸੋਭਾ ਨਾਲ ਵਾਪਸ (ਰੱਬ ਦੇ) ਘਰ ਪੁਜਦੇ ਹਨ।੨।(ਪ੍ਰਭੂ ਦੀ ਹਜ਼ੂਰੀ ਵਿਚ ਉਨ੍ਹਾਂ ਨੂੰ) ਪੱਕਾ ਟਿਕਾਣਾ ਮਿਲ ਗਿਆ, (ਜਿਸ ਕਰ ਕੇ ਹੁਣ ਉਨ੍ਹਾਂ ਦਾ ਮਨ) ਡੋਲਦਾ ਨਹੀਂ ਅਤੇ (ਉਨ੍ਹਾਂ ਦੀ ਹਰ ਪ੍ਰਕਾਰ ਦੀ) ਚਿੰਤਾ ਮਿਟ ਗਈ ਹੈ।ਹਰੀ ਨੂੰ ਅੱਖਾਂ ਨਾਲ ਦੇਖ ਕੇ (ਉਨ੍ਹਾਂ ਦਾ) ਭਰਮ ਭੁਲੇਖਾ ਮਿਟ ਗਿਆ ਹੈ।੩।(ਹੇ ਭਾਈ! ਪ੍ਰਭੂ ਦੇ) ਕਿਤਨੇ ਗੁਣ ਕਥਨ ਕਰੀਏ? (ਕਿਉਂਕਿ ਉਹ) ਗੁਣਾਂ ਦਾ ਡੂੰਘਾ ਸਮੁੰਦਰ ਅਤੇ (ਅਥਾਹ) ਗੁਣਾਂ ਦਾ ਮਾਲਕ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਨੇ) ਸਾਧ ਗੁਰੂ ਦੀ ਸੰਗਤ ਵਿਚ ਹਰੀ ਦਾ ਅੰਮ੍ਰਿਤ ਨਾਮ ਜਪਿਆ ਹੈ, (ਉਸ ਨੇ) ਪ੍ਰਭੂ ਨੂੰ ਪਾਇਆ ਹੈ।੪।੯।੩੯।

ਪਦਾਰਥ = ਚਰਨ ਸੰਤ–ਸੰਤ ਗੁਰੂ ਦੇ ਚਰਨ।ਭਏ–ਹੋਏ ਹਨ।ਬੋਹਿਥਾ–ਜਹਾਜ।ਤਰੇ–ਤਰ ਗਏ।ਸਾਗਰੁ–ਸੰਸਾਰ ਸਮੁੰਦਰ।ਜੇਤ–ਜਿਸ ਰਾਹੀਂ।ਮਾਰਗ–ਰਸਤਾ।ਪਾਏ–ਪਾ ਲਿਆ।ਉਦਿਆਨ ਮਹਿ–ਉਜਾੜ ਵਿਚ।ਗੁਰਿ–ਗੁਰੂ ਨੇ।ਭੇਤ–ਗੁਪਤ ਗੱਲਾਂ।੧।ਹੇਤ–ਪ੍ਰੇਮ।ਸੋਵਤ–ਸੌਂਦਿਆਂ।ਚੇਤ–ਯਾਦ ਕਰ।੧।ਰਹਾਉ।ਪੰਚ ਚੋਰ–ਪੰਜ ਕਾਮਾਦਿਕ ਚੋਰ।ਆਗੈ ਭਗੇ–ਅੱਗੇ ਲੱਗ ਕੇ ਦੌੜ ਗਏ।ਜਬ–ਜਦੋਂ।ਸੰਗੇਤ–ਸੰਗਤ।ਪੂੰਜੀ–(ਸੁਆਸਾਂ ਜਾਂ ਦੈਵੀ ਗੁਣਾਂ ਦੀ) ਰਾਸ਼ੀ।ਸਾਬਤੁ–ਪੂਰੀ; ਕਾਇਮ; ਅਖੰਡ।ਘਣੋ–ਬਹੁਤ।ਗ੍ਰਿਹਿ–ਘਰ (ਰੱਬ ਦੀ ਹਜ਼ੂਰੀ) ਵਿਚ।ਸੋਭਾ ਸੇਤ–ਵਡਿਆਈ ਨਾਲ।੨।ਨਿਹਚਲ–ਅਚੱਲ; ਪੱਕਾ।ਆਸਨੁ–ਟਿਕਾਣਾ।ਨਾਹੀ ਡੋਲੇਤ–ਡੋਲਦਾ ਨਹੀਂ।ਭੁਲਾਵਾ–ਭੁਲੇਖਾ।ਪੇਖਤ–ਦੇਖ ਕੇ।ਨੇਤ–ਨੇਤ੍ਰਾਂ (ਅੱਖਾਂ) ਨਾਲ।੩।ਗਭੀਰ–ਡੂੰਘਾ (ਸਮੁੰਦਰ)।ਗੁਨ ਨਾਇਕਾ–ਗੁਣਾਂ ਦਾ ਮਾਲਕ।ਕਹੀਅਹਿ ਕੇਤ–ਕਿੰਨੇ ਕੁ ਕਥਨ ਕਰੀਏ? ਅੰਮ੍ਰੇਤ–ਅੰਮ੍ਰਿਤ ਨਾਮ।੪।੯।੩੯।

ਬਿਲਾਵਲੁ ਮਹਲਾ ੫ ॥ ਬਿਨੁ ਸਾਧੂ ਜੋ ਜੀਵਨਾ, ਤੇਤੋ ਬਿਰਥਾਰੀ ॥ ਮਿਲਤ ਸੰਗਿ ਸਭਿ ਭ੍ਰਮ ਮਿਟੇ, ਗਤਿ ਭਈ ਹਮਾਰੀ ॥੧॥ ਜਾ ਦਿਨ ਭੇਟੇ ਸਾਧ ਮੋਹਿ, ਉਆ ਦਿਨ ਬਲਿਹਾਰੀ ॥ ਤਨੁ ਮਨੁ ਅਪਨੋ ਜੀਅਰਾ, ਫਿਰਿ ਫਿਰਿ ਹਉ ਵਾਰੀ ॥੧॥ਰਹਾਉ॥ ਏਤ ਛਡਾਈ ਮੋਹਿ ਤੇ, ਇਤਨੀ ਦ੍ਰਿੜਤਾਰੀ ॥ ਸਗਲ ਰੇਨ ਇਹੁ ਮਨੁ ਭਇਆ, ਬਿਨਸੀ ਅਪਧਾਰੀ ॥੨॥ ਨਿੰਦ ਚਿੰਦ ਪਰਦੂਖਨਾ, ਏ ਖਿਨ ਮਹਿ ਜਾਰੀ ॥ ਦਇਆ ਮਇਆ ਅਰੁ ਨਿਕਟਿ ਪੇਖੁ ,ਨਾਹੀ ਦੂਰਾਰੀ ॥੩॥ ਤਨ ਮਨ ਸੀਤਲ ਭਏ ਅਬ, ਮੁਕਤੇ ਸੰਸਾਰੀ ॥ ਹੀਤ ਚੀਤ ਸਭ ਪ੍ਰਾਨ ਧਨ, ਨਾਨਕ ਦਰਸਾਰੀ ॥੪॥੧੦॥੪੦॥ (ਹੇ ਭਾਈ!) ਸਾਧੂਆਂ ਦੀ ਸੰਗਤ ਤੋਂ ਬਿਨਾ ਜੋ ਜਿਉਣਾ ਹੈ, ਉਹ ਉਤਨਾ ਹੀ ਬਿਅਰਥ ਹੈ।ਸਾਧ ਸੰਗਤ ਵਿਚ ਮਿਲਣ ਨਾਲ ਸਭ ਭਰਮ ਮਿਟ ਗਏ ਹਨ ਅਤੇ ਸਾਡੀ (ਸਭ ਦੀ) ਕਲਿਆਣ ਹੋ ਗਈ ਹੈ (ਸੁਖੀ ਹੋ ਗਏ ਹਾਂ)।੧।ਜਿਸ ਦਿਨ ਮੈਨੂੰ ਸਾਧੂ ਮਿਲੇ, ਮੈਂ ਉਸ ਦਿਨ ਤੋਂ ਬਲਿਹਾਰ ਜਾਂਦਾ ਹਾਂ।ਮੈਂ ਅਪਣਾ ਤਨ ਮਨ ਤੇ ਜਿੰਦ ਮੁੜ ਮੁੜ ਕੇ (ਸਾਧੂਆਂ ਤੋਂ) ਕੁਰਬਾਨ ਕਰਦਾ ਹਾਂ।੧।ਰਹਾਉ।(ਹੇ ਭਾਈ! ਸਾਧ ਸੰਗਤ ਨੇ) ਮੇਰੇ ਤੋਂ ਇਤਨੀ ਅਪਣੱਤ ਛਡਾ ਕੇ ਇਤਨੀ ਨਿਮ੍ਰਤਾ ਦ੍ਰਿੜ ਕਰਾਈ ਹੈ ਕਿ ਮੇਰਾ ਇਹ ਮਨ ਸਾਰਿਆਂ ਦੀ ਚਰਨ ਧੂੜ ਹੋ ਗਿਆ ਹੈ ਅਤੇ ਧਾਰਨ ਕੀਤੀ ਹੋਈ ਅਪਣੱਤ (ਹਉਮੈ) ਨਾਸ਼ ਹੋ ਗਈ ਹੈ।੨।(ਸਾਧ ਸੰਗਤ ਨੇ ਦੂਜਿਆਂ ਦੀ) ਨਿੰਦਿਆ ਕਰਨੀ, (ਅਪਣੀ) ਉਸਤਤੀ ਕਰਨੀ ਤੇ ਦੂਜਿਆਂ ਤੇ ਦੋਸ਼ ਲਾਉਣ ਵਾਲੀ ਆਦਤ, ਇਹ (ਵਿਕਾਰ ਸਾਡੇ ਸਭ ਦੇ) ਇਕ ਖਿਨ ਵਿਚ ਸਾੜ ਦਿਤੇ।(ਸਾਧੂਆਂ ਨੇ ਸਿੱਖਿਆ ਦਿਤੀ ਕਿ ਸਭ ਉਤੇ) ਦਇਆ ਕਰੋ ਅਤੇ ਮੇਹਰ ਕਰਨ ਵਾਲੇ ਪ੍ਰਭੂ ਨੂੰ ਨੇੜੇ ਦੇਖੋ, (ਉਹ) ਦੂਰ ਨਹੀਂ ਹੈ।੩।(ਸਾਧੂਆਂ ਦੀ ਸੰਗਤ ਕਰਨ ਨਾਲ ਸਾਡੇ ਸਭ ਸੰਗੀਆਂ ਦੇ) ਹੁਣ ਮਨ ਤੇ ਤਨ ਸ਼ਾਂਤ ਹੋ ਗਏ ਹਨ ਅਤੇ (ਅਸੀਂ) ਸੰਸਾਰ ਦੇ ਬੰਧਨਾਂ ਤੋਂ ਮੁਕਤ ਹੋ ਗਏ ਹਾਂ।ਪ੍ਰਭੂ ਦਾ ਦਰਸ਼ਨ ਕਰਨ ਵਾਸਤੇ ਨਾਨਕ ਦਾ ਧਨ, ਚਿਤ ਦਾ ਹਿਤ ਤੇ ਪ੍ਰਾਣ ਸਭ ਕੁਛ ਲੱਗਾ ਹੋਇਆ ਹੈ।੪।੧੦।੪੦।

ਪਦਾਰਥ = ਤੇਤੋ–ਉਤਨਾ ਹੀ।ਬਿਰਥਾਰੀ–ਬਿਅਰਥ।ਸੰਗਿ–ਸੰਗਤ ਵਿਚ।ਗਤਿ ਭਈ–ਕਲਿਆਣ ਹੋ ਗਈ (ਸੁਖੀ ਹੋ ਗਏ ਹਾਂ)।ਹਮਾਰੀ–ਸਾਡੀ (ਸਭ ਜੀਵਾਂ ਦੀ)।੧।ਜਾ ਦਿਨ–ਜਿਸ ਦਿਨ।ਭੇਟੇ–ਮਿਲੇ।ਮੋਹਿ–ਮੈਨੂੰ।ਉਆ ਦਿਨ–ਉਸ ਦਿਨ ਤੋਂ।ਤਨੁ–ਸਰੀਰ। ਜੀਅਰਾ–ਜਿੰਦ।ਫਿਰਿ ਫਿਰਿ–ਮੁੜ ਮੁੜ।ਹਉ–ਮੈਂ।ਵਾਰੀ–ਕੁਰਬਾਨ ਕਰਦਾ ਹਾਂ।੧।ਰਹਾਉ।ਏਤ–ਇਤਨੀ।ਮੋਹਿ ਤੇ–ਮੇਰੇ ਤੋਂ। ਦ੍ਰਿੜਤਾਰੀ–ਪੱਕੀ ਕਰਾਈ।ਸਗਲ–ਸਾਰਿਆਂ ਦੀ।ਰੇਨ–ਚਰਨ ਧੂੜ।ਭਇਆ–ਹੋ ਗਿਆ।ਬਿਨਸੀ–ਨਾਸ਼ ਹੋ ਗਈ।ਅਪਧਾਰੀ–ਧਾਰਨ ਕੀਤੀ ਅਪਣੱਤ।੨।ਨਿੰਦ ਚਿੰਦ–ਨਿੰਦਿਆ ਤੇ ਉਸਤਤੀ।ਪਰਦੂਖਨਾ–ਦੂਜਿਆਂ ਤੇ ਦੋਸ਼ ਲਾਉਣੇ।ਏ–ਏਹ।ਖਿਨ ਮਹਿ–ਇਕ ਪਲ ਵਿਚ।ਜਾਰੀ–ਸਾੜ ਦਿਤੇ।ਮਇਆ–ਮੇਹਰਵਾਨ।ਅਰੁ–ਅਤੇ।ਨਿਕਟਿ–ਨੇੜੇ।ਦੂਰਾਰੀ–ਦੂਰ।੩।ਸੀਤਲ–ਠੰਢਾ; ਸ਼ਾਂਤ।ਭਏ–ਹੋ ਗਏ।ਅਬ–ਹੁਣ।ਸੰਸਾਰੀ–ਸੰਸਾਰ ਦੇ।ਹੀਤ ਚੀਤ–ਚਿਤ ਦਾ ਹਿਤ (ਲਗਨ)।ਦਰਸਾਰੀ–ਦਰਸ਼ਨ।੪।੧੦।੪੦।

ਬਿਲਾਵਲੁ ਮਹਲਾ ੫ ॥ ਟਹਲ ਕਰਉ ਤੇਰੇ ਦਾਸ ਕੀ, ਪਗ ਝਾਰਉ ਬਾਲ ॥ ਮਸਤਕੁ ਅਪਨਾ ਭੇਟ ਦੇਉ ,ਗੁਨ ਸੁਨਉ ਰਸਾਲ ॥੧ ॥ ਤੁਮ੍ ਮਿਲਤੇ ਮੇਰਾ ਮਨੁ ਜੀਓ, ਤੁਮ੍ ਮਿਲਹੁ ਦਇਆਲ ॥(ਹੇ ਪ੍ਰਭੂ! ਮੈਨੂੰ ਸੁਮੱਤ ਬਖਸ਼ ਕਿ) ਮੈਂ ਤੇਰੇ ਦਾਸਾਂ ਦੀ ਸੇਵਾ ਕਰਦਾ ਰਹਾਂ ਅਤੇ ਅਪਣੇ ਕੇਸਾਂ ਨਾਲ (ਉਨ੍ਹਾਂ ਦੇ) ਚਰਨ ਝਾੜਦਾ ਰਹਾਂ।ਮੈਂ ਅਪਣਾ ਸਿਰ (ਉਨ੍ਹਾਂ ਨੂੰ) ਭੇਟਾ ਕਰ ਦੇਵਾਂ ਅਤੇ (ਉਨ੍ਹਾਂ ਪਾਸੋਂ ਤੇਰੇ) ਰਸਦਾਇਕ ਗੁਣ ਸੁਣਦਾ ਰਹਾਂ।੧।ਹੇ ਦਇਆ ਕਰਨ ਵਾਲੇ ਪ੍ਰਭੂ! ਤੂੰ ਮੈਨੂੰ ਤੇਰੇ ਮਿਲ, ਤੇਰੇ ਮਿਲਣ ਨਾਲ ਮੇਰਾ ਮਨ ਜਿਉਂਦਾ ਹੈ (ਮਨ ਨੂੰ ਨਵਾਂ ਆਤਮਕ ਜੀਵਨ ਮਿਲਦਾ ਹੈ)।

ਅੰਗ ੮੧੧ = ਨਿਸਿ ਬਾਸੁਰ ਮਨਿ ਅਨਦੁ ਹੋਤ, ਚਿਤਵਤ ਕਿਰਪਾਲ ॥੧॥ਰਹਾਉ॥ ਜਗਤ ਉਧਾਰਨ ਸਾਧ ਪ੍ਰਭ, ਤਿਨ੍ ਲਾਗਹੁ ਪਾਲ ॥ ਮੋਕਉ ਦੀਜੈ ਦਾਨੁ ਪ੍ਰਭ, ਸੰਤਨ ਪਗ ਰਾਲ ॥੨॥ ਉਕਤਿ ਸਿਆਨਪ ਕਛੂ ਨਹੀ, ਨਾ ਹੀ ਕਛੁ ਘਾਲ ॥ ਭ੍ਰਮ ਭੈ ਰਾਖਹੁ ਮੋਹ ਤੇ, ਕਾਟਹੁ ਜਮ ਜਾਲ ॥੩॥ ਬਿਨਉ ਕਰਉ ਕਰੁਣਾਪਤੇ, ਪਿਤਾ ਪ੍ਰਤਿਪਾਲ ॥ ਗੁਣ ਗਾਵਉ ਤੇਰੇ ਸਾਧ ਸੰਗਿ, ਨਾਨਕ ਸੁਖ ਸਾਲ ॥੪॥੧੧॥੪੧॥ ਹੇ ਕਿਰਪਾ ਦੇ ਘਰ ਪ੍ਰਭੂ! (ਤੇਰੇ ਗੁਣਾਂ ਦੀ) ਵਿਚਾਰ ਕਰਦਿਆਂ ਮੇਰੇ ਮਨ ਵਿਚ ਰਾਤ ਦਿਨ ਅਨੰਦ ਪ੍ਰਾਪਤ ਹੁੰਦਾ ਹੈ।੧।ਰਹਾਉ।ਹੇ ਪ੍ਰਭੂ! ਤੇਰੇ ਸਾਧੂ ਜਨ (ਜੀਵਾਂ ਨੂੰ) ਜਗਤ ਤੋਂ ਤਾਰਨ ਵਾਲੇ ਹਨ, (ਮੇਰੇ ਤੇ ਕ੍ਰਿਪਾ ਕਰ ਕਿ) ਮੈਂ ਉਨ੍ਹਾਂ ਦੇ ਪੱਲੇ ਲਗ ਜਾਵਾਂ।ਹੇ ਪ੍ਰਭੂ! ਮੈਨੂੰ ਸੰਤਾਂ ਦੀ ਚਰਨ ਧੂੜ ਦਾ ਦਾਨ ਬਖਸ਼ ਦੇਹ।੨।ਹੇ ਪ੍ਰਭੂ! (ਮੇਰੇ ਪਾਸ) ਨਾ ਕੋਈ ਯੁਕਤੀ ਹੈ ਤੇ ਨਾ ਕੁਛ ਸਿਆਣਪ ਹੈ ਅਤੇ ਨਾ ਹੀ ਮੈਂ ਕੁਛ ਘਾਲ ਕਮਾਈ ਕੀਤੀ ਹੈ।ਭਰਮ, (ਮੌਤ ਦੇ) ਡਰ ਤੇ (ਸਬੰਧੀਆਂ ਦੇ) ਮੋਹ ਤੋਂ ਮੇਰੀ ਰੱਖਿਆ ਕਰ ਅਤੇ ਮੇਰਾ ਜਮ ਜਾਲ ਕੱਟ ਦੇਹ।੩।ਹੇ ਕ੍ਰਿਪਾ ਦੇ ਮਾਲਕ! ਹੇ ਹਰੇਕ ਜੀਵ ਦੀ ਪਾਲਣਾ ਕਰਨ ਵਾਲੇ ਪਿਤਾ! ਮੈਂ ਬੇਨਤੀ ਕਰਦਾ ਹਾਂ।ਕਿ ਨਾਨਕ ਸਾਧ ਸੰਗਤ ਵਿਚ ਤੇਰੇ ਗੁਣ ਗਾਉਂਦਾ ਰਹੇ, ਜੋ ਸੁੱਖਾਂ ਦਾ ਘਰ ਹੈ।੪।੧੧।੪੧।

ਪਦਾਰਥ = ਟਹਲ ਕਰਉ–ਮੈਂ ਸੇਵਾ ਕਰਦਾ ਰਹਾਂ।ਪਗ–ਪੈਰ (ਚਰਨ)।ਝਾਰਉ–ਮੈਂ ਝਾੜਦਾ ਰਹਾਂ।ਬਾਲ–ਵਾਲਾਂ (ਕੇਸਾਂ) ਨਾਲ। ਮਸਤਕੁ–ਮੱਥਾ (ਸਿਰ)।ਭੇਟ ਦੇਉ–ਭੇਟਾ ਕਰ ਦੇਵਾਂ।ਸੁਨਉ–ਮੈਂ ਸੁਣਦਾ ਰਹਾਂ।ਰਸਾਲ–ਰਸ ਦਾਇਕ (ਸੁਆਦਲੇ)।੧।ਤੁਮ੍ ਮਿਲਤ –ਤੇਰੇ ਮਿਲਣ ਨਾਲ।ਜੀਓ–ਜਿਉਂਦਾ ਹੈ (ਮਨ ਨੂੰ ਨਵਾਂ ਜੀਵਨ ਮਿਲਦਾ ਹੈ)।ਦਇਆਲ–ਹੇ ਦਇਆ ਕਰਨ ਵਾਲੇ ਪ੍ਰਭੂ!।ਨਿਸਿ–ਰਾਤ।ਬਾਸੁਰ–ਦਿਨ।ਮਨਿ–ਮਨ ਵਿਚ।ਅਨਦ ਹੋਤ–ਅਨੰਦ ਹੁੰਦਾ ਹੈ।ਚਿਤਵਤ–ਵਿਚਾਰ ਕਰਦਿਆਂ; ਚੇਤੇ ਕਰਦਿਆਂ।੧।ਰਹਾਉ। ਜਗਤ ਉਧਾਰਨ–ਜਗਤ ਤੋਂ ਤਾਰਨ ਵਾਲੇ।ਤਿਨ੍–ਉਨ੍ਹਾ ਦੇ।ਪਾਲ–ਪੱਲੇ।ਮੋਕਉ–ਮੈਨੂੰ।ਪ੍ਰਭੂ–ਹੇ ਪ੍ਰਭੂ!।ਪਗ ਰਾਲ–ਚਰਨ ਧੂੜ।੨ ।ਉਕਤਿ–ਯੁਕਤੀ; ਦਲੀਲ।ਘਾਲ–ਮੇਹਨਤ; ਸੇਵਾ।ਮੋਹ ਤੇ–ਮੋਹ ਤੋਂ।ਜਮ ਜਾਲ–ਜਮਾਂ ਜਾਲ।੩।ਬਿਨਉ ਕਰਉ–ਬੇਨਤੀ ਕਰਦਾ ਹਾਂ।ਕਰੁਣਾਪਤੇ–ਹੇ ਕਿਰਪਾ ਦੇ ਮਾਲਕ!।ਪ੍ਰਤਿਪਾਲ–ਹੇ ਹਰੇਕ ਜੀਵ ਦੀ ਪਾਲਣਾ ਕਰਨ ਵਾਲੇ!।ਗਾਵਉ–ਗਾਉਂਦਾ ਰਹਾਂ।ਸੁਖ ਸਾਲ–ਸੁੱਖਾਂ ਦਾ ਘਰ।੪।੧੧।੪੧।

ਬਿਲਾਵਲੁ ਮਹਲਾ ੫ ॥ ਕੀਤਾ ਲੋੜਹਿ ਸੋ ਕਰਹਿ, ਤੁਝ ਬਿਨੁ ਕਛੁ ਨਾਹਿ ॥ ਪਰਤਾਪੁ ਤੁਮ੍ਾਰਾ ਦੇਖਿ ਕੈ, ਜਮਦੂਤ ਛਡਿ ਜਾਹਿ ॥੧ ॥ ਤੁਮ੍ਰੀ ਕ੍ਰਿਪਾ ਤੇ ਛੂਟੀਐ, ਬਿਨਸੈ ਅਹੰਮੇਵ ॥ ਸਰਬ ਕਲਾ ਸਮਰਥ ਪ੍ਰਭ, ਪੂਰੇ ਗੁਰਦੇਵ ॥੧॥ਰਹਾਉ॥ ਖੋਜਤ ਖੋਜਤ ਖੋਜਿਆ, ਨਾਮੈ ਬਿਨੁ ਕੂਰੁ ॥ ਜੀਵਨ ਸੁਖੁ ਸਭੁ ਸਾਧ ਸੰਗਿ, ਪ੍ਰਭ ਮਨਸਾ ਪੂਰੁ ॥੨॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ, ਸਿਆਨਪ ਸਭ ਜਾਲੀ ॥ ਜਤ ਕਤ ਤੁਮ੍ ਭਰਪੂਰ ਹਹੁ ,ਮੇਰੇ ਦੀਨ ਦਇਆਲੀ ॥੩॥ ਸਭੁ ਕਿਛੁ ਤੁਮ ਤੇ ਮਾਗਨਾ, ਵਡਭਾਗੀ ਪਾਏ ॥ ਨਾਨਕ ਕੀ ਅਰਦਾਸਿ ਪ੍ਰਭ, ਜੀਵਾ ਗੁਨ ਗਾਏ ॥੪॥੧੨॥੪੨॥ (ਹੇ ਪ੍ਰਭੂ! ਜੋ ਕੁਛ) ਤੂੰ ਕਰਨਾ ਚਾਹੁੰਦਾ ਹੈਂ, ਉਹ ਹੀ ਕਰਦਾ ਹੈਂ, ਤੇਰੇ ਬਿਨਾ (ਦੂਜੇ ਹੋਰ ਕਿਸੇ ਤੋਂ) ਕੁਛ ਨਹੀਂ ਹੋ ਸਕਦਾ।ਤੇਰਾ ਤੇਜ ਪ੍ਰਤਾਪ ਦੇਖ ਕੇ ਜਮ ਦੂਤ (ਜੀਵ ਨੂੰ) ਛਡ ਜਾਂਦੇ ਹਨ।੧।ਹੇ ਸਰਬ ਕਲਾ ਸਮਰੱਥ ਪੂਰੇ ਗੁਰਦੇਵ ਪ੍ਰਭੂ! ਤੇਰੀ ਕਿਰਪਾ ਨਾਲ ਹੀ (ਮੋਹ ਮਾਇਆ ਦੇ ਬੰਧਨਾਂ ਤੋਂ) ਛੁਟ ਸਕੀਦਾ ਹੈ ਅਤੇ ਹੰਕਾਰ ਨਾਸ਼ ਹੁੰਦਾ ਹੈ। ੧।ਰਹਾਉ।(ਹੇ ਪ੍ਰਭੂ! ਅਸੀਂ) ਖੋਜਦਿਆਂ ਖੋਜਦਿਆਂ ਇਹ ਖੋਜਿਆ ਹੈ ਕਿ ਤੇਰੇ ਨਾਮ ਤੋਂ ਬਿਨਾ ਸਭ ਕੁਛ ਝੂਠ (ਨਾਸ਼ਵੰਤ) ਹੈ। ਸਾਧ ਸੰਗਤ ਵਿਚ (ਨਾਮ ਜਪ ਕੇ) ਜੀਵਨ ਦਾ ਸਾਰਾ ਸੁਖ ਮਿਲਦਾ ਹੈ ਅਤੇ ਹੇ ਪ੍ਰਭੂ! (ਮੇਰੀ ਇਹ) ਇੱਛਾ ਪੂਰੀ ਕਰ।੨।(ਹੇ ਪ੍ਰਭੂ! ਤੂੰ ਜੀਵਾਂ ਨੂੰ) ਜਿਸ ਜਿਸ ਪਾਸੇ ਲਾਉਂਦਾ ਹੈਂ, (ਉਹ) ਉਸ ਉਸ ਪਾਸੇ ਹੀ ਲਗਦੇ ਹਨ, (ਇਸ ਲਈ) ਮੈਂ ਸਾਰੀ ਸਿਆਣਪ ਜਾਲ ਦਿਤੀ ਹੈ।ਹੇ ਦੀਨਾਂ ਉਤੇ ਦਇਆ ਕਰਨ ਵਾਲੇ ਮੇਰੇ ਪ੍ਰਭੂ! ਜਿਥੇ ਕਿਥੇ ਮੈਂ ਦੇਖਦਾ ਹਾਂ, ਤੂੰ (ਸਭ ਜਗ੍ਹਾ) ਵਿਆਪਕ ਹੈਂ।੩।(ਹੇ ਪ੍ਰਭੂ!) ਮੈਂ ਸਭ ਕੁਛ ਤੇਰੇ ਤੋਂ ਹੀ ਮੰਗਣਾ ਹੈ, (ਮਨ ਮੰਗੀਆਂ ਮੁਰਾਦਾਂ ਪ੍ਰਭੂ ਪਾਸੋਂ) ਵਡੇ ਭਾਗਾਂ ਵਾਲਾ ਮਨੁੱਖ ਪ੍ਰਾਪਤ ਕਰਦਾ ਹੈ।ਹੇ ਪ੍ਰਭੂ! ਨਾਨਕ ਦੀ ਅਰਦਾਸ ਹੈ ਕਿ (ਮੇਰੇ ਉਤੇ ਮੇਹਰ ਕਰ) ਮੈਂ ਤੇਰੇ ਗੁਣ ਗਾ ਕੇ ਜਿਉਂਦਾ ਰਹਾਂ।੪।੧੨।੪੨।

ਪਦਾਰਥ = ਕੀਤਾ ਲੋੜਹਿ–(ਜੋ ਕੁਛ ਤੂੰ) ਕਰਨਾ ਚਾਹੁੰਦਾ ਹੈਂ। ਸੋ ਕਰਹਿ–ਉਹ ਹੀ ਕਰਦਾ ਹੈਂ। ਪਰਤਾਪੁ–ਤੇਜ ਪ੍ਰਤਾਪ। ਛਡਿ ਜਾਹਿ –ਛਡ ਜਾਂਦੇ ਹਨ।੧। ਤੇ–ਤੋਂ; ਨਾਲ। ਬਿਨਸੈ–ਨਾਸ਼ ਹੁੰਦਾ ਹੈ। ਅਹੰਮੇਵ–ਹੰਕਾਰ।੧। ਰਹਾਉ। ਕੂਰੁ–ਝੂਠ (ਨਾਸ਼ਵੰਤ)। ਪ੍ਰਭ–ਹੇ ਪ੍ਰਭੂ! ।ਮਨਸਾ–ਮਨ ਦਾ ਸੰਕਲਪ; ਇੱਛਾ। ਪੂਰੁ–ਪੂਰਾ ਕਰ।੨। ਜਿਤੁ ਜਿਤੁ–ਜਿਸ ਜਿਸ (ਪਾਸੇ)। ਲਾਵਹੁ–ਲਾਉਂਦਾ ਹੈਂ। ਤਿਤੁ ਤਿਤੁ– ਉਸ ਉਸ (ਪਾਸੇ)। ਲਗਹਿ–ਲਗਦੇ ਹਨ। ਜਾਲੀ–ਸਾੜ ਦਿਤੀ। ਜਤ ਕਤ–ਜਿਥੇ ਕਿਥੇ (ਸਭ ਜਗ੍ਹਾ)। ਭਰਪੂਰ ਹਹੁ–ਵਿਆਪਕ ਹੈਂ। ਦੀਨ ਦਇਆਲੀ–ਹੇ ਅਨਾਥਾਂ ਉਤੇ ਦਇਆ ਕਰਨ ਵਾਲੇ ਪ੍ਰਭੂ!। ਤੁਮ ਤੇ–ਤੇਰੇ ਤੋਂ। ਵਡਭਾਗੀ–ਵੱਡੇ ਭਾਗਾਂ ਵਾਲਾ। ਪਾਏ–ਪ੍ਰਾਪਤ ਕਰਦਾ ਹੈ। ਜੀਵਾ–ਜਿਉਂਦਾ ਰਹਾਂ। ਗੁਨ ਗਾਏ–ਗੁਣ ਗਾ ਕੇ।੪।੧੨।੪੨।

ਬਿਲਾਵਲੁ ਮਹਲਾ ੫ ॥ ਸਾਧ ਸੰਗਤਿ ਕੈ ਬਾਸਬੈ, ਕਲਮਲ ਸਭਿ ਨਸਨਾ ॥ ਪ੍ਰਭ ਸੇਤੀ ਰੰਗਿ ਰਾਤਿਆ, ਤਾ ਤੇ ਗਰਭਿ ਨ ਗ੍ਰਸਨਾ ॥੧॥ ਨਾਮੁ ਕਹਤ ਗੋਵਿੰਦ ਕਾ, ਸੂਚੀ ਭਈ ਰਸਨਾ ॥ ਮਨ ਤਨ ਨਿਰਮਲ ਹੋਈ ਹੈ, ਗੁਰ ਕਾ ਜਪੁ ਜਪਨਾ ॥੧॥ਰਹਾਉ॥ ਹਰਿ ਰਸੁ ਚਾਖਤ ਧ੍ਰਾਪਿਆ, ਮਨਿ ਰਸੁ ਲੈ ਹਸਨਾ ॥ ਬੁਧਿ ਪ੍ਰਗਾਸ ਪ੍ਰਗਟ ਭਈ, ਉਲਟਿ ਕਮਲੁ ਬਿਗਸਨਾ ॥੨॥ ਸੀਤਲ ਸਾਂਤਿ ਸੰਤੋਖੁ ਹੋਇ, ਸਭ ਬੂਝੀ ਤ੍ਰਿਸਨਾ ॥ ਦਹ ਦਿਸ ਧਾਵਤ ਮਿਟਿ ਗਏ, ਨਿਰਮਲ ਥਾਨਿ ਬਸਨਾ ॥੩॥ ਰਾਖਨਹਾਰੈ ਰਾਖਿਆ, ਭਏ ਭ੍ਰਮ ਭਸਨਾ ॥ ਨਾਮੁ ਨਿਧਾਨ ਨਾਨਕ ਸੁਖੀ, ਪੇਖਿ ਸਾਧ ਦਰਸਨਾ ॥੪॥੧੩॥੪੩॥ (ਹੇ ਭਾਈ!) ਸਾਧ ਸੰਗਤ ਦੇ ਵਿਚ ਵਸਣ ਨਾਲ ਸਾਰੇ ਪਾਪ ਨੱਸ ਜਾਂਦੇ ਹਨ। (ਸਾਧ ਸੰਗਤ ਵਿਚ) ਪ੍ਰਭੂ ਨਾਲ ਪ੍ਰੇਮ ਵਿਚ ਰੰਗੇ ਜਾਈਦਾ ਹੈ, ਉਸ (ਪ੍ਰੇਮ) ਕਰਕੇ ਮਾਂ ਦੇ ਗਰਭ ਵਿਚ ਨਹੀਂ ਫਸੀਦਾ ।੧। (ਹੇ ਭਾਈ!) ਗੋਵਿੰਦਾ ਦਾ ਨਾਮ ਜਪਣ ਨਾਲ (ਸਾਡੀ) ਜੀਭ ਪਵਿਤ੍ਰ ਹੋ ਗਈ ਹੈ। ਗੁਰੂ ਦਾ ਦਸਿਆ (ਪ੍ਰਭੂ ਦੇ ਨਾਮ ਦਾ) ਜਾਪ ਜਪਣ ਨਾਲ (ਸਾਡਾ) ਮਨ ਤੇ ਸਰੀਰ ਪਵਿਤ੍ਰ ਹੋ ਗਏ ਹਨ।੧। ਰਹਾਉ। (ਹੇ ਭਾਈ!) ਹਰੀ ਦਾ ਨਾਮ ਰਸ ਚਖਦਿਆਂ (ਸਾਡਾ ਮਨ) ਰੱਜ ਗਿਆ ਹੈ ਅਤੇ ਮਨ ਵਿਚ (ਨਾਮ ਦਾ) ਰਸ ਲੈ ਕੇ ਪ੍ਰਸੰਨ ਹੋ ਗਏ ਹਾਂ। (ਸਾਡੀ) ਬੁੱਧੀ ਚਾਨਣ ਵਾਲੀ ਹੋ ਕੇ ਪ੍ਰਗਟ ਹੋ ਗਈ ਹੈ ਅਤੇ ਹਿਰਦਾ ਕਮਲ ਮਾਇਆ ਵੱਲੋਂ ਉਲਟ ਕੇ ਖਿੜ ਗਿਆ ਹੈ।੨। (ਹੁਣ ਸਾਡਾ) ਮਨ ਸੀਤਲ ਹੋ ਗਿਆ ਹੈ, ਸ਼ਾਂਤੀ ਤੇ ਸੰਤੋਖ ਪ੍ਰਾਪਤ ਹੋਣ ਕਰਕੇ (ਮਨ ਵਿਚੋਂ) ਤ੍ਰਿਸ਼ਨਾਂ ਦੀ ਸਾਰੀ ਅੱਗ ਬੁਝ ਗਈ ਹੈ। (ਮਨ ਦਾ) ਦਸੇ ਦਿਸ਼ਾਵਾਂ ਵੱਲ ਦੌੜਨਾ ਮਿਟ ਗਿਆ ਅਤੇ ਪਵਿਤ੍ਰ ਅਸਥਾਨ (ਪ੍ਰਭੂ ਦੇ ਚਰਨਾਂ) ਵਿਚ ਨਿਵਾਸ ਹੋ ਗਿਆ ਹੈ।੩। (ਹੇ ਭਾਈ!) ਰੱਖਿਆ ਕਰਨ ਵਾਲੇ ਪ੍ਰਭੂ ਨੇ (ਸਾਡੀ) ਰੱਖਿਆ ਕੀਤੀ ਅਤੇ ਸਾਰੇ ਭਰਮ ਸੜ ਕੇ ਭਸਮ ਹੋ ਗਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧੂ (ਗੁਰੂ) ਦਾ ਦਰਸ਼ਨ ਦੇਖ ਕੇ ਹਰੀ ਦਾ ਨਾਮ ਰੂਪ ਖਜਾਨਾ ਪ੍ਰਾਪਤ ਕੀਤਾ ਹੈ, (ਜਿਸ ਨਾਮ ਨੂੰ ਜਪ ਕੇ ਅਸੀਂ) ਸੁਖੀ ਹੋ ਗਏ ਹਾਂ।੪।੧੩।੪੩।

ਪਦਾਰਥ = ਕੈ–ਦੇ। ਬਾਸਬੈ–ਵਸਣ ਨਾਲ। ਕਲਮਲ–ਪਾਪ। ਨਸਨਾ–ਨੱਸ ਜਾਂਦੇ ਹਨ। ਸੇਤੀ–ਨਾਲ। ਰੰਗਿ ਰਾਤਿਆ–ਪ੍ਰੇਮ ਵਿਚ ਰੰਗੇ ਜਾਈਦਾ ਹੈ। ਤਾ ਤੇ–ਉਸ ਕਰਕੇ। ਗਰਭਿ–ਮਾਂ ਦੇ ਪੇਟ ਵਿਚ। ਨ ਗ੍ਰਸਨਾ–ਨਹੀਂ ਫਸੀਦਾ।੧। ਕਹਤ–ਜਪਣ ਨਾਲ। ਸੂਚੀ–ਪਵਿਤ੍ਰ (ਸੁੱਚੀ)। ਭਈ–ਹੋ ਗਈ ਹੈ। ਰਸਨਾ–ਜੀਭ। ਤਨ–ਸਰੀਰ। ਨਿਰਮਲ–ਪਵਿਤ੍ਰ। ਹੋਈ ਹੈ–ਹੋ ਜਾਂਦੀ ਹੈ।੧। ਜਪੁ–ਨਾਮ ਮੰਤ੍ਰ ਦਾ ਜਾਪ ।੧। ਰਹਾਉ। ਰਸੁ–ਸੁਆਦ। ਚਾਖਤ–ਸਵਾਦ ਲੈਂਦਿਆਂ। ਧ੍ਰਾਪਿਆ–ਰੱਜ ਗਿਆ। ਮਨਿ–ਮਨ ਵਿਚ। ਹਸਨਾ–ਖੁਸ਼ ਹੋ ਗਿਆ। ਬੁਧਿ– ਬੁੱਧੀ (ਅਕਲ)। ਉਲਟਿ–ਉਲਟ ਕੇ। ਕਮਲ–ਹਿਰਦਾ ਕਮਲ। ਬਿਗਸਨਾ–ਖਿੜ ਗਿਆ।੨। ਸੀਤਲ–ਠੰਢਾ ਠਾਰ। ਸਭ–ਸਾਰੀ। ਬੂਝੀ –ਬੁਝ ਗਈ। ਦਹ ਦਿਸ–ਦਸੇ ਦਿਸ਼ਾ ਵਿਚ (ਸਭ ਪਾਸੇ)। ਧਾਵਤ–ਦੌੜਨਾ। ਥਾਨਿ–ਥਾਂ ਵਿਚ। ਬਸਨਾ–ਨਿਵਾਸ ਹੋ ਗਿਆ।੩। ਰਾਖਨ ਹਾਰੈ–ਰੱਖਿਆ ਕਰਨ ਵਾਲੇ ਪ੍ਰਭੂ ਨੇ। ਰਾਖਿਆ–ਰੱਖਿਆ ਕੀਤੀ। ਭ੍ਰਮ–ਭਰਮ। ਭਏ ਭਸਨਾ–ਭਸਮ (ਸੁਆਹ) ਹੋ ਗਏ। ਨਿਧਾਨ– ਖਜਾਨਾ। ਪੇਖਿ ਦਰਸਨਾ–ਦਰਸ਼ਨ ਦੇਖ ਕੇ। ਸਾਧ–ਸ੍ਰੇਸਟ ਗੁਰੂ ਦਾ।੪।੧੩।੪੩।

ਬਿਲਾਵਲੁ ਮਹਲਾ ੫ ॥ ਪਾਣੀ ਪਖਾ ਪੀਸੁ ਦਾਸ ਕੈ, ਤਬ ਹੋਹਿ ਨਿਹਾਲੁ ॥ ਰਾਜ ਮਿਲਖ ਸਿਕਦਾਰੀਆ, ਅਗਨੀ ਮਹਿ ਜਾਲੁ ॥੧॥ ਸੰਤ ਜਨਾ ਕਾ ਛੋਹਰਾ, ਤਿਸੁ ਚਰਣੀ ਲਾਗਿ ॥ ਮਾਇਆਧਾਰੀ ਛਤ੍ਰਪਤਿ, ਤਿਨ੍ ਛੋਡਉ ਤਿਆਗਿ ॥੧॥ਰਹਾਉ॥ ਸੰਤਨ ਕਾ ਦਾਨਾ ਰੂਖਾ, ਸੋ ਸਰਬ ਨਿਧਾਨ ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ, ਤੇ ਬਿਖੂ ਸਮਾਨ ॥੨॥ ਭਗਤ ਜਨਾ ਕਾ ਲੂਗਰਾ, ਓਢਿ ਨਗਨ ਨ ਹੋਈ ॥ ਸਾਕਤ ਸਿਰਪਾਉ ਰੇਸਮੀ, ਪਹਿਰਤ ਪਤਿ ਖੋਈ ॥੩॥ ਸਾਕਤ ਸਿਉ ਮੁਖਿ ਜੋਰਿਐ, ਅਧਵੀਚਹੁ ਟੂਟੈ ॥ ਹਰਿ ਜਨ ਕੀ ਸੇਵਾ ਜੋ ਕਰੇ, ਇਤ ਊਤਹਿ ਛੂਟੈ ॥੪॥ (ਹੇ ਭਾਈ!) ਤੂੰ ਪ੍ਰਭੂ ਦੇ ਦਾਸਾਂ ਦੇ ਘਰ ਵਿਚ ਪਾਣੀ ਢੋਇਆ ਕਰ, (ਗਰਮੀਆਂ ਵਿਚ) ਪੱਖਾ ਝੱਲਿਆ ਕਰ ਤੇ (ਆਟਾ) ਪੀਹਾ ਕਰ (ਇਹ ਸੇਵਾ ਕਰ), ਤਦ ਤੂੰ ਨਿਹਾਲ ਹੋ ਜਾਵੇਂਗਾ। ਰਾਜ, ਜਗੀਰਾਂ ਤੇ ਸਰਦਾਰੀਆਂ ਨੂੰ ਅੱਗ ਵਿਚ ਸਾੜ ਦੇਹ।੧। (ਹੇ ਭਾਈ! ਜੋ) ਸੰਤ ਜਨਾਂ ਦਾ ਸੇਵਕ ਹੈ, ਉਸ ਦੇ ਚਰਨੀਂ ਲਗ ਜਾ। (ਪਰ ਜੋ ਨਾਮ ਹੀਣ) ਮਾਇਆਧਾਰੀ ਤੇ

ਛਤ੍ਰੀ ਪਤੀ ਰਾਜੇ ਹਨ, ਉਨ੍ਹਾਂ ਨੂੰ (ਮਨ ਕਰਕੇ) ਛਡ ਦੇਹ ਅਤੇ (ਸਰੀਰ ਕਰਕੇ ਵੀ) ਛਡ ਦੇਹ।੧।ਰਹਾਉ।(ਹੇ ਭਾਈ!) ਸੰਤਾਂ ਦਾ ਰੁੱਖਾ ਦਾਣਾ (ਜੋ ਅਣਚੋਪੜੀ ਰੋਟੀ) ਹੈ, ਉਹ (ਦੁਨੀਆਂ ਦੇ) ਸਾਰੇ ਖਜਾਨਿਆਂ ਦੇ ਬਰਾਬਰ ਹੈ।ਸਾਕਤ ਮਨੁੱਖ ਦੇ ਘਰ ਵਿਚ ਜੋ ਛੱਤੀ ਪ੍ਰਕਾਰ ਦੇ ਭੋਜਨ ਹਨ, ਉਹ ਜਹਿਰ ਦੇ ਬਰਾਬਰ ਹਨ।੨।ਭਗਤ ਜਨਾਂ ਦਾ ਫਟਿਆ ਪੁਰਾਣਾ ਕੰਬਲ ਪਹਿਨ ਕੇ ਨੰਗਾ (ਮਨੁੱਖ ਬੇਇੱਜਤ) ਨਹੀਂ ਹੁੰਦਾ।(ਪਰ) ਸਾਕਤ ਦਾ ਦਿਤਾ ਹੋਇਆ ਰੇਸ਼ਮ ਦਾ ਸਿਰੋਪਾ ਪਹਿਨਣ ਨਾਲ (ਮਨੁੱਖ ਅਪਣੀ) ਇੱਜਤ ਗਵਾ ਲੈਂਦਾ ਹੈ।੩।ਸਾਕਤ ਮਨੁੱਖ ਨਾਲ ਮੂੰਹ ਜੋੜਨ ਤੇ (ਮੇਲ ਜੋਲ ਰੱਖਣ ਕਰਕੇ ਮਨੁੱਖ) ਅਧ ਵਿਚਾਲੇ ਤੋਂ ਹੀ ਟੁੱਟ ਜਾਂਦਾ ਹੈ (ਮਿਤ੍ਰਤਾ ਸਿਰੇ ਨਹੀਂ ਚੜ੍ਹਦੀ)।ਜਿਹੜਾ ਮਨੁੱਖ ਹਰੀ ਦੇ ਸੇਵਕਾਂ ਦੀ ਸੇਵਾ ਕਰਦਾ ਹੈ, ਉਹ ਲੋਕ ਪ੍ਰਲੋਕ ਦੇ ਦੁੱਖਾਂ ਤੋਂ ਛੁਟ ਜਾਂਦਾ ਹੈ।੪।

ਅੰਗ ੮੧੨ = ਸਭ ਕਿਛੁ ਤੁਮ੍ ਹੀ ਤੇ ਹੋਆ, ਆਪਿ ਬਣਤ ਬਣਾਈ ॥ ਦਰਸਨੁ ਭੇਟਤ ਸਾਧ ਕਾ, ਨਾਨਕ ਗੁਣ ਗਾਈ ॥੪॥੧੪॥੪੪॥ (ਹੇ ਪ੍ਰਭੂ! ਜੀਵ ਦੇ ਵਸ ਵਿਚ ਕੁਛ ਨਹੀਂ) ਸਭ ਕੁਛ ਤੇਰੇ ਤੋਂ ਹੀ ਪੈਦਾ ਹੋਇਆ ਹੈ ਅਤੇ ਤੈਂ ਆਪ ਹੀ (ਚੰਗੇ ਤੇ ਬੁਰੇ ਜੀਵਾਂ ਦੀ) ਬਣਤ ਬਣਾਈ ਹੈ।ਤੇਰੇ ਸਾਧੂਆਂ ਦਾ ਦਰਸ਼ਨ ਮਿਲ ਜਾਣ ਨਾਲ ਨਾਨਕ ਤੇਰੇ ਗੁਣ ਗਾਉਂਦਾ ਹੈ।੫।੧੪।੪੪।

ਪਦਾਰਥ = ਪੀਸੁ-(ਆਟਾ) ਪੀਹਣਾ।ਦਾਸ ਕੈ-ਸੇਵਕਾਂ ਦੇ (ਘਰ ਵਿਚ)।ਤਬ-ਤਦ।ਹੋਹਿ-ਹੋਵੇਂਗਾ।ਨਿਹਾਲੁ-ਖੁਸ਼; ਸੁਖੀ।ਮਿਲਖ -ਜਗੀਰਾਂ।ਸਿਕਦਾਰੀਆ-ਸਰਦਾਰੀਆਂ।ਅਗਨੀ ਮਹਿ-ਅੱਗ ਵਿਚ।ਜਾਲੁ-ਸਾੜ ਦੇਹ।੧।ਕਾ-ਦਾ।ਛੋਹਰਾ-ਬਾਲਕ (ਸੇਵਕ)। ਛਤ੍ਰਪਤਿ-ਛਤ੍ਰ ਦੇ ਮਾਲਕ (ਰਾਜੇ)।ਤਿਨ੍-ਉਨ੍ਹਾਂ ਨੂੰ।ਛੋਡਉ-ਛਡ ਦੇਹ।ਤਿਆਗਿ-ਛਡ ਦੇਹ।੧।ਰਹਾਉ।ਸੰਤਨ ਕਾ-ਸੰਤਾਂ ਦਾ। ਦਾਨਾ ਰੂਖਾ-ਰੁੱਖਾ ਅੰਨ (ਬਿਨਾ ਚੋਪੜੀ ਰੋਟੀ)।ਸੋ-ਉਹ।ਸਰਬ-ਸਾਰੇ।ਨਿਧਾਨ-ਖਜਾਨੇ।ਗ੍ਰਿਹਿ ਸਾਕਤ-ਮਨਮੁਖ ਦੇ ਘਰ ਵਿਚ। ਛਤੀਹ ਪ੍ਰਕਾਰ-ਛੱਤੀ ਕਿਸਮ ਦੇ ਭੋਜਨ।ਤੇ-ਉਹ।ਬਿਖੁ ਸਮਾਨ-ਜਹਿਰ ਦੇ ਬਰਾਬਰ।੨।ਲੂਗਰਾ-ਫਟਿਆ ਪੁਰਾਣਾ ਕੰਬਲ।ਓਢਿ-ਪਹਿਨ ਕੇ।ਸਿਰਪਾਉ-ਸਿਰੋਪਾ।ਪਹਿਰਤ-ਪਹਿਨਣ ਨਾਲ।ਪਤਿ-ਇੱਜਤ।ਖੋਈ-ਗਵਾ ਲੈਂਦਾ ਹੈ।੩।ਸਿਉ-ਨਾਲ।ਮੁਖਿ ਜੋਰਿਐ -ਮੂੰਹ ਜੋੜਨ (ਮੇਲ ਜੋਲ ਰੱਖਣ) ਨਾਲ।ਅਧ ਵੀਚਹੁ-ਅਧ ਵਿਚੋਂ।ਇਤ ਊਤਹਿ-ਇਥੇ ਉਥੇ (ਲੋਕ ਪ੍ਰਲੋਕ ਵਿਚ)।੪।ਤੁਮ੍ ਹੀ ਤੇ -ਤੇਰੇ ਤੋਂ ਹੀ।ਹੋਆ-ਪੈਦਾ ਹੋਇਆ ਹੈ।ਬਣਤ-ਰਚਨਾ।ਭੇਟਤ-ਮਿਲ ਜਾਣ ਨਾਲ।ਗਾਈ-ਗਾਉਂਦਾ ਹੈ।੫।੧੪।੪੪।

ਬਿਲਾਵਲੁ ਮਹਲਾ ੫ ॥ ਸ੍ਰਵਨੀ ਸੁਨਉ ਹਰਿ ਹਰਿ ਹਰੇ, ਠਾਕੁਰ ਜਸੁ ਗਾਵਉ ॥ ਸੰਤ ਚਰਣ ਕਰ ਸੀਸੁ ਧਰਿ, ਹਰਿ ਨਾਮੁ ਧਿਆਵਉ ॥੧॥ ਕਰਿ ਕਿਰਪਾ ਦਇਆਲ ਪ੍ਰਭ, ਇਹ ਨਿਧਿ ਸਿਧਿ ਪਾਵਉ ॥ ਸੰਤ ਜਨਾ ਕੀ ਰੇਣੁਕਾ, ਲੈ ਮਾਥੈ ਲਾਵਉ ॥੧॥ਰਹਾਉ॥ ਨੀਚ ਤੇ ਨੀਚੁ ਅਤਿ ਨੀਚੁ ਹੋਇ, ਕਰਿ ਬਿਨਉ ਬੁਲਾਵਉ ॥ ਪਾਵ ਮਲੋਵਾ ਆਪੁ ਤਿਆਗਿ, ਸੰਤ ਸੰਗਿ ਸਮਾਵਉ ॥੨॥ ਸਾਸਿ ਸਾਸਿ ਨਹ ਵੀਸਰੈ, ਅਨ ਕਤਹਿ ਨ ਧਾਵਉ ॥ ਸਫਲ ਦਰਸਨ ਗੁਰੁ ਭੇਟੀਐ, ਮਾਨੁ ਮੋਹੁ ਮਿਟਾਵਉ ॥੩॥ ਸਤੁ ਸੰਤੋਖੁ ਦਇਆ ਧਰਮੁ ,ਸੀਗਾਰੁ ਬਨਾਵਉ ॥ ਸਫਲ ਸੋਹਾਗਣਿ ਨਾਨਕਾ, ਅਪੁਨੇ ਪ੍ਰਭ ਭਾਵਉ ॥੪॥੧੫॥੪੫॥ ਹੇ ਠਾਕੁਰ! ਹੇ ਹਰੀ! (ਕ੍ਰਿਪਾ ਕਰ) ਮੈਂ ਕੰਨਾਂ ਨਾਲ ਹਰਿ ਹਰਿ ਨਾਮ ਸੁਣਾਂ ਅਤੇ (ਜੀਭ ਨਾਲ ਤੇਰਾ) ਜਸ ਗਾਇਆ ਕਰਾਂ।ਸੰਤਾਂ ਦੇ ਚਰਨਾਂ ਉਤੇ (ਅਪਣੇ ਦੋਵੇਂ) ਹੱਥ ਤੇ ਸਿਰ ਰੱਖ ਕੇ ਮੈਂ ਹਰਿ ਹਰਿ ਨਾਮ ਧਿਆਵਾਂ।੧।ਹੇ ਦਇਆ ਕਰਨ ਵਾਲੇ ਪ੍ਰਭੂ! (ਮੇਰੇ ਉਪਰ) ਕ੍ਰਿਪਾ ਕਰ ਕਿ ਮੈਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਲੈ ਕੇ ਅਪਣੇ ਮੱਥੇ ਉਤੇ ਲਾਵਾਂ, (ਤੇਰੇ ਪਾਸੋਂ) ਮੈਂ ਇਹ ਨਿਧੀ ਤੇ ਸਿਧੀ ਪ੍ਰਾਪਤ ਕਰਾਂ।੧।ਰਹਾਉ।(ਹੇ ਪ੍ਰਭੂ!) ਮੈਂ ਨੀਵੇਂ ਤੋਂ ਨੀਵਾਂ, (ਉਸ ਤੋਂ ਵੀ) ਬਹੁਤ ਨੀਵਾਂ ਹੋ ਕੇ ਬੇਨਤੀ ਕਰ ਕੇ (ਸੰਤਾਂ ਨੂੰ) ਬੁਲਾਵਾਂ।ਮੈਂ ਆਪਾ ਭਾਵ ਛਡ ਕੇ ਸੰਤਾਂ ਦੇ ਪੈਰ ਮਲਾਂ (ਘੁੱਟਿਆ ਕਰਾਂ) ਅਤੇ ਸੰਤਾਂ ਦੀ ਸੰਗਤ ਵਿਚ ਮਿਲਿਆ ਰਹਾਂ।੨।(ਹੇ ਪ੍ਰਭੂ! ਮੇਹਰ ਕਰ, ਮੈਨੂੰ) ਹਰੇਕ ਸਾਹ ਨਾਲ (ਤੇਰਾ ਨਾਮ) ਨਾ ਭੁੱਲ ਸਕੇ ਅਤੇ (ਤੇਰਾ ਦਰ ਛਡ ਕੇ) ਹੋਰ ਕਿਸੇ ਪਾਸੇ ਨਾ ਦੌੜਾਂ (ਨਾ ਭਟਕਦਾ ਫਿਰਾਂ।ਹੇ ਪ੍ਰਭੂ! ਕ੍ਰਿਪਾ ਕਰ, ਮੈਨੂੰ) ਗੁਰੂ ਮਿਲ ਜਾਵੇ, (ਜਿਸ ਦਾ) ਦਰਸ਼ਨ ਸਾਰੇ ਫਲ ਦੇਣ ਵਾਲਾ ਹੈ, (ਗੁਰੂ ਦੇ ਦਰਸ਼ਨ ਕਰਕੇ ਮੈਂ ਅਪਣਾ) ਮਾਣ ਤੇ ਮੋਹ ਮਿਟਾ ਦੇਵਾਂ।੩।(ਹੇ ਪ੍ਰਭੂ! ਕ੍ਰਿਪਾ ਕਰ, ਤੇਰੀ ਪ੍ਰਸੰਨਤਾ ਵਾਸਤੇ ਮੈਂ) ਸਤ, ਸੰਤੋਖ, ਦਇਆ ਤੇ ਧਰਮ ਆਦਿ ਗੁਣਾਂ ਨੂੰ (ਅਪਣੇ ਜੀਵਨ ਦਾ) ਸ਼ਿੰਗਾਰ ਬਣਾਵਾਂ।ਨਾਨਕ ਗੁਰੂ ਜੀ ਆਖਦੇ ਹਨ ਕਿ ਸੁਹਾਗਣ ਇਸਤ੍ਰੀ ਸਫਲ (ਉਹ ਹੈ, ਜੋ ਪਤੀ ਨੂੰ ਪਿਆਰੀ ਲੱਗਦੀ ਹੈ, ਇਵੇਂ ਮੈਂ ਵੀ) ਅਪਣੇ ਪ੍ਰਭੂ ਨੂੰ ਚੰਗਾ ਲੱਗਾਂ (ਪਿਆਰਾ ਲੱਗਾਂ)।੪।੧੫।੪੫।

ਪਦਾਰਥ = ਸ੍ਰਵਨੀ-ਕੰਨਾਂ ਨਾਲ।ਸੁਨਉ-ਮੈਂ ਸੁਣਾਂ।ਹਰੇ-ਹੇ ਹਰੀ!।ਠਾਕੁਰ-ਹੇ ਮਾਲਕ ਪ੍ਰਭੂ!।ਗਾਵਉ-ਮੈਂ ਗਾਇਆ ਕਰਾਂ।ਸੰਤ ਚਰਣ-ਸੰਤਾਂ ਦੇ ਚਰਨ।ਕਰ-(ਦੋਵੇਂ) ਹੱਥ।ਸੀਸੁ-ਸਿਰ।ਧਰਿ-(ਧਰ (ਰੱਖ) ਕੇ।੧।ਕਰਿ-ਕਰਕੇ।ਦਇਆਲ ਪ੍ਰਭ-ਹੇ ਦਇਆ ਕਰਨ ਵਾਲੇ ਪ੍ਰਭੂ!।ਨਿਧਿ-ਦੁਨੀਆਂ ਦੇ ਸਾਰੇ ਖਜਾਨੇ।ਸਿਧੀ-ਕਰਾਮਾਤੀ ਤਾਕਤਾਂ।ਪਾਵਉ-ਮੈਂ ਪ੍ਰਾਪਤ ਕਰਾਂ।ਕੀ-ਦੀ।ਰੇਣੁਕਾ-

ਚਰਨ ਧੂੜ। ਲੈ-ਲੈ ਕੇ। ਮਾਥੈ-ਮੱਥੇ ਉਤੇ। ਲਾਵਉ-ਮੈਂ ਲਾਵਾਂ।੧। ਰਹਾਉ। ਨੀਚ ਤੇ ਨੀਚੁ-ਨੀਵੇਂ ਤੋਂ ਨੀਵਾਂ। ਅਤਿ-ਬਹੁਤ। ਹੋਇ-ਹੋ ਕੇ। ਕਰਿ ਬਿਨਉ-ਬੇਨਤੀ ਕਰਕੇ। ਬੁਲਾਵਉ-ਬੁਲਾਵਾਂ। ਪਾਵ-ਪੈਰ। ਮਲੋਵਾ-ਮੈ ਮਲਾਂ (ਘੁੱਟਿਆ ਕਰਾਂ)। ਆਪੁ ਤਿਆਗਿ-ਆਪਾ ਭਾਵ (ਅਪਣੱਤ) ਛਡ ਕੇ। ਸੰਗਿ-ਸੰਗਤ ਵਿਚ। ਸਮਾਵਉ-ਮਿਲਿਆ ਰਹਾਂ।੨। ਸਾਸਿ ਸਾਸਿ-ਸੁਆਸ ਸੁਆਸ (ਹਰੇਕ ਸਾਹ ਨਾਲ)। ਨਹ ਵੀਸਰੈ-ਨਾ ਭੁੱਲੇ। ਅਨ ਕਤਹਿ-ਹੋਰ ਕਿਸੇ ਪਾਸੇ। ਨ ਧਾਵਉ-ਮੈਂ ਨਾ ਦੌੜਾਂ (ਨਾ ਭਟਕਾਂ)। ਸਫਲ-ਸਾਰੇ ਫਲ ਦੇਣ ਵਾਲਾ। ਗੁਰੁ ਭੇਟੀਐ-ਗੁਰੂ ਮਿਲ ਜਾਵੇ। ਮਾਨੁ-ਹੰਕਾਰ। ਮਿਟਾਵਉ-ਮਿਟਾ ਦੇਵਾਂ।੩। ਬਨਾਵਉ-ਬਣਾਵਾਂ। ਭਾਵਉ-ਚੰਗਾ ਲੱਗਾਂ।੪।੧੫।੪੫।

ਬਿਲਾਵਲੁ ਮਹਲਾ ੫ ॥ ਅਟਲ ਬਚਨ ਸਾਧੂ ਜਨਾ, ਸਭ ਮਹਿ ਪ੍ਰਗਟਾਇਆ ॥ ਜਿਸੁ ਜਨ ਹੋਆ ਸਾਧ ਸੰਗੁ ,ਤਿਸੁ ਭੇਟੈ ਹਰਿ ਰਾਇਆ ॥੧॥ ਇਹ ਪਰਤੀਤਿ ਗੋਵਿੰਦ ਕੀ, ਜਪਿ ਹਰਿ ਸੁਖੁ ਪਾਇਆ ॥ ਅਨਿਕ ਬਾਤਾ ਸਭਿ ਕਰਿ ਰਹੇ, ਗੁਰੁ ਘਰਿ ਲੈ ਆਇਆ ॥੧॥ਰਹਾਉ॥ ਸਰਣਿ ਪਰੇ ਕੀ ਰਾਖਤਾ, ਨਾਹੀ ਸਹਸਾਇਆ ॥ ਕਰਮ ਭੂਮਿ ਹਰਿ ਨਾਮੁ ਬੋਇ, ਅਉਸਰੁ ਦੁਲਭਾਇਆ ॥੨॥ ਅੰਤਰਜਾਮੀ ਆਪਿ ਪ੍ਰਭੁ ,ਸਭ ਕਰੇ ਕਰਾਇਆ ॥ ਪਤਿਤ ਪੁਨੀਤ ਘਣੇ ਕਰੇ, ਠਾਕੁਰ ਬਿਰਦਾਇਆ ॥੩॥ ਮਤ ਭੂਲਹੁ ਮਾਨੁਖ ਜਨ ,ਮਾਇਆ ਭਰਮਾਇਆ ॥ ਨਾਨਕ ਤਿਸੁ ਪਤਿ ਰਾਖਸੀ, ਜੋ ਪ੍ਰਭਿ ਪਹਿਰਾਇਆ ॥੪॥੧੬॥੪੬॥ (ਹੇ ਭਾਈ! ਇਹ ਗਲ) ਸਾਰੇ ਲੋਕਾਂ ਵਿਚ ਪ੍ਰਗਟ ਹੋ ਗਈ ਹੈ ਕਿ ਸਾਧੂ ਜਨਾਂ ਦੇ ਕਹੇ ਹੋਏ ਬਚਨ ਅਟੱਲ ਹੁੰਦੇ ਹਨ (ਟਲ ਨਹੀਂ ਸਕਦੇ)। ਜਿਸ ਮਨੁੱਖ ਨੂੰ ਸਾਧੂਆਂ ਦਾ ਸੰਗ ਪ੍ਰਾਪਤ ਹੋਇਆ ਹੈ, ਉਸ ਨੂੰ ਹਰੀ ਰਾਜਾ ਮਿਲ ਪੈਂਦਾ ਹੈ।੧। (ਹੇ ਭਾਈ! ਜਿਨ੍ਹਾਂ ਨੂੰ) ਗੋਬਿੰਦ ਦੇ ਮਿਲਣ ਦਾ ਇਹ ਨਿਸ਼ਚਾ ਹੋਇਆ ਹੈ, (ਉਨ੍ਹਾਂ ਨੇ) ਹਰੀ ਦਾ ਨਾਮ ਜਪ ਕੇ ਸੁਖ ਪਾਇਆ ਹੈ। ਹੋਰ ਸਾਰੇ ਲੋਕ ਅਨੇਕਾਂ ਗੱਲਾਂ ਕਰਦੇ ਰਹੇ ਹਨ (ਕਿ ਹਰੀ ਇਉਂ ਮਿਲਦਾ ਹੈ, ਇਉਂ ਨਹੀਂ ਮਿਲਦਾ, ਪਰ) ਹਰੀ ਨੂੰ ਸਾਡੇ ਹਿਰਦੇ ਘਰ ਵਿਚ ਗੁਰੂ ਹੀ ਲੈ ਆਇਆ ਹੈ (ਗੁਰੂ ਨੇ ਪ੍ਰਗਟ ਕਰਕੇ ਦਿਖਾ ਦਿਤਾ ਹੈ)।੧। ਰਹਾਉ। (ਹੇ ਭਾਈ! ਗੁਰੂ) ਸ਼ਰਣ ਵਿਚ ਪਏ ਮਨੁੱਖ ਦੀ ਪੈਜ ਰਖਦਾ ਹੈ, (ਇਸ ਗੱਲ ਵਿਚ ਕੋਈ) ਸੰਸਾ ਨਹੀਂ ਹੈ। ਮਨੁੱਖਾ ਸਰੀਰ ਕਰਮਾਂ ਦੀ ਭੂਮੀ ਹੈ, (ਇਸ ਭੂਮੀ ਵਿਚ ਹੇ ਭਾਈ! ਤੁਸੀਂ) ਹਰੀ ਦਾ ਨਾਮ ਰੂਪ ਬੀਜ ਬੀਜੋ (ਨਾਮ ਜਪੋ, ਕਿਉਂਕਿ ਮਨੁੱਖਾ ਜਨਮ ਦਾ) ਮੌਕਾ ਬਹੁਤ ਔਖਾ ਲੱਭਦਾ ਹੈ।੨। (ਹੇ ਭਾਈ!) ਪ੍ਰਭੂ ਆਪ ਹੀ ਸਭ ਜੀਵਾਂ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਹੈ, ਸਾਰੇ ਜੀਵ (ਉਸ ਪ੍ਰਭੂ ਦਾ) ਕਰਾਇਆ ਹੀ ਕਰਦੇ ਹਨ। (ਉਹ) ਬਹੁਤ ਡਿੱਗੇ ਪਾਪੀਆਂ ਨੂੰ ਪਵਿਤ੍ਰ ਕਰ ਦੇਂਦਾ ਹੈ, (ਇਹ) ਮਾਲਕ ਪ੍ਰਭੂ ਦਾ (ਸ਼ੁਰੂ ਤੋਂ ਚਲਿਆ ਆਉਂਦਾ) ਧਰਮ ਹੈ।੩। ਹੇ ਮਨੁੱਖ ਜਨੋਂ! ਮਾਇਆ ਦੇ ਭਰਮਾਏ ਹੋਏ ਨਾ ਭੁੱਲੋ (ਕੁਰਾਹੇ ਨਾ ਪਵੋ)। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ ਪ੍ਰਭੂ ਨੇ ਸਿਰੋਪਾ ਪਹਿਨਾਇਆ (ਵਡਿਆਈ ਬਖਸੀ) ਹੈ, ਉਸ ਦੀ ਉਹ ਇੱਜਤ ਰਖਦਾ ਹੈ।੪।੧੬।੪੬।

ਪਦਾਰਥ = ਅਟਲ (ਅਟੱਲ ਬੋਲੋ)-ਕਦੇ ਨਾ ਟਲਣ ਵਾਲਾ। ਸਭ ਮਹਿ-ਸਾਰੇ ਲੋਕਾਂ ਵਿਚ। ਪ੍ਰਗਟਾਇਆ-ਪ੍ਰਗਟ ਕਰ ਦਿਤੀ ਹੈ। ਜਨ -ਮਨੁੱਖ ਨੂੰ। ਤਿਸੁ ਭੇਟੈ-ਉਸ ਨੂੰ ਮਿਲ ਪੈਂਦਾ ਹੈ। ਹਰਿ ਰਾਇਆ-ਹਰੀ ਰਾਜਾ।੧। ਪਰਤੀਤਿ-ਨਿਸਚਾ; ਭਰੋਸਾ। ਗੋਵਿੰਦ ਕੀ-ਪ੍ਰਭੂ ਦੀ। ਜਪਿ-ਜਪ ਕੇ। ਅਨਿਕ ਬਾਤਾ-ਅਨੇਕਾਂ ਗੱਲਾਂ। ਕਰਿ ਰਹੇ-ਕਰਦੇ ਰਹੇ ਹਨ। ਘਰਿ-ਹਿਰਦੇ ਘਰ ਵਿਚ।੧। ਰਹਾਉ। ਸਰਣਿ ਪਰੇ ਕੀ-ਸ਼ਰਣ ਵਿਚ ਪਏ ਦੀ। ਰਾਖਤਾ-ਰੱਖਦਾ ਹੈ। ਸਹਸਾਇਆ-ਸੰਸਾ; ਸ਼ੱਕ। ਕਰਮ ਭੂਮਿ-ਕਰਮਾਂ ਦੀ ਜਮੀਨ (ਮਨੁੱਖਾ ਸਰੀਰ)। ਬੋਇ -ਬੀਜੋ। ਅਉਸਰੁ-ਮੌਕਾ; ਸਮਾਂ। ਦੁਲਭਾਇਆ-ਦੁਰਲੱਭ (ਮੁਸ਼ਕਲ ਨਾਲ ਮਿਲਣ ਵਾਲਾ)।੨। ਅੰਤਰਜਾਮੀ-ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ। ਪਤਿਤ-ਪਾਪੀ; ਵਿਕਾਰੀ। ਘਣੇ-ਬਹੁਤ। ਪੁਨੀਤ-ਪਵਿਤ੍ਰ ਤੋਂ ਵੀ ਪਵਿਤ੍ਰ। ਬਿਰਦਾਇਆ-ਧਰਮ; ਸੁਭਾਉ।੩। ਮਤ ਭੂਲਹੁ-ਭੁੱਲੋ ਨਾ (ਕੁਰਾਹੇ ਨਾ ਪਵੋ)। ਮਾਨੁਖ ਜਨ-ਹੇ ਮਨੁੱਖ ਜਨੋਂ!। ਮਾਇਆ ਭਰਮਾਇਆ-ਮਾਇਆ ਦੇ ਭਰਮਾਏ ਹੋਏ। ਤਿਸੁ-ਉਸ ਦੀ। ਪਤਿ-ਇੱਜਤ। ਰਾਖਸੀ-ਰੱਖਦਾ ਹੈ। ਪ੍ਰਭਿ-ਪ੍ਰਭੂ ਨੇ। ਪਹਿਰਾਇਆ-ਸਿਰੋਪਾ ਪਹਿਨਾਇਆ।੪।੧੬।੪੬।

ਬਿਲਾਵਲੁ ਮਹਲਾ ੫ ॥ ਮਾਟੀ ਤੇ ਜਿਨਿ ਸਾਜਿਆ, ਕਰਿ ਦੁਰਲਭ ਦੇਹ ॥ ਅਨਿਕ ਛਿਦ੍ਰ ਮਨ ਮਹਿ ਢਕੇ, ਨਿਰਮਲ ਦ੍ਰਿਸਟੇਹ ॥੧॥ ਕਿਉ ਬਿਸਰੈ ਪ੍ਰਭੁ ਮਨੈ ਤੇ, ਜਿਸ ਕੇ ਗੁਣ ਏਹ ॥ ਪ੍ਰਭ ਤਜਿ ਰਚੇ ਜਿ ਆਨ ਸਿਉ ,ਸੋ ਰਲੀਐ ਖੇਹ ॥੧॥ਰਹਾਉ॥ ਸਿਮਰਹੁ ਸਿਮਰਹੁ ਸਾਸਿ ਸਾਸਿ, ਮਤ ਬਿਲਮ ਕਰੇਹ ॥ ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ,ਤਜਿ ਕੂੜੇ ਨੇਹ ॥੨॥ ਜਿਨਿ ਅਨਿਕ ਏਕ ਬਹੁ ਰੰਗ ਕੀਏ, ਹੈ ਹੋਸੀ ਏਹ ॥ ਕਰਿ ਸੇਵਾ ਤਿਸੁ ਪਾਰਬ੍ਰਹਮ, ਗੁਰ ਤੇ ਮਤਿ ਲੇਹ ॥੩॥ ਊਚੇ ਤੇ ਊਚਾ ਵਡਾ, ਸਭ ਸੰਗਿ ਬਰਨੇਹ ॥ ਦਾਸ ਦਾਸ ਕੋ ਦਾਸਰਾ, ਨਾਨਕ ਕਰਿ ਲੇਹ ॥੪॥੭॥੪੭॥ (ਹੇ ਭਾਈ!) ਜਿਸ ਪ੍ਰਭੂ ਨੇ ਮਿੱਟੀ ਤੋਂ ਦੁਰਲੱਭ ਦੇਹ ਬਣਾ ਕਰਕੇ ਜੀਵ ਨੂੰ ਪੈਦਾ ਕੀਤਾ ਹੈ। (ਉਸ ਪ੍ਰਭੂ ਨੇ ਜੀਵ ਦੇ) ਮਨ ਵਿਚ ਅਨੇਕਾਂ (ਕਾਮਾਦਿਕ) ਦੋਸ਼ ਢਕ ਕੇ ਰੱਖੇ ਹਨ, (ਸਭ ਦੇ ਪੜਦੇ ਢਕੇ ਹੋਏ ਹਨ,

ਪਰ ਬਾਹਰੋਂ ਜੀਵ ਦਾ) ਸਰੀਰ ਸਾਫ ਸੁਥਰਾ ਦਿਸਦਾ ਹੈ।੧।(ਹੇ ਭਾਈ!) ਜਿਸ ਪ੍ਰਭੂ ਦੇ ਇਹੋ ਜਿਹੇ (ਬੇਅੰਤ) ਗੁਣ ਹਨ, (ਉਹ) ਪ੍ਰਭੂ ਸਾਡੇ ਮਨ ਤੋਂ ਕਿਉਂ ਭੁੱਲ ਜਾਵੇ? ਜਿਹੜੇ ਮਨੁੱਖ ਹਰੀ ਨੂੰ ਛਡ ਕੇ ਹੋਰਨਾਂ ਪਦਾਰਥਾਂ ਵਿਚ ਰਚੇ ਹੋਏ ਹਨ, ਉਹ ਮਿੱਟੀ ਵਿਚ ਮਿਲ ਜਾਂਦੇ ਹਨ (ਮਿੱਟੀ ਵਿਚ ਪੈਦਾ ਹੋਣ ਵਾਲੀ ਗੰਡੋਏ ਆਦਿ ਦੀਆਂ ਜੂਨਾਂ ਵਿਚ ਪੈਂਦੇ ਹਨ)।੧।ਰਹਾਉ।(ਹੇ ਭਾਈ! ਮਨ ਅਤੇ ਤਨ ਕਰਕੇ) ਹਰੇਕ ਸੁਆਸ ਨਾਲ ਪ੍ਰਭੂ ਦਾ ਸਿਮਰਨ ਕਰੋ, ਦੇਰ ਨਾ ਕਰੋ।ਦਿਸਦੇ ਸੰਸਾਰ ਦਾ ਮੋਹ ਛਡ ਕੇ ਅਤੇ ਝੂਠੇ (ਨਾਸ਼ਵੰਤ ਪਦਾਰਥਾਂ ਦਾ) ਪਿਆਰ ਛਡ ਕੇ ਪ੍ਰਭੂ ਨਾਲ ਰਚੇ ਰਹੋ।੨।(ਹੇ ਭਾਈ!) ਜਿਸ ਇਕ ਪ੍ਰਮਾਤਮਾ ਨੇ (ਅਪਣੇ ਤੋਂ ਸੰਸਾਰ ਵਿਚ) ਅਨੇਕ ਪ੍ਰਕਾਰ ਦੇ ਜੀਵਾਂ ਦੇ ਬਹੁਤ ਤਰ੍ਹਾਂ ਦੇ ਰੰਗ ਰੂਪ ਪੈਦਾ ਕੀਤੇ ਹਨ, ਇਹ (ਗੱਲ ਪ੍ਰਤੱਖ ਹੈ ਕਿ ਉਹ) ਹੁਣ ਵੀ ਹੈ ਅਤੇ ਅੱਗੇ ਵੀ ਹੋਵੇਗਾ (ਸਦਾ ਕਾਇਮ ਰਹਿਣ ਵਾਲਾ ਹੈ)।ਗੁਰੂ ਤੋਂ ਸਿੱਖਿਆ ਲੈ ਕੇ ਉਸ ਪਾਰਬ੍ਰਹਮ ਦੀ ਸੇਵਾ ਭਗਤੀ ਕਰਦੇ ਰਹੋ।੩।ਪ੍ਰਭੂ (ਬ੍ਰਹਮਾ ਆਦਿ) ਉਚੀਆਂ ਹਸਤੀਆਂ ਤੋਂ ਉਚਾ ਤੇ (ਵੱਡਿਆਂ ਤੋਂ ਵੀ) ਵੱਡਾ ਹੈ ਅਤੇ ਸਭ ਜੀਵਾਂ ਦੇ ਨਾਲ ਵਸਦਾ ਵਰਨਣ ਕੀਤਾ ਜਾਂਦਾ ਹੈ। ਨਾਨਕ ਦੀ ਅਰਦਾਸ ਹੈ (ਕਿ ਹੇ ਪ੍ਰਭੂ! ਮੈਨੂੰ ਅਪਣੇ) ਦਾਸਾਂ ਦੇ ਦਾਸਾਂ ਦਾ ਛੋਟਾ ਜਿਹਾ ਦਾਸ ਬਣਾ ਲੈ।੪।੧੭।੪੭।

ਪਦਾਰਥ = ਮਾਟੀ ਤੇ–ਮਿੱਟੀ ਤੋਂ।ਜਿਨਿ–ਜਿਸ ਨੇ।ਸਾਜਿਆ–ਪੈਦਾ ਕੀਤਾ।ਦੁਰਲਭ ਦੇਹ–ਬਹੁਤ ਔਖਾ ਲੱਭਣ ਵਾਲਾ ਮਨੁੱਖਾ ਸਰੀਰ ।ਅਨਿਕ–ਅਨੇਕਾਂ।ਛਿਦ੍ਰ–(ਕਾਮਾਦਿਕ) ਦੋਸ਼; ਬੁਰਿਆਈਆਂ।ਮਨ ਮਹਿ–ਮਨ ਵਿਚ।ਢਕੇ–ਢਕੇ (ਲੁਕਾ ਕੇ ਰਖੇ) ਹੋਏ।ਨਿਰਮਲ– ਸਾਫ ਸੁਥਰਾ।ਦ੍ਰਿਸਟੇਹ–ਦਿਸਦਾ ਹੈ।੧।ਬਿਸਰੈ–ਭੁੱਲ ਜਾਵੇ।ਮਨੈ ਤੇ–ਮਨ ਤੋਂ।ਕੇ–ਦੇ।ਤਜਿ–ਛਡ ਕੇ।ਜਿ–ਜਿਹੜੇ।ਆਨ ਸਿਉ– ਹੋਰਨਾਂ ਨਾਲ।ਸੋ–ਉਹ।ਰਲੀਐ–ਮਿਲ ਜਾਂਦਾ ਹੈ।ਖੇਹ–ਮਿੱਟੀ ਵਿਚ।੧।ਰਹਾਉ।ਸਿਮਰਹੁ–ਸਿਮਰਨ ਕਰੋ।ਸਾਸਿ ਸਾਸਿ–ਹਰੇਕ ਸਾਹ ਨਾਲ।ਮਤ ਕਰੇਹ–ਨਾ ਕਰੋ।ਬਿਲਮ–ਦੇਰ; ਢਿੱਲ।ਪ੍ਰਪੰਚੁ–ਦਿਸਦਾ ਸੰਸਾਰ; ਵਲ ਛਲ।ਰਚਹੁ–ਰਚੇ (ਜੁੜੇ) ਰਹੋ।ਕੂੜੇ–ਝੂਠੇ (ਨਾਸ਼ਵੰਤ)।ਨੇਹ–ਪਿਆਰ।੨।ਜਿਨਿ ਏਕ–ਜਿਸ ਇਕ ਪ੍ਰਭੂ ਨੇ।ਬਹੁ–ਬਹੁਤ।ਰੰਗ–ਰੰਗ ਰੂਪ।ਕੀਏ–ਪੈਦਾ ਕੀਤੇ।ਹੈ–ਹੁਣ ਵੀ ਮੌਜੂਦ ਹੈ।ਹੋਸੀ–(ਅੱਗੇ ਨੂੰ ਸਦਾ ਵਾਸਤੇ) ਹੋਵੇਗਾ।ਸੇਵਾ–ਸੇਵਾ ਭਗਤੀ।ਮਤਿ–ਸਿੱਖਿਆ; ਅਕਲ।ਲੇਹ–ਲੈ ਕੇ।੩।ਸਭ ਸੰਗਿ– ਸਾਰੇ ਜੀਵਾਂ ਨਾਲ।ਬਰਨੇਹ–ਵਰਨਣ ਕੀਤਾ ਜਾਂਦਾ ਹੈ।ਦਾਸਰਾ–ਛੋਟਾ ਜਿਹਾ ਦਾਸ।ਕਰਿ ਲੇਹ–ਬਣਾ ਲੈ।੪।੧੭।੪੭।

ਬਿਲਾਵਲੁ ਮਹਲਾ ੫ ॥ ਏਕ ਟੇਕ ਗੋਵਿੰਦ ਕੀ, ਤਿਆਗੀ ਅਨ ਆਸ ॥ ਸਭ ਊਪਰਿ ਸਮਰਥ ਪ੍ਰਭ, ਪੂਰਨ ਗੁਣਤਾਸ ॥੧॥ ਜਨ ਕਾ ਨਾਮੁ ਅਧਾਰੁ ਹੈ, ਪ੍ਰਭ ਸਰਣੀ ਪਾਹਿ ॥ ਪਰਮੇਸਰ ਕਾ ਆਸਰਾ, ਸੰਤਨ ਮਨ ਮਾਹਿ ॥੧॥ਰਹਾਉ॥ ਆਪਿ ਰਖੈ ਆਪਿ ਦੇਵਸੀ, ਆਪੇ ਪ੍ਰਤਿਪਾਰੈ ॥ (ਹੇ ਭਾਈ! ਸੰਤਾਂ ਨੇ) ਹੋਰ ਆਸਾਂ ਛਡ ਕੇ ਇਕ ਗੋਬਿੰਦ ਦੀ ਓਟ ਲੈ ਰੱਖੀ ਹੈ।(ਕਿਉਂਕਿ ਉਨ੍ਹਾਂ ਨੂੰ ਭਰੋਸਾ ਹੈ ਕਿ) ਸਰਬ ਸ਼ਕਤੀਮਾਨ ਪਰੀਪੂਰਨ ਅਤੇ ਗੁਣਾਂ ਦਾ ਖਜਾਨਾ ਪ੍ਰਭੂ ਸਭ ਜੀਵਾਂ ਦੇ ਉਪਰ (ਰਖਵਾਲਾ) ਹੈ।੧।ਸੰਤ ਜਨਾਂ ਦਾ ਆਸਰਾ ਪ੍ਰਭੂ ਦਾ ਨਾਮ ਹੈ ਅਤੇ (ਉਹ) ਪ੍ਰਭੂ ਦੀ ਸ਼ਰਣ ਵਿਚ ਪਏ ਰਹਿੰਦੇ ਹਨ।ਸੰਤਾਂ ਦੇ ਮਨ ਵਿਚ (ਕੇਵਲ) ਪ੍ਰਮੇਸਰ ਦਾ ਹੀ ਆਸਰਾ ਹੁੰਦਾ ਹੈ।੧।ਰਹਾਉ।(ਪ੍ਰਭੂ ਸੰਤਾਂ ਦੀ) ਆਪ ਹੀ ਰੱਖਿਆ ਕਰਦਾ ਹੈ, ਆਪ ਹੀ ਦਾਤਾਂ ਦੇਂਦਾ ਹੈ ਅਤੇ ਆਪ ਹੀ ਪਾਲਦਾ ਹੈ।

ਅੰਗ ੮੧੩ = ਦੀਨ ਦਇਆਲ ਕ੍ਰਿਪਾ ਨਿਧੇ, ਸਾਸਿ ਸਾਸਿ ਸਮ੍ਾਰੈ ॥੨॥ ਕਰਣਹਾਰੁ ਜੋ ਕਰਿ ਰਹਿਆ, ਸਾਈ ਵਡਿਆਈ ॥ ਗੁਰਿ ਪੂਰੈ ਉਪਦੇਸਿਆ, ਸੁਖੁ ਖਸਮ ਰਜਾਈ ॥੩॥ ਚਿੰਤ ਅੰਦੇਸਾ ਗਣਤ ਤਜਿ, ਜਨਿ ਹੁਕਮੁ ਪਛਾਤਾ ॥ ਨਹ ਬਿਨਸੈ ਨਹ ਛੋਡਿ ਜਾਇ, ਨਾਨਕ ਰੰਗਿ ਰਾਤਾ ॥੪॥੧੮॥੪੮॥ ਦੀਨਾਂ ਉਤੇ ਦਇਆ ਕਰਨ ਵਾਲਾ ਪ੍ਰਭੂ ਕਿਰਪਾ ਦਾ ਖਜਾਨਾ ਹੈ ਅਤੇ ਹਰੇਕ ਸਾਹ ਦੇ ਨਾਲ (ਸਭ ਜੀਵਾਂ ਦੀ) ਸੰਭਾਲ ਕਰਦਾ ਹੈ; (ਸੰਤ ਉਸ ਨੂੰ) ਸੁਆਸ ਸੁਆਸ ਯਾਦ ਕਰਦੇ ਹਨ।੨।(ਸਭ ਕੁਛ) ਕਰਨ ਵਾਲਾ ਪ੍ਰਭੂ ਜੋ ਕੁਛ ਕਰ ਰਿਹਾ ਹੈ, ਉਹ ਹੀ (ਉਸ ਦੀ) ਵਡਿਆਈ ਹੈ।ਪੂਰੇ ਗੁਰੂ ਨੇ (ਸੰਗਤਾਂ ਨੂੰ) ਉਪਦੇਸ਼ ਦਿਤਾ ਹੈ ਕਿ ਮਾਲਕ ਪ੍ਰਭੂ ਦੇ ਭਾਣੇ ਵਿਚ ਚੱਲਣ ਨਾਲ ਹੀ ਸੁਖ ਮਿਲਦਾ ਹੈ।੩।ਚਿੰਤਾ ਫਿਕਰ ਤੇ (ਜਪ ਤਪ ਆਦਿ ਦੀ) ਗਿਣਤੀ ਛਡ ਕੇ ਸੰਤ ਜਨਾਂ ਨੇ ਪ੍ਰਭੂ ਦਾ ਹੁਕਮ ਪਛਾਣਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਸੰਤਾਂ ਦਾ ਮਨ ਪ੍ਰਭੂ ਦੇ) ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ, (ਜਿਹੜਾ ਪ੍ਰਭੂ ਕਦੇ) ਨਾਸ਼ ਨਹੀਂ ਹੁੰਦਾ ਅਤੇ ਨਾ ਹੀ (ਉਹ ਸੰਤਾਂ ਦਾ ਸਾਥ) ਛਡ ਕੇ ਜਾਂਦਾ ਹੈ।੪।੪੮।੪੮।

ਪਦਾਰਥ = ਟੇਕ–ਓਟ।ਗੋਵਿੰਦ ਕੀ–ਪ੍ਰਭੂ ਦੀ।ਤਿਆਗੀ–ਛਡ ਦਿਤੀ।ਅਨ–ਹੋਰ (ਕਿਸੇ ਦੂਜੇ ਦੀ)।ਸਮਰਥ–ਸਰਬ ਸ਼ਕਤੀਮਾਨ। ਪੂਰਨ–ਸਰਬ ਵਿਆਪਕ।ਗੁਣ ਤਾਸ–ਗੁਣਾਂ ਦਾ ਖਜਾਨਾ।੧।ਜਨ ਕਾ–ਸੰਤ ਜਨਾਂ ਦਾ।ਅਧਾਰੁ–ਆਸਰਾ।ਪਾਹਿ–ਪੈਂਦੇ ਹਨ।ਮਨ ਮਾਹਿ–ਮਨ ਵਿਚ।੧।ਰਹਾਉ।ਆਪਿ–ਆਪ ਹੀ।ਰਖੈ–ਰੱਖਿਆ ਕਰਦਾ ਹੈ।ਦੇਵਸੀ–(ਦਾਤਾਂ) ਦੇਂਦਾ ਹੈ।ਪ੍ਰਤਿਪਾਰੈ–ਪਾਲਦਾ ਹੈ। ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ ਪ੍ਰਭੂ।ਕ੍ਰਿਪਾ ਨਿਧੇ–ਕ੍ਰਿਪਾ ਦਾ ਖਜਾਨਾ।ਸਾਸਿ ਸਾਸਿ–ਹਰੇਕ ਸਾਹ ਨਾਲ।

ਸਮ੍ਾਰੈ–ਸੰਭਾਲ ਕਰਦਾ ਹੈ।੨।ਕਰਣਹਾਰੁ–ਸਭ ਕੁਛ ਕਰਨ ਵਾਲਾ ਪ੍ਰਭੂ।ਸਾਈ–ਉਹ ਹੀ।ਗੁਰਿ ਪੂਰੈ–ਪੂਰੇ ਗੁਰੂ ਨੇ।ਖਸਮ–ਮਾਲਕ ਪ੍ਰਭੂ।ਰਜਾਈ–ਭਾਣੇ ਵਿਚ।੩।ਅੰਦੇਸਾ–ਫਿਕਰ; ਡਰ।ਗਣਤ–(ਜਪ ਤਪ ਤੇ ਚਲੀਸਿਆਂ ਦੀ) ਗਿਣਤੀ।ਤਜਿ–ਛਡ ਕੇ।ਜਨਿ–ਸੰਤ ਜਨਾਂ ਨੇ।ਪਛਾਤਾ–ਪਛਾਣਿਆ।ਨਹ ਬਿਨਸੈ–ਨਾਸ਼ ਨਹੀਂ ਹੁੰਦਾ।ਰੰਗਿ ਰਾਤਾ–ਪ੍ਰੇਮ ਰੰਗ ਵਿਚ ਰੰਗਿਆ ਹੈ।੪।੧੮।੪੮।

ਬਿਲਾਵਲੁ ਮਹਲਾ ੫ ॥ ਮਹਾ ਤਪਤਿ ਤੇ ਭਈ ਸਾਂਤਿ, ਪਰਸਤ ਪਾਪ ਨਾਠੇ ॥ ਅੰਧ ਕੂਪ ਮਹਿ ਗਲਤ ਥੇ, ਕਾਢੇ ਦੇ ਹਾਥੇ ॥੧॥ ਓਇ ਹਮਾਰੇ ਸਾਜਨਾ, ਹਮ ਉਨ ਕੀ ਰੇਨ ॥ ਜਿਨ ਭੇਟਤ ਹੋਵਤ ਸੁਖੀ, ਜੀਅ ਦਾਨੁ ਦੇਨ ॥੧॥ਰਹਾਉ॥ ਪਰਾ ਪੂਰਬਲਾ ਲੀਖਿਆ, ਮਿਲਿਆ ਅਬ ਆਇ ॥ ਬਸਤ ਸੰਗਿ ਹਰਿ ਸਾਧ ਕੈ, ਪੂਰਨ ਆਸਾਇ ॥੨॥ ਭੈ ਬਿਨਸੇ ਤਿਹੁ ਲੋਕ ਕੇ, ਪਾਏ ਸੁਖ ਥਾਨ ॥ ਦਇਆ ਕਰੀ ਸਮਰਥ ਗੁਰਿ, ਬਸਿਆ ਮਨਿ ਨਾਮ ॥੩॥ ਨਾਨਕ ਕੀ ਤੂ ਟੇਕ ਪ੍ਰਭ, ਤੇਰਾ ਆਧਾਰ ॥ ਕਰਣ ਕਾਰਣ ਸਮਰਥ ਪ੍ਰਭ, ਹਰਿ ਅਗਮ ਅਪਾਰ ॥੪॥੧੯॥੪੯॥ (ਹੇ ਭਾਈ!) ਸਤਿਗੁਰੂ ਦੇ ਚਰਨ ਛੋਹਣ ਨਾਲ ਪਾਪ ਨੱਠ ਗਏ ਹਨ ਅਤੇ (ਵਿਸ਼ੇ ਵਿਕਾਰਾਂ ਦੀ) ਭਾਰੀ ਤਪਸ਼ ਤੋਂ ਮਨ ਵਿਚ ਸ਼ਾਂਤੀ ਹੋ ਗਈ ਹੈ।(ਅਸੀਂ ਸੰਸਾਰ ਰੂਪ) ਹਨ੍ਹੇਰੇ ਖੂਹ ਵਿਚ ਡਿੱਗੇ ਪਏ ਸੀ, (ਗੁਰੂ ਨੇ ਸਾਨੂੰ ਅਪਣਾ) ਹੱਥ ਦੇ ਕੇ ਕੱਢ ਲਿਆ ਹੈ।੧।ਉਹ (ਸੰਤ ਜਨ) ਸਾਡੇ ਅਸਲੀ ਮਿਤ੍ਰ ਹਨ, ਅਸੀਂ ਉਨ੍ਹਾਂ ਦੇ ਚਰਨਾਂ ਦੀ ਧੂੜ ਹਾਂ।ਜਿਨ੍ਹਾਂ ਨੂੰ ਮਿਲਣ ਕਰਕੇ ਆਤਮਕ ਸੁਖ ਪ੍ਰਾਪਤ ਹੁੰਦਾ ਹੈ ਅਤੇ (ਉਹ ਆਤਮਕ) ਜੀਵਨ ਦਾਨ ਦੇਂਦੇ ਹਨ।੧।ਰਹਾਉ।ਬਹੁਤ ਪਹਿਲਾਂ ਤੋਂ (ਹਰੀ ਦੀ ਹਜੂਰੀ ਤੋਂ ਗੁਰੂ ਦੇ ਮਿਲਾਪ ਦਾ ਜੋ ਲੇਖ) ਲਿਖਿਆ ਹੋਇਆ ਸੀ, ਹੁਣ (ਉਹ ਇਸ ਜਨਮ ਵਿਚ) ਆ ਕੇ ਮਿਲਿਆ ਹੈ।ਹਰੀ ਦੇ ਸਾਧੂਆਂ ਨਾਲ ਵਸਣ ਕਰਕੇ ਸਾਰੀਆਂ ਆਸਾਂ ਪੂਰੀਆਂ ਹੋਈਆਂ ਹਨ।੨।(ਹੇ ਭਾਈ!) ਤਿੰਨਾਂ ਲੋਕਾਂ ਦੇ ਡਰ ਨਾਸ਼ ਹੋ ਗਏ ਹਨ ਅਤੇ ਸੁੱਖਾਂ ਦਾ ਅਸਥਾਨ (ਸਾਧ ਸੰਗਤ) ਪ੍ਰਾਪਤ ਕਰ ਲਿਆ ਹੈ।(ਕਿਉਂਕਿ) ਸਮਰੱਥ ਗੁਰੂ ਨੇ (ਸਾਡੇ ਉਤੇ) ਦਇਆ ਕੀਤੀ, (ਜਿਸ ਕਰਕੇ) ਮਨ ਵਿਚ ਹਰੀ ਦਾ ਨਾਮ ਵਸ ਗਿਆ ਹੈ।੩।ਹੇ ਕਰਣ ਕਾਰਨ ਸਰਬ ਸ਼ਕਤੀਮਾਨ ਪ੍ਰਭੂ! ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਬੇਅੰਤ ਹਰੀ! ਹੇ ਪ੍ਰਭੂ! ਨਾਨਕ ਦੀ ਤੂੰ ਓਟ ਹੈ ਅਤੇ (ਮਨ ਵਿਚ ਵੀ) ਤੇਰਾ ਹੀ ਆਸਰਾ ਹੈ।੪।੧੯।੪੯।

ਪਦਾਰਥ = ਮਹਾ ਤਪਤਿ–ਭਾਰੀ ਤਪਸ਼।ਤੇ–ਤੋਂ।ਭਈ ਸਾਂਤਿ–ਸ਼ਾਂਤੀ ਹੋ ਗਈ।ਪਰਸਤ–ਛੋਹਣ ਨਾਲ।ਨਾਠੇ–ਨੱਠ ਹਏ।ਅੰਧ ਕੂਪ ਮਹਿ–ਹਨ੍ਹੇਰੇ ਖੂਹ ਵਿਚ।ਗਲਤ ਥੇ–ਡਿੱਗੇ ਪਏ ਸੀ; ਗਲ ਸੜ ਰਹੇ ਸੀ।ਦੇ ਹਾਥੇ–ਹੱਥ ਦੇ ਕੇ।੧।ਓਇ–ਉਹ (ਬਹੁ ਵਚਨ)।ਉਨ ਕੀ–ਉਨ੍ਹਾਂ ਦੀ।ਰੇਨ–ਚਰਨ ਧੂੜ।ਜਿਨ–ਜਿਨ੍ਹਾਂ ਨੂੰ।ਭੇਟਤ–ਮਿਲਣ ਕਰਕੇ।ਹੋਵਤ–ਹੁੰਦਾ ਹੈ।ਜੀਅ ਦਾਨੁ–ਆਤਮਕ ਜੀਵਨ ਦਾ ਦਾਨ।ਦੇਨ–ਦੇਂਦੇ ਹਨ।੧।ਰਹਾਉ।ਪਰਾ ਪੂਰਬਲਾ–ਬਹੁਤ ਪਹਿਲਾਂ (ਹਰੀ ਦੀ ਹਜੂਰੀ) ਤੋਂ।ਅਬ–ਹੁਣ।ਬਸਤ–ਵਸਣ ਕਰਕੇ।ਸੰਗਿ ਸਾਧ–ਸਾਧੂਆਂ ਨਾਲ।ਕੈ–ਦੇ।ਆਸਾਇ–ਆਸਾਂ।੨।ਭੈ–ਡਰ।ਬਿਨਸੇ–ਨਾਸ਼ ਹੋ ਗਏ।ਤਿਹੁ ਲੋਕ ਕੇ–ਤਿੰਨਾਂ ਭਵਨਾਂ ਦੇ।ਪਾਏ–ਪ੍ਰਾਪਤ ਕਰ ਲਏ।ਸੁਖ ਥਾਨ–ਸੁੱਖ ਦੇਣ ਵਾਲਾ ਅਸਥਾਨ (ਸਾਧ ਸੰਗਤ)।ਸਮਰਥ ਗੁਰਿ–ਬਲਵਾਨ ਗੁਰੂ ਨੇ।ਮਨਿ–ਮਨ ਵਿਚ।੩ ।ਟੇਕ–ਓਟ; ਸਹਾਰਾ।ਆਧਾਰ–ਆਸਰਾ।ਪ੍ਰਭ–ਹੇ ਪ੍ਰਭੂ!।ਕਰਣ ਕਾਰਣ–ਸਾਰੇ ਕਾਰਨਾਂ ਦਾ ਕਰਨ ਵਾਲਾ; ਜਗਤ ਦਾ ਮੂਲ ਕਾਰਨ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰ–ਬੇਅੰਤ।੪।੧੯।੪੯।

ਬਿਲਾਵਲੁ ਮਹਲਾ ੫ ॥ ਸੋਈ ਮਲੀਨੁ ਦੀਨੁ ਹੀਨੁ ,ਜਿਸੁ ਪ੍ਰਭੁ ਬਿਸਰਾਨਾ ॥ ਕਰਨੈਹਾਰੁ ਨ ਬੂਝਈ, ਆਪੁ ਗਨੈ ਬਿਗਾਨਾ ॥੧॥ ਦੂਖੁ ਤਦੇ ਜਦਿ ਵੀਸਰੈ, ਸੁਖੁ ਪ੍ਰਭ ਚਿਤਿ ਆਏ ॥ ਸੰਤਨ ਕੈ ਆਨੰਦੁ ਏਹੁ ,ਨਿਤ ਹਰਿ ਗੁਣ ਗਾਏ ॥੧॥ਰਹਾਉ॥ ਊਚੇ ਤੇ ਨੀਚਾ ਕਰੈ, ਨੀਚ ਖਿਨ ਮਹਿ ਥਾਪੈ ॥ ਕੀਮਤਿ ਕਹੀ ਨ ਜਾਈਐ, ਠਾਕੁਰ ਪਰਤਾਪੈ ॥੨॥ ਪੇਖਤ ਲੀਲਾ ਰੰਗ ਰੂਪ, ਚਲਨੈ ਦਿਨੁ ਆਇਆ ॥ ਸੁਪਨੇ ਕਾ ਸੁਪਨਾ ਭਇਆ, ਸੰਗਿ ਚਲਿਆ ਕਮਾਇਆ ॥੩॥ ਕਰਣ ਕਾਰਣ ਸਮਰਥ ਪ੍ਰਭ, ਤੇਰੀ ਸਰਣਾਈ ॥ ਹਰਿ ਦਿਨਸੁ ਰੈਣਿ ਨਾਨਕੁ ਜਪੈ, ਸਦ ਸਦ ਬਲਿ ਜਾਈ ॥੪॥੨੦॥੫੦॥ (ਹੇ ਭਾਈ!) ਉਹ ਮਨੁੱਖ ਮੈਲੇ ਚਿਤ ਵਾਲਾ, ਕੰਗਾਲ ਤੇ (ਸ਼ੁੱਭ ਗੁਣਾਂ ਤੋਂ) ਹੀਣ ਹੈ, ਜਿਸ ਨੂੰ ਪ੍ਰਭੂ ਭੁੱਲ ਗਿਆ ਹੈ।(ਉਹ) ਬੇਸਮਝ ਮਨੁੱਖ ਅਪਣੇ ਆਪ ਨੂੰ (ਸਭ ਕੁਛ ਕਰਨ ਵਾਲਾ) ਗਿਣਦਾ ਹੈ ਅਤੇ ਕਰਨਹਾਰ ਪ੍ਰਭੂ ਨੂੰ ਕੁਛ ਨਹੀਂ ਸਮਝਦਾ।੧।(ਹੇ ਭਾਈ! ਮਨੁੱਖ ਨੂੰ) ਉਦੋਂ ਦੁਖ ਲਗਦਾ ਹੈ, ਜਦੋਂ (ਇਸ ਨੂੰ) ਪ੍ਰਭੂ ਭੁੱਲ ਜਾਂਦਾ ਹੈ ਅਤੇ ਪ੍ਰਭੂ ਦੇ ਚੇਤੇ ਆਇਆਂ ਸੁਖ ਪ੍ਰਤੀਤ ਹੁੰਦਾ ਹੈ।ਸੰਤਾਂ ਦੇ (ਮਨ ਵਿਚ) ਇਹ ਅਨੰਦ ਬਣਿਆ ਰਹਿੰਦਾ ਹੈ, (ਕਿਉਂਕਿ ਉਹ) ਹਰ ਰੋਜ ਹਰੀ ਦੇ ਗੁਣ ਗਾਉਂਦੇ ਹਨ।੧।ਰਹਾਉ।(ਹੇ ਭਾਈ! ਪ੍ਰਭੂ ਨੂੰ ਭੁੱਲ ਜਾਣ ਕਰਕੇ ਉਹ) ਉਚੇ (ਸਥਾਨ) ਤੋਂ ਨੀਵਾਂ ਕਰ ਦੇਂਦਾ ਹੈ ਅਤੇ (ਨਾਮ ਜਪਣ ਵਾਲੇ ਗਰੀਬ) ਨੀਵੇਂ ਮਨੁੱਖਾਂ ਨੂੰ ਇਕ ਖਿਨ ਵਿਚ (ਉਚੀ ਪਦਵੀ ਤੇ) ਥਾਪ ਦੇਂਦਾ ਹੈ।(ਇਸ ਲਈ) ਮਾਲਕ ਪ੍ਰਭੂ ਦੇ ਤੇਜ ਪ੍ਰਤਾਪ ਦੀ ਕੀਮਤ ਨਹੀਂ ਕਹੀ ਜਾ ਸਕਦੀ।੨।(ਹੇ ਭਾਈ!) ਸੰਸਾਰ ਦੇ ਖੇਲ ਤਮਾਸ਼ੇ ਤੇ ਰੰਗ ਰੂਪ ਦੇਖਦੇ ਦੇਖਦੇ

(ਜੀਵ ਦੇ) ਤੁਰ ਜਾਣ ਦਾ ਦਿਨ ਆ ਗਿਆ।(ਉਹ ਰੰਗ ਰੂਪ ਸੁਫਨਾ ਸੀ, ਉਹ) ਸੁਫਨੇ ਦਾ ਸੁਫਨਾ ਹੋ ਗਿਆ (ਅਲੋਪ ਹੋ ਗਿਆ, ਪਰ ਪ੍ਰਲੋਕ ਨੂੰ ਮਨੁੱਖ ਦੇ) ਨਾਲ ਉਹੋ ਕੁਛ ਚਲਿਆ, ਜੋ (ਉਸ ਨੇ) ਕਰਮ ਕਮਾਇਆ ਸੀ (ਅਮਲ ਕੀਤੇ ਸਨ)।੩।ਹੇ ਸਾਰੇ ਕਾਰਨਾਂ ਦੇ ਕਰਨ ਵਾਲੇ ਸਰਬ ਸ਼ਕਤੀਮਾਨ ਪ੍ਰਭੂ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ।ਹੇ ਹਰੀ! ਨਾਨਕ ਦਿਨ ਰਾਤ ਤੇਰਾ ਨਾਮ ਜਪਦਾ ਹੈ ਅਤੇ (ਤੇਰੇ ਤੋਂ) ਸਦਾ (ਮਨ ਤੇ ਤਨ ਕਰਕੇ) ਬਲਿਹਾਰ ਜਾਂਦਾ ਹੈ।੪। ੨੦।੫੦।

ਪਦਾਰਥ = ਸੋਈ–ਉਹ।ਮਲੀਨੁ–ਮੈਲਾ (ਗੰਦਾ)।ਦੀਨੁ–ਕੰਗਾਲ।ਹੀਨੁ–(ਸ਼ੁੱਭ ਗੁਣਾਂ ਤੋਂ) ਰਹਿਤ; ਨੀਚ।ਬਿਸਰਾਨਾ–ਭੁੱਲ ਗਿਆ। ਕਰਨੈਹਾਰ–(ਸਭ ਕੁਛ) ਕਰਨ ਦੇ ਸਮਰੱਥ ਪ੍ਰਭੂ।ਨ ਬੂਝਈ–ਨਹੀਂ ਸਮਝਦਾ।ਗਨੈ–ਗਿਣਦਾ (ਵਿਚਾਰਦਾ) ਹੈ।ਬਿਗਾਨਾ–ਬੇ ਗਿਆਨਾ (ਬੇ ਸਮਝ ਮਨੁੱਖ)।੧।ਤਦੇ–ਉਦੋਂ।ਜਦਿ–ਜਦੋਂ।ਵੀਸਰੈ–ਭੁੱਲ ਜਾਂਦਾ ਹੈ।ਚਿਤਿ–ਚੇਤੇ; ਚਿਤ ਵਿਚ।ਸੰਤਨ ਕੈ–ਸੰਤਾਂ ਦੇ।ਨਿਤ–ਹਰ ਰੋਜ; ਸਦਾ।ਗਾਏ–ਗਾਉਂਦੇ ਹਨ।੧।ਰਹਾਉ।ਤੇ–ਤੋਂ।ਨੀਚਾ–ਨੀਵਾਂ।ਖਿਨ ਮਹਿ–ਇਕ ਖਿਨ ਵਿਚ।ਥਾਪੈ–ਥਾਪ ਦੇਂਦਾ ਹੈ। ਠਾਕੁਰ–ਪ੍ਰਭੂ।ਪਰਤਾਪੈ–ਤੇਜ ਪ੍ਰਤਾਪ ਦੀ।੨।ਪੇਖਤ–ਦੇਖਦਿਆਂ।ਲੀਲਾ–ਖੇਲ ਤਮਾਸ਼ੇ।ਚਲਨੈ–ਤੁਰ ਜਾਣ (ਮੌਤ) ਦਾ।ਭਇਆ–ਹੋ ਗਿਆ।ਸੰਗਿ–ਨਾਲ।ਕਮਾਇਆ–ਜੋ ਕਰਮ ਕੀਤੇ ਸਨ।੩।ਕਰਣ ਕਾਰਣ–ਹੇ ਸਾਰੇ ਕਾਰਨਾਂ ਦੇ ਕਰਨ ਵਾਲੇ! ;ਹੇ ਜਗਤ ਦੇ ਮੂਲ ਕਾਰਨ!।ਸਮਰਥ–ਸਰਬ ਸ਼ਕਤੀਮਾਨ।ਰੈਣਿ–ਰਾਤ।ਸਦ–ਸਦਾ।ਬਲਿ ਜਾਈ–ਬਲਿਹਾਰ ਜਾਂਦਾ ਹੈ।੪।੨੦।੫੦।

ਬਿਲਾਵਲੁ ਮਹਲਾ ੫ ॥ ਜਲੁ ਢੋਵਉ ਇਹ ਸੀਸ ਕਰਿ, ਕਰ ਪਗ ਪਖਲਾਵਉ ॥ ਬਾਰਿ ਜਾਉ ਲਖ ਬੇਰੀਆ, ਦਰਸੁ ਪੇਖਿ ਜੀਵਾਵਉ ॥੧॥ ਕਰਉ ਮਨੋਰਥ ਮਨੈ ਮਾਹਿ, ਅਪਨੇ ਪ੍ਰਭ ਤੇ ਪਾਵਉ ॥ ਦੇਉ ਸੂਹਨੀ ਸਾਧ ਕੈ, ਬੀਜਨ ਢੋਲਾਵਉ ॥੧॥ਰਹਾਉ॥ ਅੰਮ੍ਰਿਤ ਗੁਣ ਸੰਤ ਬੋਲਤੇ, ਸੁਣਿ ਮਨਹਿ ਪੀਲਾਵਉ ॥ ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ, ਬਿਖੈ ਜਲਨ ਬੁਝਾਵਉ ॥੨॥ ਜਬ ਭਗਤਿ ਕਰਹਿ ਸੰਤ ਮੰਡਲੀ, ਤਿਨ੍ ਮਿਲਿ ਹਰਿ ਗਾਵਉ ॥ ਕਰਉ ਨਮਸਕਾਰ ਭਗਤ ਜਨ, ਧੂਰਿ ਮੁਖਿ ਲਾਵਉ ॥੩॥ ਊਠਤ ਬੈਠਤ ਜਪਉ ਨਾਮੁ ,ਇਹੁ ਕਰਮੁ ਕਮਾਵਉ ॥ ਨਾਨਕ ਕੀ ਪ੍ਰਭ ਬੇਨਤੀ, ਹਰਿ ਸਰਨਿ ਸਮਾਵਉ ॥੪॥੨੧॥੫੧॥ (ਹੇ ਭਾਈ!) ਮੈਂ ਇਸ ਸਿਰ ਉਤੇ ਪਾਣੀ ਦੇ ਘੜੇ ਚੁੱਕ ਕਰਕੇ ਢੋਵਾਂ ਅਤੇ (ਅਪਣੇ) ਹੱਥਾਂ ਨਾਲ (ਸੰਤਾਂ ਦੇ) ਪੈਰ ਧੋਵਾਂ।(ਸੰਤਾਂ ਤੋਂ) ਲੱਖਾਂ ਵਾਰੀ ਮੈਂ ਬਲਿਹਾਰ ਜਾਵਾਂ ਅਤੇ (ਸੰਤਾਂ ਦੇ) ਦਰਸ਼ਨ ਦੇਖ ਕੇ ਜਿਉਂਦਾ ਰਹਾਂ।੧।(ਜੋ ਵੀ) ਮੈਂ ਮਨੋਰਥ ਮਨ ਵਿਚ ਧਾਰਨ ਕਰਾਂ, ਉਹ ਮੈਂ ਅਪਣੇ ਪ੍ਰਭੂ ਤੋਂ ਪ੍ਰਾਪਤ ਕਰ ਲਵਾਂ।ਸਾਧੂਆਂ ਦੇ ਘਰ ਵਿਚ ਝਾੜੂ ਦੇਵਾਂ ਅਤੇ (ਗਰਮੀਆਂ ਵਿਚ ਸਾਧੂਆਂ ਨੂੰ) ਪੱਖਾਂ ਝਲਦਾ ਰਹਾਂ।੧।ਰਹਾਉ।(ਹੇ ਭਾਈ! ਪ੍ਰਭੂ ਦੇ ਜੋ) ਅੰਮ੍ਰਿਤ ਗੁਣ ਸੰਤ ਉਚਾਰਦੇ ਹਨ, (ਉਨ੍ਹਾਂ ਗੁਣਾਂ ਨੂੰ) ਸੁਣ ਕੇ ਮੈਂ ਅਪਨੇ ਮਨ ਨੂੰ ਨਾਮ ਰੂਪ ਅੰਮ੍ਰਿਤ ਪਿਲਾਇਆ ਕਰਾਂ (ਨਾਮ ਨੂੰ ਧਾਰਨ ਕਰਾਂ।ਨਾਮ ਅੰਮ੍ਰਿਤ ਦੇ) ਉਸ ਰਸ ਵਿਚ (ਮਨ ਨੂੰ) ਸ਼ਾਂਤੀ ਤੇ ਤ੍ਰਿਪਤੀ ਹੁੰਦੀ ਹੈ (ਮਨ ਦੀ ਭੁੱਖ ਮਿਟ ਜਾਂਦੀ ਹੈ ਤੇ ਮਨ ਰੱਜ ਜਾਂਦਾ ਹੈ ਅਤੇ ਨਾਮ ਜਪ ਕੇ) ਮੈਂ ਵਿਸ਼ਿਆਂ ਦੀ ਜਲਨ ਬੁਝਾ ਲਵਾਂ।੨।ਜਦੋਂ ਸੰਤਾਂ ਦੀ ਸਭਾ ਵਾਲੇ ਭਗਤੀ ਕਰਨ, ਮੈਂ ਉਨ੍ਹਾਂ ਨਾਲ ਮਿਲ ਕੇ ਹਰੀ ਦੇ ਗੁਣ ਗਾਵਾਂ।ਮੈਂ ਭਗਤ ਜਨਾਂ ਨੂੰ ਨਮਸ਼ਕਾਰ ਕਰਾਂ ਅਤੇ (ਉਨ੍ਹਾਂ ਦੀ) ਚਰਨ ਧੂੜ ਅਪਣੇ ਮੱਥੇ ਉਤੇ ਲਾਵਾਂ।੩।ਮੈਂ ਉਠਦਿਆਂ ਬੈਠਦਿਆਂ ਹਰੀ ਦਾ ਨਾਮ ਜਪਾਂ, ਇਹ ਕਰਮ ਕਮਾਉਂਦਾ ਰਹਾਂ।ਹੇ ਪ੍ਰਭੂ! ਹੇ ਹਰੀ! ਨਾਨਕ ਦੀ ਬੇਨਤੀ ਹੈ ਕਿ ਮੈਂ ਤੇਰੀ ਸਰਨ ਵਿਚ ਲੀਨ ਰਹਾਂ।੪।੨੧।੫੧।

ਪਦਾਰਥ = ਢੋਵਉ–ਮੈਂ ਢੋਵਾਂ।ਸੀਸ–ਸਿਰ ਉਤੇ।ਕਰ–ਹੱਥਾਂ ਨਾਲ।ਪਗ–ਪੈਰ (ਚਰਨ)।ਪਖਲਾਵਉ–ਮੈਂ ਧੋਵਾਂ।ਬਾਰਿ ਜਾਉ–ਕੁਰਬਾਨ ਜਾਵਾਂ।ਲਖ ਬੇਰੀਆ–ਲੱਖਾਂ ਬਾਰੀ।ਪੇਖਿ–ਦੇਖ ਕੇ।ਜੀਵਾਵਉ–ਜਿਉਂਦਾ ਰਹਾਂ।੧।ਕਰਉ–ਮੈਂ (ਧਾਰਨ) ਕਰਾਂ।ਮਨੋਰਥ–ਮਨ ਦੀ ਇੱਛਾ।ਮਨੈ ਮਾਹਿ–ਮਨ ਵਿਚ।ਤੇ–ਤੋਂ।ਪਾਵਉ–ਪਾ ਲਵਾਂ।ਦੇਉ ਸੂਹਨੀ–ਝਾੜੂ ਦੇਵਾਂ।ਸਾਧ ਕੈ–ਸਾਧੂ ਗੁਰੂ ਦੇ (ਦਰ ਤੇ)। ਬੀਜਨ–ਪੱਖਾ।ਢੋਲਾਵਉ–ਮੈਂ ਝਲਦਾ ਰਹਾਂ।੧।ਰਹਾਉ।ਬੋਲਤੇ–ਉਚਾਰਦੇ ਹਨ।ਸੁਣਿ–ਸੁਣ ਕੇ।ਪੀਲਾਵਉ–ਪਿਲਾਇਆ ਕਰਾਂ। ਮਨਹਿ–ਮਨ ਨੂੰ।ਉਆ ਰਸ ਮਹਿ–ਉਸ ਰਸ ਵਿਚ।ਤ੍ਰਿਪਤਿ–(ਤ੍ਰਿਸ਼ਨਾਂ ਤੋਂ) ਰੱਜ।ਬਿਖੈ ਜਲਨ–ਵਿਸ਼ਿਆਂ ਦੀ ਜਲਨ।ਬੁਝਾਵਉ–ਬੁਝਾ ਲਵਾਂ।੨।ਕਰਹਿ–ਕਰਦੇ ਹਨ।ਸੰਤ ਮੰਡਲੀ–ਸੰਤਾਂ ਦੀ ਸਭਾ।ਤਿਨ ਮਿਲਿ–ਉਨ੍ਹਾਂ ਨਾਲ ਮਿਲ ਕੇ।ਕਰਉ–ਮੈਂ ਕਰਾਂ।ਮੁਖਿ ਲਾਵਉ–ਮੱਥੇ ਉਤੇ ਲਾਵਾਂ।੩।ਜਪਉ–ਮੈਂ ਜਪਾਂ।ਕਮਾਵਉ–ਮੈਂ ਕਮਾਵਾਂ।ਸਰਨਿ ਸਮਾਵਉ–ਸ਼ਰਨ ਵਿਚ ਲੀਨ ਰਹਾਂ।੪।੨੧।੫੧।

ਬਿਲਾਵਲੁ ਮਹਲਾ ੫ ॥ ਇਹੁ ਸਾਗਰੁ ਸੋਈ ਤਰੈ, ਜੋ ਹਰਿ ਗੁਣ ਗਾਏ ॥ ਸਾਧ ਸੰਗਤਿ ਕੈ ਸੰਗਿ ਵਸੈ, ਵਡਭਾਗੀ ਪਾਏ ॥੧॥ (ਹੇ ਭਾਈ! ਵਿਸ਼ੇ ਵਿਕਾਰਾਂ ਦੇ ਪਾਣੀ ਨਾਲ ਭਰਿਆ) ਇਹ ਸੰਸਾਰ ਸਮੁੰਦਰ ਉਹ ਮਨੁੱਖ ਹੀ ਤਰ ਸਕਦਾ ਹੈ, ਜੋ ਹਰੀ ਦੇ ਗੁਣ ਗਾਉਂਦਾ ਹੈ।(ਪਰ ਇਹ ਦਾਤ ਉਹ) ਵੱਡੇ ਭਾਗਾਂ ਵਾਲਾ ਮਨੁੱਖ ਪ੍ਰਾਪਤ ਕਰਦਾ ਹੈ, (ਜਿਹੜਾ) ਸਾਧ ਸੰਗਤ ਦੇ ਨਾਲ ਵਸਦਾ ਹੈ।੧।

ਅੰਗ ੮੧੪ = ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ ॥ ਪ੍ਰਗਟ ਭਈ ਸਭ ਲੋਅ ਮਹਿ, ਸੇਵਕ ਕੀ ਰਾਖੀ ॥੧॥ਰਹਾਉ॥ ਅਗਨਿ ਸਾਗਰ ਤੇ ਕਾਢਿਆ, ਪ੍ਰਭਿ ਜਲਨਿ ਬੁਝਾਈ ॥ ਅੰਮ੍ਰਿਤ ਨਾਮੁ ਜਲੁ ਸੰਚਿਆ, ਗੁਰ ਭਏ ਸਹਾਈ ॥੨॥ ਜਨਮ ਮਰਣ ਦੁਖ ਕਾਟਿਆ, ਸੁਖ ਕਾ ਥਾਨੁ ਪਾਇਆ ॥ ਕਾਟੀ ਸਿਲਕ ਭ੍ਰਮ ਮੋਹ ਕੀ, ਅਪਨੇ ਪ੍ਰਭ ਭਾਇਆ ॥੩॥ ਮਤ ਕੋਈ ਜਾਣਹੁ ਅਵਰੁ ਕਛੁ ,ਸਭ ਪ੍ਰਭ ਕੈ ਹਾਥਿ ॥ ਸਰਬ ਸੂਖ ਨਾਨਕ ਪਾਏ, ਸੰਗਿ ਸੰਤਨ ਸਾਥਿ ॥੪॥੨੨॥੫੨॥ (ਹੇ ਪ੍ਰਭੂ!) ਤੇਰੇ ਭਗਤ ਜਨਾਂ ਦੀ ਉਚਾਰੀ ਬਾਣੀ ਨੂੰ ਸੁਣ ਸੁਣ ਕੇ ਤੇਰਾ ਦਾਸ ਜਿਉਂਦਾ ਹੈ ('ਤੁਮ੍' ਦੇਹੁਰੀ ਦੀਪਕ ਹੈ)। ਸਾਰੇ ਸੰਸਾਰ ਵਿਚ (ਇਹ ਗਲ) ਪ੍ਰਗਟ ਹੋ ਗਈ ਹੈ, (ਕਿ ਤੈਂ ਅਪਣੇ) ਸੇਵਕਾਂ ਦੀ ਪੈਜ ਰੱਖੀ ਹੈ।੧।ਰਹਾਉ।(ਹੇ ਭਾਈ!) ਪ੍ਰਭੂ ਨੇ (ਅਪਣੇ ਸੇਵਕ ਨੂੰ ਵਿਸ਼ਿਆਂ ਦੀ) ਅੱਗ ਦੇ ਸਮੁੰਦਰ ਵਿਚੋਂ ਬਾਹਰ ਕੱਢ ਲਿਆ ਹੈ ਅਤੇ (ਉਸ ਦੀ ਵਿਸ਼ਿਆਂ ਦੀ) ਜਲਨ ਬੁਝਾ ਦਿਤੀ ਹੈ।(ਉਸ ਸੇਵਕ ਦੇ) ਗੁਰੂ ਜੀ ਸਹਾਈ ਹੋਏ ਹਨ, (ਉਸ ਦੇ ਹਿਰਦੇ ਵਿਚ ਗੁਰੂ ਨੇ) ਨਾਮ ਅੰਮ੍ਰਿਤ ਦਾ ਜਲ ਛਿੜਕ ਦਿਤਾ ਹੈ।੨।(ਗੁਰੂ ਦੀ ਕ੍ਰਿਪਾ ਨਾਲ ਸੇਵਕ ਨੇ ਅਪਣੇ) ਜਨਮ ਮਰਨ ਦਾ ਦੁਖ ਕੱਟ ਲਿਆ ਹੈ ਤੇ ਸੁੱਖਾਂ ਦਾ ਸਥਾਨ (ਆਤਮਕ ਟਿਕਾਣਾ) ਪ੍ਰਾਪਤ ਕਰ ਲਿਆ ਹੈ।(ਉਸ ਨੇ ਅਪਣੇ ਅੰਦਰੋਂ) ਭਰਮ ਤੇ ਮੋਹ ਦੀ ਫਾਹੀ ਕੱਟ ਲਈ ਹੈ ਅਤੇ (ਉਹ ਸੇਵਕ) ਅਪਣੇ ਪ੍ਰਭੂ ਨੂੰ ਚੰਗਾ ਲੱਗਣ ਲਗ ਪਿਆ ਹੈ।੩।(ਹੇ ਭਾਈ!) ਮਤਾਂ ਕੋਈ ਸਮਝੋ ਕਿ ਹੋਰ ਮਨੁੱਖ ਕੁਛ ਕਰ ਸਕਦਾ ਹੈ, ਸਭ ਕੁਛ ਪ੍ਰਭੂ ਦੇ ਹੱਥ ਵਿਚ ਹੈ।ਨਾਨਕ ਨੇ ਸਾਰੇ ਸੁਖ ਸੰਤਾਂ ਦੀ ਸੰਗਤ ਵਿਚ, ਸੰਤਾਂ ਦੇ ਨਾਲ ਰਹਿ ਕੇ ਪ੍ਰਾਪਤ ਕਰ ਲਏ ਹਨ।੪।੨੨।੫੨।ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ।(੯੦੯)

ਪਦਾਰਥ = ਸਾਗਰੁ-(ਸੰਸਾਰ) ਸਮੁੰਦਰ।ਸੋਈ-ਉਹ ਹੀ।ਤਰੈ-ਤਰ ਸਕਦਾ ਹੈ।ਗਾਏ-ਗਾਉਂਦਾ ਹੈ।ਕੈ ਸੰਗਿ-ਦੇ ਨਾਲ।ਵਸੈ-ਵਸਦਾ ਹੈ।ਵਡਭਾਗੀ-ਵੱਡੇ ਭਾਗਾਂ ਵਾਲਾ ਮਨੁੱਖ।ਪਾਏ-ਪ੍ਰਾਪਤ ਕਰਦਾ ਹੈ।੧।ਸੁਣਿ-ਸੁਣ ਕੇ।ਜੀਵੈ-ਜਿਉਂਦਾ ਹੈ।ਤੁਮ੍ ਜਨ-ਤੇਰੇ ਭਗਤ ਜਨਾਂ ਦੀ।ਆਖੀ-ਉਚਾਰੀ ਹੋਈ।ਭਈ-ਹੋ ਗਈ।ਸਭ ਲੋਅ ਮਹਿ-ਸਾਰੇ ਸੰਸਾਰ ਵਿਚ।ਕੀ-ਦੀ।ਰਾਖੀ-ਪੈਜ ਰੱਖੀ।੧। ਰਹਾਉ।ਅਗਨਿ-ਅੱਗ ਦਾ।ਤੇ-ਤੋਂ; ਵਿਚੋਂ।ਪ੍ਰਭਿ-ਪ੍ਰਭੂ ਨੇ।ਜਲਨਿ-ਤਪਸ਼।ਬੁਝਾਈ-ਸ਼ਾਂਤ ਕਰ ਦਿਤੀ।ਸੰਚਿਆ-ਛਿੜਕਿਆ। ਭਏ-ਹੋਏ।੨।ਸੁਖ ਕਾ ਥਾਨੁ-ਸੁੱਖਾਂ ਦਾ ਟਿਕਾਣਾ (ਆਤਮਾ; ਸਾਧ ਸੰਗਤ)।ਸਿਲਕ-ਫਾਹੀ।ਭਾਇਆ-ਚੰਗਾ ਲੱਗਾ; ਪਿਆਰਾ ਲੱਗਾ।੩।ਮਤ ਜਾਣੋ-ਮਤਾਂ ਸਮਝੋ।ਅਵਰੁ-ਹੋਰ।ਹਾਥਿ-ਹੱਥ ਵਿਚ।ਸਰਬ-ਸਾਰੇ।ਸਾਥਿ-ਨਾਲ ਰਹਿ ਕੇ।੪।੨੨।੫੨।

ਬਿਲਾਵਲੁ ਮਹਲਾ ੫ ॥ ਬੰਧਨ ਕਾਟੇ ਆਪਿ ਪ੍ਰਭਿ, ਹੋਆ ਕਿਰਪਾਲ ॥ ਦੀਨ ਦਇਆਲ ਪ੍ਰਭ ਪਾਰਬ੍ਰਹਮ, ਤਾ ਕੀ ਨਦਰਿ ਨਿਹਾਲ ॥੧॥ ਗੁਰਿ ਪੂਰੈ ਕਿਰਪਾ ਕਰੀ, ਕਾਟਿਆ ਦੁਖੁ ਰੋਗੁ ॥ ਮਨੁ ਤਨੁ ਸੀਤਲੁ ਸੁਖੀ ਭਇਆ, ਪ੍ਰਭ ਧਿਆਵਨ ਜੋਗੁ ॥੧॥ਰਹਾਉ॥ ਅਉਖਧੁ ਹਰਿ ਕਾ ਨਾਮੁ ਹੈ, ਜਿਤੁ ਰੋਗੁ ਨ ਵਿਆਪੈ ॥ ਸਾਧ ਸੰਗਿ ਮਨਿ ਤਨਿ ਹਿਤੈ, ਫਿਰਿ ਦੂਖੁ ਨ ਜਾਪੈ ॥੨॥ ਹਰਿ ਹਰਿ ਹਰਿ ਹਰਿ ਜਾਪੀਐ, ਅੰਤਰਿ ਲਿਵ ਲਾਈ ॥ ਕਿਲਵਿਖ ਉਤਰਹਿ ਸੁਧੁ ਹੋਇ, ਸਾਧੂ ਸਰਣਾਈ ॥੩॥ ਸੁਨਤ ਜਪਤ ਹਰਿ ਨਾਮ ਜਸੁ ,ਤਾ ਕੀ ਦੂਰਿ ਬਲਾਈ ॥ ਮਹਾ ਮੰਤ੍ਰੁ ਨਾਨਕੁ ਕਥੈ, ਹਰਿ ਕੇ ਗੁਣ ਗਾਈ ॥੪॥੨੩॥੫੩॥ (ਹੇ ਭਾਈ! ਜਿਸ ਮਨੁੱਖ ਉਤੇ ਪ੍ਰਭੂ) ਕ੍ਰਿਪਾਲੂ ਹੋਇਆ ਹੈ, ਪ੍ਰਭੂ ਨੇ ਆਪ (ਉਸ ਦੇ ਸਾਰੇ) ਬੰਧਨ ਕੱਟ ਦਿਤੇ ਹਨ।ਜੋ ਪਾਰਬ੍ਰਹਮ ਪ੍ਰਭੂ ਦੀਨਾਂ ਉਤੇ ਦਇਆ ਕਰਨ ਵਾਲਾ ਹੈ, ਉਸ ਦੀ ਮੇਹਰ ਦੀ ਨਜਰ ਨਾਲ (ਸੇਵਕ) ਨਿਹਾਲ ਹੋ ਗਿਆ ਹੈ।੧।(ਹੇ ਭਾਈ! ਜਿਸ ਮਨੁੱਖ ਉਤੇ) ਪੂਰੇ ਗੁਰੂ ਨੇ ਕ੍ਰਿਪਾ ਕੀਤੀ ਹੈ, (ਗੁਰੂ ਨੇ ਉਸ ਦਾ ਹਰੇਕ) ਦੁਖ ਤੇ ਰੋਗ ਕੱਟ ਦਿਤਾ ਹੈ।ਧਿਆਵਨ ਯੋਗ ਪ੍ਰਭੂ ਦਾ ਧਿਆਨ ਕਰਨ ਨਾਲ (ਸੇਵਕ ਦਾ) ਮਨ ਤੇ ਤਨ ਸੀਤਲ ਅਤੇ ਸੁਖੀ ਹੋ ਗਿਆ ਹੈ।੧।ਰਹਾਉ।(ਹੇ ਭਾਈ!) ਹਰੀ ਦਾ ਨਾਮ (ਇਕ ਸ੍ਰੇਸਟ) ਦਵਾਈ ਹੈ, ਜਿਸ ਨੂੰ ਖਾਣ (ਜਪਣ) ਨਾਲ ਰੋਗ ਨਹੀਂ ਲਗਦਾ।ਮਨ ਤੇ ਤਨ ਵਿਚ ਸਾਧ ਸੰਗਤ ਦੁਆਰਾ (ਜਦੋਂ) ਹਰੀ ਦਾ ਨਾਮ ਪਿਆਰਾ ਲੱਗਣ ਲਗ ਜਾਵੇ, ਤਾਂ ਫਿਰ (ਕੋਈ) ਦੁਖ ਪ੍ਰਤੀਤ ਨਹੀਂ ਹੁੰਦਾ।੨।(ਹੇ ਭਾਈ!) ਹਿਰਦੇ ਅੰਦਰ ਸੁਰਤ ਜੋੜ ਕੇ ਹਰੀ ਦਾ ਹਰਿ ਹਰਿ ਨਾਮ ਜਪਣਾ ਚਾਹੀਦਾ ਹੈ। ਸਾਧੂ ਗੁਰੂ ਦੀ ਸ਼ਰਣ ਵਿਚ ਆਉਣ ਨਾਲ ਪਾਪ ਉਤਰ ਜਾਂਦੇ ਹਨ ਅਤੇ (ਮਨ) ਪਵਿਤ੍ਰ ਹੋ ਜਾਂਦਾ ਹੈ।੩।(ਹੇ ਭਾਈ! ਜਿਹੜਾ ਮਨੁੱਖ) ਹਰੀ ਦਾ ਨਾਮ ਜਪਦਾ ਹੈ ਅਤੇ ਹਰੀ ਦਾ ਜਸ ਸੁਣਦਾ ਹੈ, ਉਸ ਦੀ ਬਲਾ (ਹਰੇਕ ਬਿਪਤਾ) ਦੂਰ ਹੋ ਜਾਂਦੀ ਹੈ।(ਦੁਖ ਤੇ ਰੋਗ ਕੱਟਣ ਲਈ ਸਤਿਨਾਮ ਵਾਹਿਗੁਰੂ) ਮਹਾਂ ਮੰਤ੍ਰ ਨਾਨਕ ਕਥਨ ਕਰਦਾ ਹੈ ਅਤੇ ਹਰੀ ਦੇ ਗੁਣ ਗਾਉਂਦਾ ਹੈ।੪।੨੩।੫੩।

ਪਦਾਰਥ = ਪ੍ਰਭਿ-ਪ੍ਰਭੂ ਨੇ।ਦੀਨ ਦਇਆਲ-ਗਰੀਬਾਂ ਉਤੇ ਦਇਆ ਕਰਨ ਵਾਲਾ।ਤਾ ਕੀ-ਉਸ ਦੀ।ਨਦਰਿ-ਮੇਹਰ ਦੀ ਨਜਰ ਨਾਲ।ਨਿਹਾਲ-ਸੁਖੀ; ਪ੍ਰਸੰਨ।੧।ਗੁਰਿ ਪੂਰੈ-ਪੂਰੇ ਗੁਰੂ ਨੇ।ਕਰੀ-ਕੀਤੀ।ਸੀਤਲੁ-ਠੰਢਾ; ਸ਼ਾਂਤ।ਭਇਆ-ਹੋਇਆ।੧।ਰਹਾਉ। ਅਉਖਧੁ-ਦਵਾਈ।ਜਿਤੁ-ਜਿਸ ਨੂੰ।ਨ ਵਿਆਪੈ-ਨਹੀਂ ਲਗਦਾ।ਸਾਧ ਸੰਗਿ-ਸਾਧ ਸੰਗਤ ਦੁਆਰਾ।ਮਨਿ-ਮਨ ਵਿਚ।ਤਨਿ-ਸਰੀਰ

ਵਿਚ।ਹਿਤੈ–ਪਿਆਰਾ ਲਗਦਾ ਹੈ।ਫਿਰਿ–ਮੁੜ ਕੇ।ਨ ਜਾਪੈ–ਪ੍ਰਤੀਤ ਨਹੀਂ ਹੁੰਦਾ।੨।ਹਰਿ ਹਰਿ ਹਰਿ ਹਰਿ–ਹਰੇਕ ਨੂੰ ਹਰਿਆ ਕਰਨ ਵਾਲਾ ਹਰੀ ਦਾ ਨਾਮ (ਸੰ.ਸ.; ਟਕਸਾਲ)।ਜਾਪੀਐ–ਜਪਣਾ ਚਾਹੀਦਾ ਹੈ।ਅੰਤਰਿ–ਹਿਰਦੇ ਅੰਦਰ।ਲਿਵ ਲਾਈ–ਸੁਰਤ ਜੋੜ ਕੇ।ਕਿਲਵਿਖ–ਪਾਪ।ਉਤਰਹਿ–ਲਾਹਿ ਜਾਂਦੇ ਹਨ।ਸੁਧੁ–ਸ਼ੁੱਧ (ਪਵਿਤ੍ਰ)।ਸਾਧੂ–ਸ੍ਰੇਸਟ ਗੁਰੂ।੩।ਸੁਨਤ–ਸੁਣਦਾ ਹੈ।ਜਪਤ–ਜਪਦਾ ਹੈ।ਬਲਾਈ–ਬਲਾ (ਬਿਪਤਾ)।ਮਹਾ ਮੰਤ੍ਰੁ–ਸਭ ਤੋਂ ਵੱਡਾ ਮੰਤ੍ਰ।ਕਥੈ।ਕਥਨ ਕਰਦਾ ਹੈ।ਗਾਈ–ਗਾਉਂਦਾ ਹੈ।੪।੨੩।੫੩।

ਬਿਲਾਵਲੁ ਮਹਲਾ ੫ ॥ ਭੈ ਤੇ ਉਪਜੈ ਭਗਤਿ ਪ੍ਰਭ, ਅੰਤਰਿ ਹੋਇ ਸਾਂਤਿ ॥ ਨਾਮੁ ਜਪਤ ਗੋਵਿੰਦ ਕਾ, ਬਿਨਸੈ ਭ੍ਰਮ ਭ੍ਰਾਂਤਿ ॥੧॥ ਗੁਰੁ ਪੂਰਾ ਜਿਸੁ ਭੇਟਿਆ, ਤਾ ਕੈ ਸੁਖਿ ਪਰਵੇਸੁ ॥ ਮਨ ਕੀ ਮਤਿ ਤਿਆਗੀਐ, ਸੁਣੀਐ ਉਪਦੇਸੁ ॥੧॥ਰਹਾਉ॥ ਸਿਮਰਤ ਸਿਮਰਤ ਸਿਮਰੀਐ, ਸੋ ਪੁਰਖੁ ਦਾਤਾਰੁ ॥ ਮਨ ਤੇ ਕਬਹੁ ਨ ਵੀਸਰੈ, ਸੋ ਪੁਰਖੁ ਅਪਾਰੁ ॥੨॥ ਚਰਨ ਕਮਲ ਸਿਉ ਰੰਗੁ ਲਗਾ, ਅਚਰਜ ਗੁਰਦੇਵ ॥ ਜਾ ਕਉ ਕਿਰਪਾ ਕਰਹੁ ਪ੍ਰਭ, ਤਾ ਕਉ ਲਾਵਹੁ ਸੇਵ ॥੩॥ ਨਿਧਿ ਨਿਧਾਨ ਅੰਮ੍ਰਿਤੁ ਪੀਆ, ਮਨਿ ਤਨਿ ਆਨੰਦ ॥ ਨਾਨਕ ਕਬਹੁ ਨ ਵੀਸਰੈ, ਪ੍ਰਭ ਪਰਮਾਨੰਦ ॥੪॥੨੪॥੫੪॥ (ਹੇ ਭਾਈ! ਪ੍ਰਭੂ ਦੇ) ਡਰ ਤੋਂ ਪ੍ਰਭੂ ਦੀ ਭਗਤੀ ਪੈਦਾ ਹੁੰਦੀ ਹੈ ਅਤੇ (ਭਗਤੀ ਕਰਕੇ) ਹਿਰਦੇ ਅੰਦਰ ਸ਼ਾਂਤੀ ਪ੍ਰਾਪਤ ਹੁੰਦੀ ਹੈ {ਨਾਨਕ ਜਿਨ੍ ਮਨਿ ਭਉ ਤਿਨ੍ ਮਨਿ ਭਾਉ ੪੬੫}।ਗੋਬਿੰਦਾ ਦਾ ਨਾਮ ਜਪਦਿਆਂ ਭਰਮ ਭੁਲੇਖਾ ਨਾਸ਼ ਹੋ ਜਾਂਦਾ ਹੈ।੧।(ਹੇ ਭਾਈ!) ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਗਿਆ ਹੈ, ਉਸ ਦੇ ਹਿਰਦੇ ਵਿਚ ਸੁਖ ਨੇ ਪ੍ਰਵੇਸ਼ ਕਰ ਲਿਆ ਹੈ (ਉਹ ਸੁਖੀ ਰਹਿੰਦਾ ਹੈ।ਇਸ ਲਈ ਹੇ ਭਾਈ!) ਮਨ ਦੀ ਮੱਤ ਛਡ ਦੇਣੀ ਚਾਹੀਦੀ ਹੈ ਅਤੇ (ਪੂਰੇ ਗੁਰੂ ਦਾ) ਉਪਦੇਸ਼ ਸੁਣਨਾ ਚਾਹੀਦਾ ਹੈ।੧।ਰਹਾਉ।(ਹੇ ਭਾਈ!) ਉਹ ਜੋ ਅਕਾਲ ਪੁਰਖ (ਸਾਰੇ ਜੀਵਾਂ ਨੂੰ) ਦਾਤਾਂ ਦੇਣ ਵਾਲਾ ਹੈ, (ਉਸ ਨੂੰ) ਸਦਾ ਸਿਮਰਦੇ ਰਹਿਣਾ ਚਾਹੀਦਾ ਹੈ।(ਉਦਮ ਕਰੀਏ ਕਿ ਉਹ) ਬੇਅੰਤ ਅਕਾਲ ਪੁਰਖ ਮਨ ਤੋਂ ਕਦੇ ਨਾ ਭੁੱਲੇ।੨।(ਹੇ ਭਾਈ!) ਗੁਰਦੇਵ ਅਸਚਰਜ ਹੈ, (ਜਿਸ ਦੇ ਰਾਹੀਂ) ਪ੍ਰਭੂ ਦੇ ਚਰਨ ਕਮਲਾਂ ਨਾਲ ਪ੍ਰੇਮ ਲੱਗਾ ਹੈ।ਹੇ ਪ੍ਰਭੂ! ਜਿਸ ਮਨੁੱਖ ਉਤੇ ਤੁਸੀਂ ਕ੍ਰਿਪਾ ਕਰਦੇ ਹੋ, ਉਸ ਨੂੰ (ਸਤਿਗੁਰੂ ਰਾਹੀਂ ਅਪਣੀ) ਸੇਵਾ ਵਿਚ ਲਾ ਲੈਂਦੇ ਹੋ।੩।(ਹੇ ਭਾਈ! ਜਿਸ ਮਨੁੱਖ ਨੇ) ਨਿਧੀਆਂ ਦਾ ਭੰਡਾਰ ਨਾਮ ਅੰਮ੍ਰਿਤ ਪੀਤਾ ਹੈ, (ਉਸ ਦੇ) ਮਨ ਵਿਚ ਤੇ ਸਰੀਰ ਵਿਚ ਅਨੰਦ ਬਣਿਆ ਰਹਿੰਦਾ ਹੈ।ਹੇ ਨਾਨਕ! (ਅਰਦਾਸ ਕਰ ਕਿ) ਪਰਮ ਅਨੰਦ ਸਰੂਪ ਪ੍ਰਭੂ (ਮਨ ਵਿਚੋਂ) ਕਦੇ ਵੀ ਨਾ ਭੁੱਲੇ।੪।੨੪।੫੪।

ਪਦਾਰਥ = ਭੈ ਤੇ–ਡਰ ਤੋਂ।ਅੰਤਰਿ–ਹਿਰਦੇ ਅੰਦਰ।ਬਿਨਸੈ–ਨਾਸ਼ ਹੋ ਜਾਂਦੀ ਹੈ।ਭ੍ਰਾਂਤਿ–ਗਲਤ ਫਹਿਮੀ; ਝੂਠੀ ਸਮਝ।੧।ਭੇਟਿਆ –ਮਿਲਿਆ ਹੈ।ਤਾ ਕੈ–ਉਸ ਦੇ (ਹਿਰਦੇ ਵਿਚ)।ਸੁਖਿ–ਸੁੱਖ ਨੇ।ਮਤਿ–ਅਕਲ।ਤਿਆਗੀਐ–ਛਡ ਦੇਣੀ ਚਾਹੀਦੀ ਹੈ।੧।ਰਹਾਉ। ਸੋ–ਉਹ।ਪੁਰਖੁ–ਸਰਬ ਵਿਆਪਕ ਪ੍ਰਭੂ।ਦਾਤਾਰੁ–ਦਾਤਾਂ ਦੇਣ ਵਾਲਾ।ਤੇ–ਤੋਂ।ਕਬਹੁ–ਕਦੇ ਵੀ।ਨ ਵੀਸਰੈ–ਨਾ ਭੁੱਲੇ।ਪੁਰਖ–ਸਰਬ ਵਿਆਪਕ ਪ੍ਰਭੂ।ਅਪਾਰੁ–ਬੇਅੰਤ।੨।ਸਿਉ–ਨਾਲ।ਰੰਗੁ ਲਗਾ–ਪ੍ਰੇਮ ਲੱਗਾ ਹੈ।ਜਾ ਕਉ–ਜਿਸ ਉਤੇ।ਕਰਹੁ–ਕਰਦੇ ਹੋ।ਪ੍ਰਭ–ਹੇ ਪ੍ਰਭੂ!।ਤਾ ਕਉ–ਉਸ ਨੂੰ।ਲਾਵਹੁ ਸੇਵ–ਸੇਵਾ ਵਿਚ ਲਾ ਲੈਂਦੇ ਹੋ।੩।ਨਿਧਿ ਨਿਧਾਨ–ਨਿਧੀਆਂ ਦਾ ਖਜਾਨਾ।ਪੀਆ–ਪੀਤਾ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਕਬਹੁ–ਕਦੇ ਵੀ।ਪਰਮਾਨੰਦ–ਮਹਾਨ ਅਨੰਦ ਦੇਣ ਵਾਲਾ ਪ੍ਰਭੂ।੪।੨੪।੫੪।

ਬਿਲਾਵਲੁ ਮਹਲਾ ੫ ॥ ਤ੍ਰਿਸਨ ਬੁਝੀ ਮਮਤਾ ਗਈ, ਨਾਠੇ ਭੈ ਭਰਮਾ ॥ ਥਿਤਿ ਪਾਈ ਆਨਦੁ ਭਇਆ, ਗੁਰਿ ਕੀਨੇ ਧਰਮਾ ॥੧॥ ਗੁਰੁ ਪੂਰਾ ਆਰਿਧਿਆ, ਬਿਨਸੀ ਮੇਰੀ ਪੀਰ ॥ ਤਨੁ ਮਨੁ ਸਭੁ ਸੀਤਲੁ ਭਇਆ, ਪਾਇਆ ਸੁਖੁ ਬੀਰ ॥੧॥ਰਹਾਉ॥ ਸੋਵਤ ਹਰਿ ਜਪਿ ਜਾਗਿਆ, ਪੇਖਿਆ ਬਿਸਮਾਦੁ ॥ ਪੀ ਅੰਮ੍ਰਿਤੁ ਤ੍ਰਿਪਤਾਸਿਆ, ਤਾ ਕਾ ਅਚਰਜ ਸੁਆਦੁ ॥੨॥ ਆਪਿ ਮੁਕਤੁ ਸੰਗੀ ਤਰੇ, ਕੁਲ ਕੁਟੰਬ ਉਧਾਰੇ ॥ ਸਫਲ ਸੇਵਾ ਗੁਰਦੇਵ ਕੀ, ਨਿਰਮਲ ਦਰਬਾਰੇ ॥੩॥ ਨੀਚੁ ਅਨਾਥੁ ਅਜਾਨੁ ਮੈ, ਨਿਰਗੁਨੁ ਗੁਣ ਹੀਨੁ ॥ ਨਾਨਕ ਕਉ ਕਿਰਪਾ ਭਈ, ਦਾਸੁ ਅਪਨਾ ਕੀਨੁ ॥੪॥੨੫॥ ੫੫॥ (ਹੇ ਭਾਈ! ਜਿਸ ਮਨੁੱਖ ਨੂੰ) ਗੁਰੂ ਨੇ ਧਰਮੀ ਬਣਾ ਦਿਤਾ ਹੈ; (ਜਿਸ ਮਨੁੱਖ ਉਤੇ) ਗੁਰੂ ਨੇ ਪਰਉਪਕਾਰ ਕੀਤਾ ਹੈ, (ਉਸ ਦੀ) ਤ੍ਰਿਸ਼ਨਾ ਦੀ ਅੱਗ ਬੁਝ ਗਈ, (ਪਦਾਰਥਾਂ ਦੀ) ਮਮਤਾ ਮਿਟ ਗਈ ਹੈ, (ਮੌਤ ਦਾ) ਡਰ ਅਤੇ ਭਰਮ ਆਦਿ ਸਭ ਨੱਠ ਗਏ ਹਨ।(ਉਸ ਨੂੰ ਮਾਨਸਕ) ਟਿਕਾਉ ਅਤੇ ਅਨੰਦ ਪ੍ਰਾਪਤ ਹੋ ਗਿਆ ਹੈ।੧।ਹੇ ਭਾਈ! (ਜਿਸ ਮਨੁੱਖ ਨੇ) ਪੂਰੇ ਗੁਰੂ ਨੂੰ ਯਾਦ ਕੀਤਾ ਹੈ, (ਉਸ ਦੀ) ਮੈ ਮੇਰੀ ਵਾਲੀ ਪੀੜ ਨਾਸ਼ ਹੋ ਗਈ ਹੈ।(ਉਸ ਦਾ) ਤਨ ਤੇ ਮਨ ਸੀਤਲ ਹੋ ਗਿਆ ਹੈ ਅਤੇ ਉਸ ਨੇ ਸੁਖ ਪ੍ਰਾਪਤ ਕਰ ਲਿਆ ਹੈ।੧।ਰਹਾਉ।(ਜਿਸ ਮਨੁੱਖ ਦਾ ਮਨ ਅਗਿਆਨਤਾ ਦੀ ਨੀਂਦ ਵਿਚ) ਸੁੱਤਾ ਹੋਇਆ ਸੀ, ਹਰੀ ਦਾ ਨਾਮ ਜਪ ਕੇ (ਉਹ ਗਿਆਨ ਅਵਸਥਾ ਵਿਚ) ਜਾਗ ਪਿਆ ਹੈ ਅਤੇ (ਉਸ ਨੇ) ਅਸਚਰਜ ਰੂਪ ਪ੍ਰਭੂ ਨੂੰ ਦੇਖ ਲਿਆ ਹੈ।ਉਹ ਨਾਮ ਰੂਪ ਅੰਮ੍ਰਿਤ ਪੀ ਕੇ ਰੱਜ ਗਿਆ ਹੈ, ਉਸ (ਨਾਮ ਅੰਮ੍ਰਿਤ) ਦਾ ਸੁਆਦ ਅਸਚਰਜ ਹੈ।੨।

(ਨਾਮ ਜਪ ਕੇ ਉਹ ਮਨੁੱਖ) ਆਪ ਵੀ ਮੁਕਤ ਹੋ ਗਿਆ ਹੈ ਅਤੇ (ਉਸ ਦੇ) ਸੰਗੀ ਵੀ ਤਰ ਗਏ ਹਨ ਅਤੇ (ਉਸ ਨੇ ਅਪਣੇ) ਖਾਨਦਾਨ ਤੇ ਪ੍ਰਵਾਰ (ਸਾਰੇ ਜੀਵ ਭਵਜਲ ਤੋਂ) ਤਾਰ ਲਏ ਹਨ। ਗੁਰੂ ਦੀ ਸੇਵਾ ਫਲ ਦੇਣ ਵਾਲੀ ਹੈ ਅਤੇ (ਗੁਰੂ ਦਾ) ਦਰਬਾਰ ਵੀ ਪਵਿਤ੍ਰ ਹੈ; (ਗੁਰੂ ਦੀ ਸੇਵਾ ਦਾ ਸਦਕਾ ਮਨੁੱਖ ਦਾ ਮੁਖ) ਪ੍ਰਭੂ ਦੇ ਦਰਬਾਰ ਵਿਚ ਉਜਲਾ ਹੁੰਦਾ ਹੈ।੩।(ਹੇ ਭਾਈ!) ਮੈਂ ਨੀਚ, ਅਨਾਥ, ਅਣਜਾਣ ਅਤੇ ਗੁਣਾਂ ਤੋਂ ਹੀਨ ਨਿਰਗੁਣ ਸਾਂ।(ਗੁਰੂ ਦੀ ਸੇਵਾ ਦਾ ਸਦਕਾ) ਨਾਨਕ ਉਤੇ ਪ੍ਰਭੂ ਦੀ ਕ੍ਰਿਪਾ ਹੋਈ, (ਉਸ ਪ੍ਰਭੂ ਨੇ ਮੈਨੂੰ) ਅਪਣਾ ਦਾਸ ਬਣਾ ਲਿਆ ਹੈ।੪।੨੫।੫੫।

ਪਦਾਰਥ = ਮਮਤਾ–ਅਪਣੱਤ। ਨਾਠੇ–ਨੱਠ ਗਏ। ਭੈ–ਡਰ। ਥਿਤਿ ਪਾਈ–ਟਿਕਾਉ ਪ੍ਰਾਪਤ ਕਰ ਲਿਆ। ਭਇਆ–ਹੋ ਗਿਆ। ਗੁਰਿ–ਗੁਰੂ ਨੇ। ਕੀਨੇ ਧਰਮਾ–ਧਰਮੀ ਬਣਾ ਦਿਤਾ; ਧਰਮ ਨਿਬਾਹਿਆ।੧। ਬਿਨਸੀ–ਨਾਸ਼ ਹੋ ਗਈ। ਮੇਰੀ ਪੀਰ–ਮੈਂ ਮੇਰੀ ਵਾਲੀ ਪੀੜ। ਤਨੁ–ਸਰੀਰ। ਬੀਰ–ਹੇ ਭਾਈ!।੧। ਰਹਾਉ। ਸੋਵਤ–ਸੁੱਤਾ ਹੋਇਆ। ਜਪਿ–ਜਪ ਕੇ। ਪੇਖਿਆ–ਦੇਖਿਆ। ਬਿਸਮਾਦੁ–ਅਸਚਰਜ ਰੂਪ ਪ੍ਰਭੂ ਨੂੰ। ਪੀ–ਪੀ ਕੇ। ਤ੍ਰਿਪਤਾਸਿਆ–ਰੱਜ ਗਿਆ। ਤਾ ਕਾ–ਉਸ ਦਾ।੨। ਮੁਕਤੁ–ਜਨਮ ਮਰਨ ਤੋਂ ਰਹਿਤ। ਸੰਗੀ–ਸਾਥੀ। ਤਰੇ–ਤਰ ਗਏ। ਕੁਲ–ਖਾਨਦਾਨ। ਕੁਟੰਬ–ਪ੍ਰਵਾਰ। ਉਧਾਰੇ–(ਭਵਜਲ ਤੋਂ) ਤਾਰ ਦਿਤੇ। ਨਿਰਮਲ–ਪਵਿਤ੍ਰ; ਉਜਲ। ਦਰਬਾਰੇ–ਦਰਬਾਰ ਵਿਚ।੩। ਅਜਾਨੁ–ਅਣਜਾਣ। ਨਾਨਕ ਕਉ–ਨਾਨਕ ਉਤੇ। ਭਈ–ਹੋਈ। ਕੀਨੁ–ਕਰ (ਬਣਾ) ਲਿਆ।੪।੨੫।੫੫।